On our English language New Website
WWW.PREETNEWS.COM
preetnews2020@gmail.com

PREETNAMA
ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ    Online and Print Media    +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ
www.preetnama.com

ਸਾਲ 4, ਅੰਕ 127, ਮਿਤੀ : 17 ਨਵੰਬਰ ਤੋਂ 23 ਨਵੰਬਰ, 2021    ਵੈਬਸਾਈਟ : www.preetnama.com ਈਮੇਲ preetnamausa@gmail.com

ਅਦਾਰਾ ਪ੍ਰੀਤ ਨਾਮਾ ਵੱਲੋਂ ਆਪ ਸਭ ਨੂੰ
ਸ੍ਰੀ ਗੁਰੂ ਨਾਨਕ ਦੇਵ ਜੀ ਦੇ **ਪ੍ਰਕਾਸ਼ ਪੁਰਬ**
ਦੀਆਂ ਲੱਖ ਲੱਖ ਵਧਾਈਆਂ

# ਕਰਤਾਰਪੁਰ ਲਾਂਘਾ

## ਕਰਤਾਰਪੁਰ ਸਾਹਿਬ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਕੀ ਹੈ



ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਲਏ ਫੈਸਲੇ ਤੋਂ ਬਾਅਦ 17 ਨਵੰਬਰ ਯਾਨਿ ਕਿ ਅੱਜ ਤੋਂ ਕਰਤਾਰਪੁਰ ਸਾਹਿਬ ਲਾਂਘਾ ਮੁੜ ਖੁੱਲ੍ਹ ਗਿਆ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਬੀਤੇ ਦਿਨੀਂ ਇੱਕ ਟਵੀਟ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਸੀ। ਮੋਦੀ ਸਰਕਾਰ ਨੇ ਇਹ ਫੈਸਲਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੁਰਬ, ਜੋ 19 ਨਵੰਬਰ ਨੂੰ ਮਨਾਇਆ ਜਾ ਰਿਹਾ ਹੈ, ਦੇ ਸਮਾਗਮਾਂ ਮੌਕੇ ਲਿਆ ਹੈ।ਕੇਂਦਰੀ ਗ੍ਰਹਿ ਮੰਤਰੀ ਨੇ ਆਪਣੇ ਟਵੀਟ ਵਿਚ ਕਿਹਾ ਕਿ ਜਦੋਂ ਅਸੀਂ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾ ਰਹੇ ਹਾਂ, ਅਜਿਹੇ ਵਿਚ ਮੋਦੀ ਸਰਕਾਰ ਦਾ ਇਹ ਫੈਸਲਾ ਸਿੱਖ ਭਾਈਚਾਰੇ ਦੀਆਂ ਖ਼ੁਸੀਆਂ ਨੂੰ ਹੋ ਵਾਧਾ ਦੇਵੇਗਾ।

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਹੋਰ ਸਿੱਖ ਸੰਗਠਨ ਲਾਂਘਾ ਖੋਲ੍ਹਣ ਦੀ ਲਗਾਤਾਰ ਮੰਗ ਕਰਦੇ ਰਹੇ ਹਨ।

**ਕਰਤਾਰਪੁਰ ਸਾਹਿਬ ਦੀ ਮਹੱਤਤਾ**

ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਭਾਰਤ ਦੀ ਸਰਹੱਦ ਤੋਂ ਚਾਰ ਕਿੱਲੋਮੀਟਰ ਦੂਰ ਹੈ। ਇਹ ਪਾਕਿਸਤਾਨ ਦੇ ਨਾਰੋਵਾਲ ਜਲ੍ਹਿੇ ਵਿੱਚ ਹੈ, ਜੋ ਲਾਹੌਰ ਤੋਂ 130 ਕਿਲੋਮੀਟਰ ਦੂਰ ਹੈ। ਨਾਰੋਵਾਲ ਦੀ ਤਹਿਸੀਲ ਸੱਕਰਗੜ੍ਹ ਵਿੱਚ ਸਥਿਤ ਸਿੱਖਾਂ ਦਾ ਇਹ ਧਾਰਮਿਕ ਸਥਾਨ ਭਾਰਤ ਅਤੇ ਪਾਕਿਸਤਾਨ ਦੀਆਂ ਖਬਰਾਂ ਦੇ ਕੇਂਦਰ ਵਿਚ ਰਿਹਾ ਹੈ। ਕਰਤਾਰਪੁਰ ਸਾਹਿਬ ਅਸਥਾਨ ਦਾ ਸਬੰਧ ਪਹਿਲੀ ਪਾਤਸਾਹੀ ਗੁਰੂ ਨਾਨਕ ਦੇਵ ਜੀ ਨਾਲ ਹੈ। ਇੱਥੇ ਉਨ੍ਹਾਂ ਆਪਣੀ ਜੀਂਦਗੀ ਦੇ ਆਖਰੀ ਸਾਲ ਗੁਜਾਰੇ ਸਨ। ਉਨ੍ਹਾਂ ਨੇ ਰਾਵੀ ਦਰਿਆ ਦੇ ਕੰਢੇ ਇਹ ਨਗਰ ਵਸਾਇਆ ਅਤੇ ਇੱਥੇ ਖੇਤੀ ਕਰਕੇ ਗੁਰੂ ਨਾਨਕ ਦੇਵ ਜੀ ਨੇ "ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ" ਦਾ ਫਲਸਫਾ ਦਿੱਤਾ ਸੀ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਵੱਲੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਵੀ ਇਸ ਸਥਾਨ 'ਤੇ ਹੀ ਸੌਂਪੀ ਗਈ ਸੀ, ਜਿਨ੍ਹਾਂ ਨੂੰ ਦੂਜੀ ਪਾਤਸਾਹੀ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਆਖਰਿ 'ਚ ਗੁਰੂ ਨਾਨਕ ਦੇਵ ਜੀ ਇਸੇ ਸਥਾਨ 'ਤੇ ਹੀ ਜੋਤੀ ਜੋਤ ਸਮਾਏ ਸਨ।

ਕਰਤਾਰਪੁਰ ਸਾਹਿਬ ਪਾਕਿਸਤਾਨ ਵਿਚ ਹੈ ਅਤੇ ਦੋਵਾਂ ਮੁਲਕਾਂ ਨੇ ਨਾਨਕ ਨਾਮ ਲੇਵਾ ਦੀ ਸਹੂਲਤ ਲਈ ਭਾਰਤ ਦੇ ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਵਿਚਾਲੇ ਨਵੰਬਰ 2019 ਵਿਚ ਕੋਰੀਡੋਰ ਦਾ ਉਦਘਾਟਨ ਹੋਇਆ ਸੀ। ਪਰ ਮਾਰਚ 2020 ਵਿਚ ਕੋਰਨਾ ਮਹਾਮਾਰੀ ਫੈਲਣ ਤੋਂ ਬਾਅਦ ਕਰਤਾਰਪੁਰ ਸਾਹਿਬ ਲਾਂਘਾ ਬੰਦ ਕਰ ਦਿੱਤਾ ਗਿਆ ਸੀ।


**ਕਰਤਾਰਪੁਰ ਲਾਂਘਾ ਖੋਲ੍ਹਣ 'ਤੇ ਧੰਨਵਾਦ**

ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਗੁਰਦਾਸਪੁਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸੀ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਲਾਂਘਾ ਖੁੱਲ੍ਹ ਰਿਹਾ ਹੈ ਅਤੇ ਅਸੀਂ ਵੀ ਆਪਣੀ ਕੈਬਨਿਟ ਦਾ ਜਥਾ ਲੈ ਕੇ ਜਾਵਾਂਗੇ। ਉਨ੍ਹਾਂ ਇਸ ਦੌਰਾਨ ਨਰਿੰਦਰ ਮੋਦੀ ਅਤੇ ਅਮਿਤ ਸਾਹ ਦਾ ਧੰਨਵਾਦ ਕੀਤਾ। ਭਾਰਤ ਸਰਕਾਰ ਦੇ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਐਲਾਨ ਦੇ ਨਾਲ ਹੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਟਵੀਟ ਰਾਹੀਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਲਿਖਿਆ, "ਕਰਤਾਰਪੁਰ ਕੋਰੀਡੋਰ ਦੇ ਸਮੇਂ ਰਹਿੰਦਿਆਂ ਖੋਲ੍ਹਣ ਬਾਬਤ ਮੈਂ ਪੀਐਮ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸਾਹ ਦਾ ਧੰਨਵਾਦ ਕਰਦਾ ਹਾਂ। ਇਹ ਹਜਾਰਾਂ ਸਰਧਾਲੂਆਂ ਨੂੰ ਗੁਰੂ ਪੁਰਬ ਮੌਕੇ ਗੁਰੂ ਨਾਨਕ ਦੇਵ ਜੀ ਨਾਲ ਜੁੜੀ ਪਵਿੱਤਰ ਥਾਂ ਉੱਤੇ ਨਤਮਸਤਕ ਹੋਣ ਦਾ ਮੌਕਾ ਦੇਵੇਗਾ।" ਇਸ ਦੇ ਨਾਲ ਹੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਪੰਜਾਬ ਕੈਬਨਿਟ ਦੇ ਲੋਕ ਇੱਕ ਜਥੇ ਦੇ ਰੂਪ ਵਿੱਚ 18 ਨਵੰਬਰ ਨੂੰ ਕਰਤਾਰਪੁਰ ਲਾਂਘਾ ਜਾਣਗੇ।

ਨਵਜੋਤ ਸਿੰਘ ਸਿੱਧੂ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਨੂੰ ਇੱਕ ਨਾਯਾਬ ਤੋਹਫਾ ਦੱਸਿਆ। ਉਨ੍ਹਾਂ ਕਿਹਾ, "ਮੈਂ ਸਲਾਘਾ ਕਰਦਾ ਹਾਂ ਸਰਕਾਰ ਦੀ, ਜਿਨ੍ਹਾਂ ਨੇ ਇਹ ਖੋਲ੍ਹਿਆ ਹੈ। ਕੁਝ ਚੀਜਾਂ ਸਿਆਸਤ ਤੋਂ ਬਹੁਤ ਉੱਪਰ ਹੁੰਦੀਆਂ ਹਨ। ਕੁਝ ਚੀਜਾਂ ਪਾਰਟੀਆਂ ਤੋਂ ਵੀ ਬਹੁਤ ਉੱਪਰ ਹੁੰਦੀਆਂ ਹਨ।" "ਇਹ ਰਸਤਾ ਅਣਗਿਣਤ ਸੰਭਾਵਨਾਵਾਂ ਦਾ ਰਸਤਾ ਹੈ। ਅਸੀਂ ਅਰਦਾਸਾਂ ਕਰਦੇ ਹਾਂ ਤੇ ਅੱਜ ਮੇਰੀ ਅਰਦਾਸ ਹੈ, ਇੱਕ ਨਿਮਾਣੇ ਸਿੱਖ ਦੀ ਅਰਦਾਸ ਹੈ ਕਿ ਇਹ ਸਦਾ ਲਈ ਖੁੱਲ੍ਹਾ ਰਹੇ।" "ਅਸਥਾਈ ਤੌਰ 'ਤੇ ਵੀ ਇਹ ਇੱਕ ਦਿਨ ਵੀ ਬੰਦ ਨਾ ਹੋਵੇ। ਮੈਂ ਇੱਕ ਨਿਮਾਣਾ ਸਿੱਖ ਹੋ ਕੇ ਅਪਲਾਈ ਜਰੂਰ ਕਰਾਂਗਾ, ਜੇ ਉਸ ਲਾਈਨ 'ਚ ਮੇਰਾ ਨੰਬਰ ਲੱਗਿਆ ਤਾਂ ਮੈਂ ਆਪਣੇ ਆਪ ਨੂੰ ਵਡਭਾਗੀ ਸਮਝਾਂਗਾ।" ਕਰਤਾਰਪੁਰ ਲਾਂਘਾ ਖੁੱਲ੍ਹਣ ਦੀ ਖਬਰ ਮਿਲਣ ਤੋਂ ਬਾਅਦ ਤਰੁਣ ਚੁੱਘ ਮਿਠਾਈਆਂ ਵੰਡਦੇ ਨਜਰ ਆਏ ਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ, "ਨਰਿੰਦਰ ਮੋਦੀ ਜੀ ਦਾ ਬਹੁਤ-ਬਹੁਤ ਧੰਨਵਾਦ, ਜਿਨ੍ਹਾਂ ਨੇ ਸਾਡੀ ਪੰਜਾਬੀਆਂ ਦੀ, ਸਿੱਖਾਂ ਦੀ, ਗੁਰੂ ਨਾਨਕ ਨਾਮ ਲੇਵਾ ਪੂਰੀ ਸੰਗਤ ਦੀ ਅੱਜ ਆਵਾਜ ਸੁਣੀ ਅਤੇ ਸ੍ਰੀ ਕਰਤਾਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਹੈ। ਇਹ ਇੱਕ ਸਲਾਘਾਯੋਗ ਕਦਮ ਹੈ। ਪੰਜਾਬੀ, ਗੁਰੂ ਨਾਨਕ ਨਾਮ ਲੇਵਾ ਵਿਸਵ 'ਚ ਜਿੱਥੇ ਵੀ ਹਨ, ਤੁਹਾਡਾ ਧੰਨਵਾਦ ਕਰਦੇ ਹਨ।"

## ਨਨਕਾਣਾ ਉਧਰ ਹੈ

ਸੁਣ ਸੁਣ ਕੇ ਕਿਸੇ ਪੰਜ ਦਰਿਆਵਾਂ ਦੇ ਬਜ਼ੁਰਗਾਂ ਤੋਂ
ਮੇਰੀ ਪਿਆਰ ਹੁਣ ਹੋਰ ਵੀ ਵਧਦੀ ਜਾਂਦੀ ਏ।
ਮੇਰਾ ਨਨਕਾਦਾ ਰਹਿ ਗਿਆ ਜੋ ਉਧਰ ਏ,
ਉਸਦੇ ਦਰਸ਼ਨ ਤੇ ਦੀਦਾਰ ਦੀ ਤਾਂਘ ਵਧਦੀ ਜਾਂਦੀ ਏ।
ਉਹ ਵੀ ਦੇਸ਼ ਮੇਰਾ ਸੀ, ਇਹ ਵਤਨ ਵੀ ਮੇਰਾ ਏ,
ਵਿੱਛੜੇ ਭੈਣ ਭਰਾਵਾਂ ਦੇ ਮੇਲ ਹੋਣਗੇ ਫੇਰ ਇੱਕ ਦਿਨ
ਮੇਰੇ ਚਾਹ ਤੀ ਉਮੀਦ ਹੋਰ ਵੀ ਵਧਦੀ ਜਾਂਦੀ ਏ
ਮੈਂ ਮਾਰ ਨਹੀਂ ਭਾਵੇਂ ਹੰਡਾਈ ਪਿੰਡੇ ਆਪਣੇ ਸੰਤਾਲੀ ਦੀ,
ਜ਼ਖਮ ਫੇਰ ਵੀ ਮੇਰੇ ਸੀਨੇ ਤੇ ਨੇ ਹਰੇ ਹਰੇ
ਤੇ ਪੀੜ ਇੰਨਾ ਦੀ ਦਿਨੋ ਦਿਨ ਵਧਦੀ ਜਾਂਦੀ ਏ।
ਉਸ ਧਰਤ ਦੇ ਜਾਏ ਪਾੜੇ ਕਦੇ ਵੀ ਨਹੀਂ ਹੋ ਸਕਦੇ,
ਜਿਸ ਧਰਤ ਤੇ ਮੇਰੇ ਬਾਬੇ ਨਾਨਕ ਨੇ ਸੀ ਜਨਮ ਲਿਆ
ਉਸ ਮਿੱਟੀ ਨੂੰ ਨਤਮਸਤਕ ਹੋਣ ਦੀਆਸ ਵਧਦੀ ਜਾਂਦੀ ਏ।
ਮੇਰੇ ਖ਼ੂਨ ਨੂੰ ਖਿੱਚ ਜਿਹੀ ਪੈਂਦੀ ਏ ਕਦੇ ਕਦੇ,
ਮੇਰੇ ਦਿਲ ਵੀ ਤੜਫਦਾ ਰਹਿੰਦਾ ਏ ਸਦਾ
ਕਿੰਝ ਕੀਤੇ ਹੋਣਗੇ ਟੁੱਕੜੇ ਬਾਬੇ ਨਾਨਕ ਦੀ ਇਸ ਚਾਦਰ ਦੇ।
ਸੋਚ ਸੋਚ ਕੇ ਇਹ ਮੇਰੀ ਧੜਕਣ ਵੀ ਵਧ ਜਾਂਦੀ ਏ।
ਇੱਕ ਮਿੱਟੀ ਨੂੰ ਦੋ ਕਰ ਦਿਤਾ ਜਾਲਮ ਹਕੂਮਤਾਂ ਨੇ
ਸਿਆਸੀ ਅੱਗ ਦੇ ਸੇਕ ਵੀ ਜਲਨਅਜੇ ਵੀ ਵਧਦੀ ਜਾਂਦੀ ਏ
ਕਦੋਂ ਟੁੱਟਣਗੀਆਂ ਜੰਜੀਰਾਂ, ਕਦੋ ਹੋਣਗੇ ਦੂਰ ਝਮੇਲੇ
ਕਦੋ ਇੱਕੋ ਜਗ੍ਹਾਂ ਲੱਗਣੀਆਂ ਈਦ ਅਤੇ ਵੈਸਾਖੀ ਦੇ ਮੇਲੇ
ਹਰ ਪਾਲ ਵਿਚ ਓਡੀਕ ਬੈਠੀ ਪ੍ਰੀਤ ਦੇ ਤਾਂ,
ਸਾਹਾਂ ਦੀ ਤਾਂ ਹੁਣ ਰਫ਼ਤਾਰ ਵੀ ਘੱਟਦੀ ਜਾਂਦੀ ਏ
ਮੇਰਾ ਨਨਕਾਣਾ ਰਹਿ ਗਿਆ ਜੋ ਉਧਰ ਏ,
ਉਸਦੇ ਦਰਸ਼ਨ ਤੇ ਦੀਦਾਰ ਦੀ ਤਾਂਘ ਵਧਦੀ ਜਾਂਦੀ ਏ
ਪ੍ਰਿਤਪਾਲ ਕੌਰ






# ਗੁਰੂ ਨਾਨਕ ਦੇਵ ਜੀ ਦਾ ਕ੍ਰਿਤ ਫ਼ਲਸਫ਼ਾ, ਖੇਤੀ ਅਤੇ ਮੌਜੂਦਾ ਪੰਜਾਬ

ਗੁਰਮੀਤ ਸਿੰਘ ਪਲਾਹੀ
ਮੋ:9815802070



ਗੁਰੂ ਨਾਨਕ ਦੇਵ ਜੀ ਦਾ ਜੀਵਨ ਫ਼ਲਸਫਾ ਕਿਰਤ ਕਰੋ ਅਤੇ ਵੰਡ ਛਕੋ ਅਤੇ ਜ਼ਿੰਦਗੀ 'ਚ ਸਹਿਜ ਰਹਿਣ ਲਈ ਨਾਮ ਜਪੋ ਦਾ ਸੀ ।ਸਰਬਤ ਦਾ ਭਲਾ ਕ੍ਰਾਂਤੀਕਾਰੀ ਜੀਵਨ ਫ਼ਲਸਫੇ ਨੂੰ ਉਹਨਾ ਜ਼ਿੰਦਗੀ ਭਰ ਨਿਭਾਇਆ,ਅਤੇ ਸਮੇਂ ਦੇ ਹਾਕਮਾਂ ਨਾਲ ਟੱਕਰ ਲੈ ਕੇ ਵੀ ਆਮ ਲੋਕਾਂ ਤੱਕ ਪੁੱਜਦਾ ਕੀਤਾ ।ਜ਼ਿੰਦਗੀ ਦੇ ਆਖ਼ਰੀ ਵਰ੍ਹੇ ਉਹਨਾ ਕਰਤਾਰਪੁਰ(ਹੁਣ ਪਾਕਿਸਤਾਨ) 'ਚ ਹੱਥੀਂ ਖੇਤੀ ਕੀਤੀ,ਹਲ ਚਲਾਇਆ ਅਤੇ ਆਪਣੇ ਹਿੰਦੂ,ਮੁਸਲਮਾਨ,ਸਿੱਖ ਪੈਰੋਕਾਰਾਂ ਨੂੰ ਹੱਥੀਂ ਕਿਰਤ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਜੀ ਦੀ "ਨਾਨਕ ਖੇਤੀ" ਗ੍ਰਹਿਸਥੀਆਂ ਲਈ ਇੱਕ ਖੁਸ਼ੀ ਦੀ ਪ੍ਰੋਗਸ਼ਾਲਾ ਸੀ,ਜਿਥੇ ਉਹ ਧਰਤੀ ਨਾਲ ਪਿਆਰ ਕਰਦੇ ਸਨ,ਧਰਤੀ ਦੇ ਜੀਵਾਂ ਦੀ ਰੱਖਿਆ ਕਰਦੇ ਸਨ, ਪੰਛੀਆਂ, ਪਸ਼ੂਆਂ ਦਾ ਸਾਥ ਮਾਣਦੇ ਸਨ,ਬਿਨਾਂ ਖਾਂਦਾਂ,ਰਸਾਇਣਾਂ ਉਹ ਧਰਤੀ ਦੀ ਕੁੱਖ 'ਚੋਂ ਆਪਣੇ ਲਈ ਅਤੇ ਆਪਣੇ ਪਸ਼ੂਆਂ ਲਈ ਅਨਾਜ਼ ਉਗਾਉਂਦੇ ਸਨ ।ਇਹ ਨਾਨਕ ਖੇਤੀ ਕੁਦਰਤੀ ਖੇਤੀ ਸੀ ਜਿਥੇ ਖੇਤਾਂ 'ਚ ਪੰਛੀ ਸਨ,ਧਰਤੀ 'ਚ ਗੰਡੋਏ ਸਨ, ਸ਼ਹਿਦ ਦੀਆਂ ਮੱਖੀਆ ਸਨ,ਤਿਤਲੀਆਂ,ਭੌਰੇ ਸਨ। ਇਹ ਖੇਤਾਂ 'ਚ ਕੰਮ ਕਰਦੇ ਕਿਰਸਾਨਾਂ ਲਈ ਸਿਰਫ ਰੋਜ਼ੀ-ਰੋਟੀ ਦਾ ਸਾਧਨ ਹੀ ਨਹੀਂ,ਸਗੋਂ ਇੱਕ ਵੱਖਰੀ ਜੀਵਨ-ਜਾਚ ਸੀ ।ਖੇਤੀ ਅਤੇ ਕ੍ਰਿਤ ਸਭਿਆਚਾਰ, ਨਾਨਕ ਖੇਤੀ ਜੀਵਨ ਜਾਚ 'ਚ ਭਾਰੂ ਸੀ, "ਪਵਣੁ' ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ" ! ਭਾਵ ਹਵਾ ਗੁਰੂ ਹੈ, ਪਾਣੀ ਪਿਤਾ ਹੈ ਅਤੇ ਧਰਤੀ ਮਾਂ ਹੈ।

ਮੌਜੂਦਾ ਸਮੇਂ 'ਚ ਪੰਜਾਬ ਦਾ ਕ੍ਰਿਤ ਸਭਿਆਚਾਰ ਭੰਗ ਹੋਇਆ ਦਿਸਦਾ ਹੈ। ਖੇਤੀ ਵਾਲੀ ਜ਼ਮੀਨ ਰੇਗਿਸਤਾਨ ਬਣਦੀ ਜਾ ਰਹੀ ਹੈ। ਧਰਤੀ ਦੀ ਕੁੱਖ 'ਚੋਂ ਖਿੱਚਿਆ ਜਾ ਰਿਹਾ ਖੇਤੀ ਲਈ ਪਾਣੀ ਮੁੱਕਦਾ ਜਾ ਰਿਹਾ ਹੈ। ਖਾਦਾਂ, ਰਸਾਇਣਾਂ, ਕੀਟਨਾਸ਼ਕਾਂ ਨੇ ਪੰਜਾਬ ਦੀ ਧਰਤੀ ਦਾ ਨਾਸ ਮਾਰ ਦਿੱਤਾ ਹੈ। ਖੇਤੀ ਘਾਟੇ ਦੀ ਹੋ ਗਈ ਹੈ। ਖੇਤੀ ਕਰਨ ਵਾਲਾ ਕਿਸਾਨ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਗਿਆ ਹੈ। ਧਰਤੀ ਮਾਂ ਨੇ ਆਪਣੇ ਕੁਦਰਤੀ ਤੱਤ ਗੁਆ ਲਏ ਹਨ। ਧਰਤੀ ਦੇ ਪੁੱਤ ਮਜ਼ਬੂਰੀ 'ਚ ਆਪਣੀਆਂ ਫ਼ਸਲਾਂ ਦੀ ਰਹਿੰਦ-ਖੂੰਹਦ ਪਰਾਲੀ, ਕਣਕ ਨੂੰ ਅੱਗ ਲਾਉਣ ਵੇਲੇ ਇਹ ਨਹੀਂ ਵੇਖਦੇ ਕਿ ਉਹ ਕਿੰਨੇ ਧਰਤੀ ਦੇ ਮਿੱਤਰ ਕੀੜਿਆਂ ਨੂੰ ਮਾਰ ਰਹੇ ਹਨ। ਪੰਛੀਆਂ ਦਾ ਜੀਵਨ ਤਬਾਹ ਕਰ ਰਹੇ ਹਨ। ਫਿਰ ਵੀ ਸਥਿਤੀ ਇਹ ਬਣ ਗਈ ਹੈ ਕਿ ਜਿਸ ਪੰਜਾਬ ਦੀ ਧਰਤੀ ਦਾ ਕਿਸਾਨ ਛੋਟੇ-ਛੋਟੇ ਸਿਆੜਾਂ ਨਾਲ ਵੀ ਜੀਵਨ ਨਿਰਵਾਹ ਕਰ ਰਿਹਾ ਸੀ, ਕੁਦਰਤ ਨਾਲ ਸਾਂਝ ਪਾਈ ਬੈਠਾ ਸੀ, ਦਹਾਕਿਆਂ ਤੋਂ ਕਾਰਪੋਰੇਟ ਸੈਕਟਰ ਦੀਆਂ ਚਾਲਾਂ ਦਾ ਸ਼ਿਕਾਰ ਹੋ, ਵੱਡੀ ਪੈਦਾਵਾਰ ਦੇ ਚੱਕਰ ਵਿੱਚ ਘਾਟੇ ਦੀ ਖੇਤੀ ਦੇ ਰਾਹ ਤਾਂ ਤੁਰਿਆ ਹੀ ਹੈ ਅਤੇ ਆਰਥਿਕ, ਮਾਨਸਿਕ ਬੋਝ ਹੇਠ ਸ਼ਤੀਰੇ ਨਾਲ ਜੱਫੇ ਪਾਉਣ ਲਈ ਮਜ਼ਬੂਰ ਕਰ ਦਿੱਤਾ ਗਿਆ ਹੈ।

ਹੱਥੀਂ ਕਿਰਤ ਕਰਨੀ ਪੰਜਾਬੀਆਂ ਦਾ ਆਦਰਸ਼ ਰਿਹਾ ਹੈ। ਇਹ ਆਦਰਸ਼ ਪਿਛਲੇ ਕੁਝ ਸਮੇਂ ਤੋਂ ਗਾਇਬ ਹੋਇਆ ਦਿਸਦਾ ਹੈ ।ਖ਼ਾਸ ਕਰਕੇ ਪੰਜਾਬ ਦੀ ਨੌਜਵਾਨ ਪੀੜ੍ਹੀ ਕਿਰਤ ਸਭਿਆਚਾਰ ਤੋਂ ਦੂਰੀ ਬਣਾਈ ਜਾ ਰਹੀ ਹੈ ।ਪੰਜਾਬੀ ਮੁੰਡਿਆਂ ਦਾ ਮੋਟਰ ਸਾਇਕਲ,ਮੋਬਾਇਲ ਗਹਿਣਾ ਬਣ ਗਿਆ ਹੈ, ਜੋ ਕਦੇ ਕਹੀ, ਦਾਤੀ,ਰੰਬਾ ਹੋਇਆ ਕਰਦਾ ਸੀ। ਕਿਰਤ ਸਭਿਆਚਾਰ ਤੋਂ ਟੁੱਟ ਨੌਜਵਾਨ ਕੁਰਾਹੇ ਪਿਆ ਜਾਂ ਪੰਜਾਬੀਆਂ ਦੀ ਚੜ੍ਹਤ,ਅਣਖ ਦੇਖਕੇ ਕੁਰਾਹੇ ਪਾਇਆ ਗਿਆ ।ਪਹਿਲਾਂ '47 'ਚ ਲੱਖਾਂ ਪੰਜਾਬੀ ਸਿਆਸਤ ਦੀ ਭੇਂਟ ਚੜ੍ਹਾ ਮੌਤ ਦੇ ਘਾਟ ਉਤਾਰੇ ਗਏ,ਵੱਢੇ ਗਏ ਜ਼ਖਮੀ ਕੀਤੇ ਗਏ,ਜ਼ਮੀਨਾਂ ਤੋਂ ਘਰਾਂ ਤੋਂ ਉਜਾੜ ਦਿੱਤੇ ਗਏ ।'47 ਤੋਂ ਬਆਦ ਕੁਝ ਸਾਹ ਆਇਆ ਤਾਂ ਇਕ ਵੇਰ ਫੇਰ '84 ਨੇ ਪੰਜਾਬੀਆਂ ਦੇ ਹਿਰਦੇ ਬਲੂੰਦਰੇ,ਹਜ਼ਾਰਾਂ ਨੌਜਵਾਨ ਲਾਪਤਾ ਕੀਤੇ ਗਏ, ਮਾਰੇ ਗਏ,ਤਸ਼ੱਦਦ ਢਾਹੇ ਗਏ, ਸੈਂਕੜੇ ਨਕਸਲੀ ਲਹਿਰ ਅਤੇ ਫਿਰ ਖਾੜਕੂ ਲਹਿਰ ਵੇਲੇ ਮਾਰ ਦਿੱਤੇ ਗਏ ।ਉਹ ਕਿਸਾਨਾਂ ਦੇ ਪੁੱਤਰ, ਜਿਹਨਾ ਖੇਤੀ ਕਰਨੀ ਸੀ,ਕਿਰਤ ਸਭਿਆਚਾਰ ਉਸਾਰਨਾ ਸੀ, ਗੁਰੂ ਨਾਨਕ ਜੀ ਦੇ ਆਦਰਸ਼ ਨੂੰ ਚੰਗੀ ਸੋਚ ਵਾਲੇ ਲੋਕਾਂ ਤੱਕ ਪਹੁੰਚਾਉਣਾ ਸੀ ।ਉਹ ਪੰਜਾਬ ਦੀ ਇਸ ਧਰਤੀ ਤੋਂ ਅਲੋਪ ਕਰ ਦਿੱਤੇ ਗਏ ।ਗੱਲ ਇਥੇ ਹੀ ਬੱਸ ਨਾ ਹੋਈ,ਨਸ਼ਿਆਂ ਦਾ ਹੜ੍ਹ,ਪੰਜਾਬ ਦੀ ਉਸ ਧਰਤੀ ਉਤੇ ਵਗਾ ਦਿੱਤਾ ਗਿਆ,ਜਿਹੜੀ ਧਰਤੀ ਪੰਜ ਦਰਿਆਵਾਂ ਦੀ ਸੀ,ਜਿਥੇ ਗੁਰੂਆਂ, ਪੀਰਾਂ,ਪਗੰਬਰਾਂ, ਦਾ ਸੰਦੇਸ਼ ਗੂੰਜਦਾ ਸੀ ਪਰ ਬਦਕਿਸਮਤੀ, ਇਹ ਪਵਿੱਤਰ ਧਰਤੀ ਸਿਆਸੀ ਹਾਕਮਾਂ ਦੀਆਂ ਲੂੰਬੜ ਚਾਲਾਂ ਦਾ ਸ਼ਿਕਾਰ ਬਣ, ਸਿਰਫ਼ ਢਾਈ ਦਰਿਆਵਾਂ ਵਾਲੀ ਧਰਤੀ ਰਹਿ ਗਈ ਅਤੇ ਇਸਦੇ ਇਹ ਬਚਦੇ ਦਰਿਆ ਅਤੇ ਪੰਜਾਬ 'ਚ ਵਗਦੀਆਂ ਬੇਈਆਂ ਸਮੇਤ ਗੁਰੂ ਨਾਨਕ ਜੀ ਦੇ ਨਾਮ ਨਾਲ ਜਾਣੀ ਜਾਂਦੀਆਂ ਸੁਲਤਾਨਪੁਰ ਲੋਧੀ ਦੀ "ਚਿੱਟੀ ਬੇਈਂ" ਪ੍ਰਦੂਸ਼ਨ ਦੀ ਮਾਰ ਝੱਲ ਰਹੀ ਹੈ।


ਕਦੇ ਗੁਰੂ ਨਾਨਕ ਦੇਵ ਜੀ ਨੇ ਜਾਂ ਉਹਨਾ ਦੇ ਪੈਰੋਕਾਰਾਂ ਨੇ ਇਹੋ ਜਿਹਾ ਪੰਜਾਬ ਚਿਤਵਿਆ ਹੀ ਨਹੀਂ ਹੋਏਗਾ। ਜਿਹੜਾ ਪ੍ਰਦੂਸ਼ਨ ਨਾਲ ਭਰਿਆ ਪਿਆ ਹੋਵੇ, ਜਿਹੜੇ ਜਾਤ-ਪਾਤ, ਧਰਮ ਵੰਡ ਦਾ ਸ਼ਿਕਾਰ ਹੋ ਗਿਆ ਹੋਵੇ। ਜਿਥੋਂ ਦੇ ਸਿਆਸਤਦਾਨ ਸਵਾਰਥੀ ਹੋਕੇ ਸਿਰਫ਼ ਆਪਣੀ ਕੁਰਸੀ ਪ੍ਰਾਪਤੀ ਲਈ ਯੁੱਧ 'ਚ ਰੁਝੇ ਰਹਿਣ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਆਦਰਸ਼, ਫ਼ਲਸਫੇ ਨੂੰ ਭੁੱਲ ਲੋਕਾਂ ਦੀ ਰੱਤ ਚੂਸ ਰਹੇ ਹੋਣ।

ਗੁਰੂ ਨਾਨਕ ਦੇਵ ਜੀ ਦੇ ਕ੍ਰਿਤ ਸਭਿਆਚਾਰ ਅਤੇ ਆਦਰਸ਼ ਦੀ ਉਦਾਹਰਨ ਆਪਣੀ ਉਮਰ ਦੇ ਆਖ਼ਰੀ ਵੇਲਿਆਂ 'ਚ ਸੰਗਤ, ਪੰਗਤ ਅਤੇ ਲੰਗਰ ਦੀ ਮਹੱਤਤਾ ਦਰਸਾਉਣਾ ਰਿਹਾ। ਉਹਨਾ ਹੱਥੀਂ ਖੇਤੀ ਕੀਤੀ, ਆਪਣੀ ਕਿਰਤ ਨਾਲ ਪੈਦਾ ਕੀਤੇ ਅਨਾਜ਼, ਫ਼ਲ ਬਾਕੀਆਂ ਨਾਲ ਵੰਡ ਖਾਂਦੇ ਅਤੇ ਆਪਣੇ ਪੈਰੋਕਾਰਾਂ ਨਾਲ ਇਕੱਠਿਆਂ ਕੰਮ ਕਰਕੇ ਆਪਸੀ ਬਰਾਬਰ ਵੰਡ ਵਾਲੀ ਸਹਿਕਾਰਤਾ ਖੇਤੀ ਦੀ ਨੀਂਹ ਬੰਨ੍ਹੀ। ਉਹਨਾ ਦੇ ਫ਼ਿਲਾਸਫੀ ਦਾ ਇੱਕ ਵੱਡਾ ਸੰਦੇਸ਼ ਦੱਬੇ ਕੁਚਲੇ, ਨਿਆਸਰੇ ਅਤੇ ਔਰਤਾਂ ਨੂੰ ਬਰਾਬਰ ਦੇ ਹੱਕ ਦੇਣ ਅਤੇ ਇੱਕ ਇਹੋ ਜਿਹੇ ਸਮਾਜ ਦੀ ਸਥਾਪਨਾ ਸੀ, ਜਿਥੇ ਹਰ ਕੋਈ ਬਿਨ੍ਹਾਂ ਭੇਦ ਭਾਵ, ਵਿਤਕਰੇ ਆਪਣੇ ਜੀਵਨ ਦਾ ਸੁਖੀ ਰਹਿਕੇ ਨਿਰਬਾਹ ਕਰ ਸਕੇ। ਖ਼ਾਸ ਕਰਕੇ ਔਰਤਾਂ, ਜਿਹਨਾ ਦਾ ਜੀਵਨ ਨਰਕ ਬਣਕੇ ਰਹਿ ਗਿਆ ਸੀ ਅਤੇ ਜਿਹਨਾ ਦੇ ਘਰੇਲੂ ਕਾਰੋਬਾਰ, ਖੇਤੀ ਦੇ ਕੰਮ 'ਚ ਕੋਈ ਮਾਨਤਾ ਹੀ ਨਹੀਂ ਸੀ, ਜਿਸਨੂੰ ਸਮਾਜ 'ਚ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ।ਗੁਰੂ ਨਾਨਕ ਦੇਵ ਜੀ ਨੇ ਦੁਨੀਆ ਦੇ ਚਾਰੋਂ ਦਿਸ਼ਾਵਾਂ 'ਚ ਯਾਤਰਾ ਕੀਤੀ। ਪੈਦਲ ਹਜ਼ਾਰਾਂ ਮੀਲਾਂ ਦਾ ਸਫ਼ਰ ਕੀਤਾ। ਵਿਚਾਰ-ਗੋਸ਼ਟੀਆਂ ਕੀਤੀਆਂ। ਆਪਣੇ ਜੀਵਨ ਫਲਸਫ਼ੇ ਦਾ ਹੋਰ ਸੰਤਾਂ, ਮਹਾਂਪੁਰਖਾਂ ਨਾਲ ਸੰਵਾਦ ਰਚਾਇਆ। ਆਪਣੇ ਜ਼ਿੰਦਗੀ ਦੇ ਆਖ਼ਰੀ ਪੜ੍ਹਾਅ 'ਚ ਉਹਨਾ ਖੇਤੀ ਕੀਤੀ ਬਾਵਜੂਦ ਇਸਦੇ ਕਿ ਉਹਨਾ ਦਾ ਪਰਿਵਾਰਕ ਪਿਛੋਕੜ ਖੇਤੀਬਾੜੀ ਵਾਲਾ ਨਹੀਂ ਸੀ। ਉਹ ਇੱਕ ਵਪਾਰੀ ਦੇ ਘਰ ਪੈਦਾ ਹੋਏ, ਉਹਨਾ ਕੋਲ ਜ਼ਮੀਨ ਸੀ। ਉਹ ਜਵਾਨੀ 'ਚ ਸਟੋਰ ਕੀਪਰ ਬਣੇ। ਪਰ ਹੈਰਾਨੀ ਦੀ ਗੱਲ ਇਹ ਕਿ ਸਮੇਂ ਦੀ ਨਬਜ਼ ਨੂੰ ਪਛਾਣਦਿਆਂ ਉਹਨਾ ਆਖ਼ਰੀ ਉਮਰ 'ਚ ਖੇਤੀ ਨੂੰ ਤਰਜੀਹ ਦਿੱਤੀ। ਉਹਨਾ ਦੀ ਬਾਣੀ 'ਚ ਕਣਕ, ਚਾਵਲ, ਕਪਾਹ, ਨਾਰੀਅਲ, ਅੰਬ, ਸੂਰਜਮੁਖੀ, ਗੰਨਾ ਆਦਿ ਫ਼ਸਲਾਂ ਦਾ ਜ਼ਿਕਰ ਹੈ। ਦਰਖ਼ਤਾਂ ਦਾ ਵਰਨਣ ਹੈ, ਪੰਛੀਆਂ ਅਤੇ ਜਾਨਵਰਾਂ ਨਾਲ ਪ੍ਰੇਮ-ਪਿਆਰ ਦੀਆਂ ਗੱਲਾਂ-ਬਾਤਾਂ ਹਨ। ਵਾਤਾਵਰਨ ਨਾਲ ਤਾਂ ਉਹਨਾ ਦਾ ਅੰਤਾਂ ਦਾ ਮੋਹ ਹੈ।

ਪਰ ਅੱਜ ਪੰਜਾਬ ਨੂੰ, ਪੰਜਾਬ ਦੇ ਖੇਤਾਂ ਨੂੰ, ਪੰਜਾਬ ਦੀ ਖੇਤੀ ਨੂੰ, ਪੰਜਾਬ ਦੇ ਲੋਕਾਂ ਨੂੰ ਆਪਣੀ ਹੋਂਦ ਦਾ ਖਤਰਾ ਪੈਦਾ ਹੋ ਗਿਆ ਹੈ। ਉਹ ਨਾਨਕ ਖੇਤੀ ਦਾ ਸੰਕਲਪ ਜੋ ਬਾਬੇ ਨਾਨਕ ਨੇ ਚਿਤਵਿਆ ਅਤੇ ਇਸ ਧਰਤੀ 'ਤੇ ਲਾਗੂ ਕੀਤਾ ਸੀ, ਉਹ ਦੇਸ਼ ਦੇ ਹਾਕਮਾਂ, ਕਾਰਪੋਰੇਟ ਜਗਤ ਨਾਲ ਰਲਕੇ ਹਥਿਆਉਣ ਦੀ ਵੱਡੀ ਸਾਜ਼ਿਸ਼ ਕੀਤੀ ਹੈ। ਖੇਤੀ, ਜਿਹੜੀ ਪੰਜਾਬ ਦੇ ਲੋਕਾਂ ਦਾ ਢਿੱਡ ਭਰਨ ਲਈ, ਉਹਨਾ ਦੀਆਂ ਲੋੜਾਂ ਦੀ ਸਾਧਕ ਸੀ, ਉਸਦਾ ਵਪਾਰੀਕਰਨ ਕਰਕੇ, ਤਿੰਨ ਖੇਤੀ ਕਾਲੇ ਕਾਨੂੰਨ ਪਾਸ ਕੀਤੇ ਹਨ। ਪੰਜਾਬ ਕੁਰਲਾ ਰਿਹਾ ਹੈ। ਸੰਘਰਸ਼ ਲਈ ਦਿੱਲੀ ਦੀਆਂ ਬਰੂਹਾਂ 'ਤੇ ਸਾਲ ਭਰ ਤੋਂ ਬੈਠਾ ਹੈ। 600 ਤੋਂ 700 ਤੋਂ ਵੱਧ ਕਿਸਾਨ ਸੰਘਰਸ਼ 'ਚ ਮਰ ਚੁੱਕੇ ਹਨ। ਦਿੱਲੀ ਦੀ ਸਰਹੱਦ 'ਤੇ ਬੈਠੇ ਕਿਸਾਨ ਖੁਲ੍ਹੀ ਜੇਲ੍ਹ ਭੁਗਤ ਰਹੇ ਹਨ। ਹਾਕਮਾਂ ਵਿਰੁੱਧ ਲੜ ਰਹੇ ਹਨ। ਕਾਰਪੋਰੇਟਾਂ ਦੀ ਸਾਜ਼ਿਸ਼ਾਨਾ ਸੋਚ ਨੰਗੀ ਕਰ ਰਹੇ ਹਨ। ਕੋਈ ਉਹਨਾ ਦੀ ਸੁਣ ਨਹੀਂ ਰਿਹਾ। ਪਰ ਉਹ ਆਜ਼ਾਦੀ ਦੀ ਇੱਕ ਹੋਰ ਜੰਗ ਲੜ ਰਹੇ ਹਨ। ਇਹੋ ਜਿਹੇ ਭਿਅੰਕਰ ਸਮਿਆਂ 'ਚ ਅੱਜ ਤੋਂ ਪੰਜ ਸਦੀਆਂ ਪਹਿਲਾਂ ਬਾਬੇ ਨਾਨਕ ਉਚਾਰਿਆ ਸੀ, "ਰਾਜੇ ਸੀਹ ਮੁਕਦਮ ਕੁਤੇ, ਜਾਇ ਜਗਾਇਣ ਬੈਠੇ ਸੁਤੇ" ਅਤੇ "ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ" । ਭਾਵੇਂ ਅੱਜ ਵੀ ਸਥਿਤੀ ਉਹਨਾ ਸਮਿਆਂ ਤੋਂ ਪੰਜਾਬ ਲਈ ਵੱਖਰੀ ਨਹੀਂ ਜਾਪਦੀ !ਪਰ ਤਸੱਲੀ ਵਾਲੀ ਗੱਲ ਹੈ ਕਿ ਨਾਨਕ ਦਾ ਫ਼ਲਸਫਾ ਪੰਜਾਬੀਆਂ ਨੇ ਆਪਣੇ ਮਨ 'ਚ ਸੰਜੋਇਆ ਹੈ। ਹੱਕ, ਸੱਚ ਲਈ ਜਾਤ-ਪਾਤ, ਧਰਮ ਤੋਂ ਉਪਰ ਉਠਕੇ ਇੱਕ-ਜੁੱਟ ਹੋਕੇ ਲਾਮਬੰਦੀ ਕੀਤੀ ਹੈ। ਖੇਤੀ ਅਤੇ ਖੇਤਾਂ ਨਾਲ ਆਪਣਾ ਮੋਹ ਪਾਲੀ ਰੱਖਿਆ ਹੈ। ਇਹੋ ਗੁਰੂ ਨਾਨਕ ਦੇਵ ਜੀ ਦਾ ਫ਼ਲਸਫਾ ਪੰਜਾਬੀਆਂ ਲਈ ਨਵੇਂ ਸੁਪਨੇ ਸਿਰਜਣ ਲਈ ਸਹਾਈ ਹੋ ਸਕੇਗਾ, ਖ਼ਾਸ ਤੌਰ 'ਤੇ ਉਹਨਾ ਪੰਜਾਬੀਆਂ ਲਈ, ਜਿਹਨਾ ਦਾ ਪੰਜਾਬ ਦੀ ਮੌਜੂਦਾ ਸਥਿਤੀ 'ਚ ਮੋਹ-ਭੰਗ ਹੋ ਗਿਆ ਹੈ ਅਤੇ ਉਹ ਵੀ ਜਿਹੜੇ ਲਗਾਤਾਰ ਆਪਣੇ ਬੱਚਿਆਂ ਨੂੰ ਮਜ਼ਬੂਰੀ ਬੱਸ ਪ੍ਰਵਾਸ ਦੇ ਰਾਹ ਤੋਰਨ ਨੂੰ ਮਜ਼ਬੂਰ ਹੋ ਰਹੇ ਹਨ।




# ਸਿਜਦਾ ਗੁਰੂ ਨਾਨਕ ਸਾਹਿਬ ਨੂੰ



**ਮੈਂ ਤੇ ਮੇਰੀ ਕਲਮ**

ਮੈਂ ਮੇਰੀ ਕਲਮ ਨੂੰ ਆਖਿਆ, "ਸਰਬ ਸਾਂਝੇ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਸਾਰੀ ਦੁਨੀਆਂ ਗੁਰੂ ਸਾਹਿਬ ਦੇ ਸਨੇਹ ਵਿੱਚ ਭਿੱਜੀ ਉਹਨਾਂ ਬਾਰੇ ਕੁਝ ਨਾ ਕੁਝ ਆਖ ਰਹੀ ਹੈ ..... ਚੱਲ ਆਪਾਂ ਵੀ ਆਪਣੇ ਵੱਲੋਂ ਕੁੱਝ ਲਿਖੀਏ... ਮੇਰੀ ਕਲਮ ਹੱਸ ਪਈ ਤੇ ਸਵਾਲ ਕੀਤਾ.. ਔਕਾਤ ਹੈ ਆਪਣੀ ਲਿਖਣ ਦੀ?"

" ਮਤਲਬ ?" ਮੈਂ ਪੁੱਛਿਆ।

" ਮਤਲਬ.... ਗੁਰੂ ਨਾਨਕ ਸਾਹਿਬ ਨੂੰ ਪੜ੍ਹਿਐ ?" ਉਸ ਨੇ ਸਵਾਲ ਕੀਤਾ।

" ਹਾਂ.... ਗੁਰੂ ਨਾਨਕ ਸਾਹਿਬ ਤਾਂ ਸਭ ਦੇ ਸਾਂਝੇ ਨੇ। ਉਨ੍ਹਾਂ ਨੂੰ ਤਾਂ ਸਾਰੇ ਪੜ੍ਹਦੇ ਨੇ।"

" ਤੂੰ ਪੜ੍ਹਿਆ ?"

" ਹਾਂ .... ਬਚਪਨ ਤੋਂ ਪੜ੍ਹਦੇ ਆ ਰਹੇ ਆਂ। ਜਦੋਂ ਤੋਂ ਅੱਖਰਾਂ ਦੀ ਪਛਾਣ ਹੋਈ ਜਾਂ ਫਿਰ ਇਹ ਵੀ ਆਖ ਸਕਦੇ ਆਂ ਕਿ ਜਦੋਂ ਅੱਖਰਾਂ ਦੀ ਪਛਾਣ ਵੀ ਨਹੀਂ ਸੀ ਹੋਈ ਉਦੋਂ ਵੀ.... ਬਾਪੂ ਜੀ ...ਆਪਣੇ ਢਿੱਡ ਤੇ ਬਿਠਾ ਕੇ ਕੰਠ ਕਰਵਾਉਂਦੇ ਸੀ ਗੁਰੂ ਸਾਹਿਬ ਦੀ ਬਾਣੀ।" ਮੈਂ ਆਖਿਆ।

"ਵਾਹ ਜੀ ਵਾਹ! ......ਚਲੋ ਇਹ ਵੀ ਦੱਸ ਦਿਓ ਕਿ ਗੁਰੂ ਨਾਨਕ ਸਾਹਿਬ ਨੂੰ ਅੰਦਰ ਕਿੰਨਾ ਉਤਾਰਿਆ?"

" ਉਹ ਤਾਂ ਸਭ ਦੇ ਦਿਲਾਂ ਦੇ ਅੰਦਰ ਵਸਦੇ ਨੇ..... ਸਭ ਦੇ ਸਾਂਝੇ.. ਜਿਵੇਂ ਸੂਰਜ ਨੂੰ ਬੁੱਕਲ ਵਿੱਚ ਨਹੀਂ ਲੁਕੋਇਆ ਜਾ ਸਕਦਾ ਇਸੇ ਤਰ੍ਹਾਂ ਗੁਰੂ ਸਾਹਿਬ ਦੀ ਰੂਹਾਨੀ ਰੌਸ਼ਨੀ ਨੂੰ ਵੀ ਕੋਈ ਲੁਕੋ ਨਹੀਂ ਸਕਦਾ ਕੋਈ। ਉਹ ਕਿਸੇ ਖਾਸ ਦੀ ਜਾਗੀਰ ਨਹੀਂ ਸਭ ਦੇ ਸਾਂਝੇ ਨੇ.....।" ਮੈਂ ਅਜੇ ਗੱਲ ਪੂਰੀ ਵੀ ਨਹੀਂ ਸੀ ਕੀਤੀ। ਉਸ ਨੇ ਖਿਝ ਕੇ ਆਖਿਆ,

"ਮੈਂ ਸਿਰਫ਼ ਤੇਰੀ ਗੱਲ ਕਰਦੀ ਆਂ, ਤੂੰ ਸਿਰਫ਼ ਆਪਣੀ ਸਮਝ ਦੇ ਅਧਾਰ ਤੇ ਜਵਾਬ ਦਿਆ ਕਰ।"

ਮੈਂ ਸੰਭਲਣ ਦੀ ਕੋਸ਼ਿਸ਼ ਕੀਤੀ। ਮੈਨੂੰ ਲੱਗਿਆ ਕਲਮ ਮੈਨੂੰ ਉਲਝਾ ਰਹੀ ਹੈ।

" ਗੁਰੂ ਨਾਨਕ ਸਾਹਿਬ ਬਾਰੇ ਤੁਸੀਂ ਕਾਫ਼ੀ ਕੁੱਝ ਜਾਣਦੇ ਓ।" ਉਸ ਨੇ ਫਿਰ ਕਿਹਾ।

" ਨਹੀਂ... ਥੋੜ੍ਹਾ ਜਿਹਾ।" ਮੈਂ ਸੋਚ ਕੇ ਕਿਹਾ। ਮੈਂ ਸਮਝ ਲਿਆ ਸੀ ਕਿ ਮੈਨੂੰ ਓਨਾ ਕੁੱਝ ਨਹੀਂ ਪਤਾ ਜਿੰਨਾ ਮੈਂ ਸੋਚ ਰੱਖਿਆ ਸੀ।

" ਗੁਰੂ ਨਾਨਕ ਸਾਹਿਬ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ। ਉਹ ਤਾਂ ਖੁਦ ਲਿਖ ਗਏ ਨੇ.... 'ਏਵਡੁ ਊਚਾ ਹੋਵੈ ਕੋਇ ਤਿਸੁ ਊਚੇ ਕਉ ਜਾਣੈ ਸੋਇ।।' ਮੈਂ ਕਿਹਾ। ਉਹ ਸਿਰਫ਼ ਮੁਸਕਰਾਈ। ਮੈਨੂੰ ਪਤਾ ਸੀ ਉਹ ਕੀ ਸਵਾਲ ਕਰੇਗੀ। ਮੈਂ ਆਪਣੇ ਆਪ ਹੀ ਕਹਿਣਾ ਸ਼ੁਰੂ ਕਰ ਦਿੱਤਾ..

" ਗੁਰੂ ਸਾਹਿਬ ਭਾਵੇਂ ਇੱਥੇ ਪ੍ਰਮਾਤਮਾ ਦੀ ਗੱਲ ਕਰਦੇ ਨੇ... ਪਰ ਮੈਂ ਇਸ ਲਈ ਆਖਿਆ ਹੈ ਕਿ ਗੁਰੂ ਸਾਹਿਬ ਨੂੰ ਸਮਝਣ ਲਈ ਵੀ ਉਹਨਾਂ ਵਰਗੀ ਉੱਚ ਅਵਸਥਾ ਦੀ ਜ਼ਰੂਰਤ ਐ। ਉਸ ਅਵਸਥਾ ਦੇ ਨੇੜੇ ਤੇੜੇ ਵੀ ਨਹੀਂ ਢੁਕ ਸਕਦੀ ਮੈਂ।"

" ਚਲੋ..... ਇਹ ਦੱਸੋ... ਗੁਰੂ ਨਾਨਕ ਸਾਹਿਬ ਦੇ ਦਰਸ਼ਨ ਕਰਦੇ ਓ?"

" ਹਾਂ।" ਮੈਂ ਕਿਹਾ।

" ਕਿੱਥੋਂ ?" ਉਸ ਫਿਰ ਪੁੱਛਿਆ।

" ਧਾਰਮਿਕ ਸਥਾਨਾਂ ਤੇ, ਦੁਕਾਨਾਂ ਤੇ, ਘਰਾਂ ਦੀਆਂ ਕੰਧਾਂ 'ਤੇ , ਕਿਤਾਬਾਂ ਵਿੱਚੋਂ, ਮੋਬਾਈਲ ਵਿੱਚੋਂ ਨੈੱਟ ਖੋਲ੍ਹ ਕੇ ਕਰ ਲਈਦੇ ਨੇ ਰੋਜ਼।"

" ਉਹਨਾਂ ਦੇ ਅਸਲ ਦਰਸ਼ਨ ਪਤੈ ਕਿੱਥੋਂ ਹੁੰਦੇ ਨੇ?" ਉਹ ਗੰਭੀਰ ਹੋ ਕੇ ਬੋਲੀ। ਮੈਂ ਚੁੱਪ ਕਰ ਕੇ ਉਸ ਵੱਲ ਵੇਖ ਰਹੀ ਸੀ।

" ਉਹਨਾਂ ਦੇ ਅਸਲ ਦਰਸ਼ਨ ਉਹਨਾਂ ਦੀ ਬਾਣੀ ਵਿੱਚੋਂ ਹੁੰਦੇ ਨੇ.... ਦੂਸਰੇ ਉਹਨਾਂ ਬਾਰੇ ਕੀ ਲਿਖਦੇ ਨੇ, ਕੀ ਬੋਲਦੇ ਨੇ, ਕੀ ਤਸਵੀਰਾਂ ਵਿੱਚ ਦਿਖਾਉਂਦੇ ਨੇ, ਇਹੀ ਦੇਖਦੇ ਓ ਨਾ ਤੁਸੀਂ ? ਪਰ ਜੋ ਉਹ ਕਹਿ ਗਏ ਨੇ ਉਸ ਬਾਣੀ ਵਿੱਚੋਂ ਦਰਸ਼ਨ ਕੀਤੇ ਕਦੀ?" ਮੈਂ ਚੁੱਪ ਸੀ ਕੁੱਝ ਨਹੀਂ ਸੀ ਸੁੱਝ ਰਿਹਾ।

" ਗੁਰੂ ਨਾਨਕ ਸਾਹਿਬ ਦੀ ਬਾਣੀ ਕੰਠ ਹੋਵੇਗੀ.... ਪੜ੍ਹਦੇ ਸੁਣਦੇ ਵੀ ਹੋਵੋਗੇ। ਆਪਣੇ ਸੁਵਿਧਾ ਅਨੁਸਾਰ ਮਤਲਬ ਵੀ ਕੱਢ ਲੈਂਦੇ ਹੋਵੋਗੇ।"

" ਹਾਂ।" ਮੇਰੀਆਂ ਨਜ਼ਰਾਂ ਝੁਕੀਆਂ ਹੋਈਆਂ ਸਨ। ਉਸ ਨੇ ਸ਼ਾਇਦ ਮੇਰੀ ਹਾਲਤ ਭਾਂਪ ਲਈ ਸੀ।

" ਚਲੋ ਛੱਡੋ..... ਬਹੁਤੇ ਲੋਕਾਂ ਦਾ ਇਹੀ ਹਾਲ ਐ। ਲੋਕਾਂ ਦਾ ਈ ਨਹੀਂ ਕਈ ਵੱਡੇ ਵੱਡੇ ਭਾਸ਼ਣ ਦੇਣ ਵਾਲੇ ਵੀ ਅਮਲਾਂ ਵਾਲੇ ਪਾਸਿਓਂ ਖੋਖਲ਼ੇ ਹੁੰਦੇ ਨੇ। ਤੈਨੂੰ ਸ਼ਾਇਦ ਇਹ ਵੀ ਨਹੀਂ ਪਤਾ ਹੋਣਾ ਜਿਹੜੇ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਬਹੁਤੇ ਨੇੜੇ ਹੋਣ ਦਾ ਦਿਖਾਵਾ ਕਰਦੇ ਨੇ... ਉਹ ਵੀ ਖਾਲੀ ਪੀਪਿਆਂ ਦੀ ਤਰ੍ਹਾਂ ਖੜਕਣਾ ਹੀ ਜਾਣਦੇ ਨੇ ਬਸ। ਉਹਨਾਂ ਨੇ ਜੋ ਬੋਲਣਾ ਹੁੰਦੈ, ਉਹ ਵੀ ਉਹਨਾਂ ਦੇ ਆਪਣੇ ਵਿਚਾਰ ਨਹੀਂ ਹੁੰਦੇ ਕਿਸੇ ਹੋਰ ਦੇ ਹੁੰਦੇ ਨੇ।" ਉਸ ਦੀਆਂ ਗੱਲਾਂ ਸੁਣ ਕੇ ਮੈਂ ਵੀ ਨਜ਼ਰਾਂ ਉੱਪਰ ਨੂੰ ਚੁੱਕੀਆਂ।

" ਸਾਰੇ ਇੱਕ ਵਰਗੇ ਨਹੀਂ ਹੁੰਦੇ..... ਬਥੇਰੇ ਬਹੁਤ ਚੰਗੇ ਵੀ ਹੁੰਦੇ ਨੇ।" ਮੈਂ ਕਿਹਾ।

" ਹਾਂ ਹੁੰਦੇ ਨੇ... ਤੈਨੂੰ ਪਤੈ ਅਸੀਂ ਬੜੀਆਂ ਟੌਹਰਾਂ ਮਾਰਦੇ ਆਂ...ਗੁਰੂ ਨਾਨਕ ਸਾਹਿਬ ਸਾਡੇ ਨੇ। ਪਰ ਅਸੀਂ ਉਹਨਾਂ ਦੇ ਬਣੀਏ ਤਾਂ ਗੱਲ ਬਣੇ । ਜੇ ਅਸੀਂ ਉਹਨਾਂ ਦੇ ਬਣੇ ਹੁੰਦੇ ਤਾਂ ਕਿਰਤ ਦਾ ਮੁੱਲ ਪੈਂਦਾ। ਕਿਰਤ ਸੱਭਿਆਚਾਰ ਨੂੰ ਖੋਰਾ ਨਾ ਲੱਗਦਾ। ਕਿਰਤ ਕਰਨ ਵਾਲੇ ਆਪਣੇ ਹੱਕਾਂ ਲਈ ਸੰਘਰਸ਼ ਦੇ ਰਾਹ ਤੇ ਤੁਰ ਹੋਏ ਨੇ। ਗਰਮੀਆਂ ਸਰਦੀਆਂ ਸੜਕਾਂ 'ਤੇ ਗੁਜ਼ਾਰਨ ਲਈ ਮਜ਼ਬੂਰ ਨੇ। ਬਾਬੇ ਨਾਨਕ ਨੂੰ ਸਿਰ ਝੁਕਾਉਣ ਵਾਲੇ, ਉਹਨਾਂ ਦੇ ਜਨਮ ਦਿਨ 'ਤੇ ਸਾਰੇ ਜਗਤ ਨੂੰ ਵਧਾਈਆਂ ਦੇਣ ਵਾਲੇ ਉਹਨਾਂ ਦੇ ਕਿਰਤੀਆਂ ਨੂੰ ਰੋਲ ਰਹੇ ਨੇ...... ਹੈ ਨਾ ਕਮਾਲ ਦੀ ਗੱਲ।"

" ਹਾਂ..... ਦੁਖਦਾਈ ਵੀ ਐ ਇਹ ਸਭ ।" ਮੈਂ ਕਿਹਾ।

" ਦੁਨੀਆਂ ਦੀ ਕਹਿਣੀ ਤੇ ਕਰਨੀ ਵਿੱਚ ਫਰਕ ਆ ਗਿਆ। ਲੋਕ ਦਿਖਾਵਾ ਕੁਝ ਹੋਰ ਕਰਦੇ ਨੇ... ਹੁੰਦੇ ਕੁਝ ਹੋਰ ਨੇ। ਕਈ ਵਾਰ ਤਾਂ ਸਾਰੀ ਉਮਰ ਆਪਣੇ ਆਪ ਨੂੰ ਉਹੀ ਸਮਝ ਬੈਠਦੇ ਨੇ ਜੋ ਉਹ ਨਹੀਂ ਹੁੰਦੇ। ਜਦੋਂ ਸੁਰਤ ਆਉਂਦੀ ਐ ਉਦੋਂ ਪਛਤਾਉਂਦੇ ਨੇ।" ਉਹ ਗੰਭੀਰ ਸੀ।

" ਆਪਾਂ ਲਿਖੀਏ ਹੁਣ ਕੁਸ਼ .....।" ਮੈਂ ਮੁਸਕਰਾਉਂਦਿਆਂ ਕਿਹਾ। ਉਸ ਨੇ ਹੈਰਾਨੀ ਨਾਲ ਵੇਖਿਆ ਤੇ ਬੋਲੀ, " ਅਜੇ ਵੀ ਲਿਖਣ ਦਾ ਸੋਚ ਰਹੀ ਏਂ ?"

" ਹਾਂ।" ਮੈਂ ਕਿਹਾ।

" ਕੀ ਲਿਖਣਾ ਚਾਹੁੰਦੀ ਏਂ ?"

" ਸੱਚ।"

" ਹਿੰਮਤ ਹੈ?" ਉਸ ਦਾ ਸਵਾਲ ਸੀ।

" ਹਾਂ.... ਸੱਚ ਲਿਖਣਾ ਔਖਾ ਨਹੀਂ... ਝੂਠ ਨੂੰ ਸੱਚ ਦੇ ਲੇਪ ਚੜ੍ਹਾ ਕੇ ਲਿਖਣਾ ਔਖਾ ਹੁੰਦੈ ।" ਮੈਂ ਕਿਹਾ।

ਕੀ ਲਿਖੀਏ ?" ਉਹੀ ਜੋ ਹੁਣੇ ਗੱਲਬਾਤ ਕੀਤੀ।"

" ਮਤਲਬ?" ਉਹ ਹੈਰਾਨੀ ਨਾਲ ਤੱਕ ਰਹੀ ਸੀ।

" ਮਤਲਬ ਕਿ ਅਸੀਂ ਫੋਕੀਆਂ ਫੜ੍ਹਾਂ ਮਾਰਨ ਵਾਲੇ ਆਂ.... ਅਸੀਂ ਗੁਰੂ ਬਾਬੇ ਦੀ ਗੱਲ ਮੰਨਣ ਨੂੰ ਤਿਆਰ ਨਹੀਂ। ਅਸੀਂ ਕਹਿੰਦੇ ਕੁਝ ਹੋਰ 'ਤੇ ਕਰਦੇ ਕੁਝ ਹੋਰ ਹਾਂ। ਦਿਖਾਵੇ ਤੇ ਸ਼ੋਹਰਤ ਲਈ ਬਹੁਤ ਕੁਝ ਅਜਿਹਾ ਕਹਿੰਦੇ ਜਾਂ ਕਰਦੇ ਹਾਂ ਜੋ ਸਾਨੂੰ ਖੁਦ ਨੂੰ ਵੀ ਠੀਕ ਨਹੀਂ ਲੱਗਦਾ ਹੁੰਦਾ ਕਈ ਵਾਰ। ਪਤਾ ਵੀ ਹੋਵੇ ਕਿ ਗਲਤ ਬੋਲ ਰਹੇ ਹਾਂ ਤਾਂ ਵੀ ਬੋਲੀ ਜਾਂਦੇ ਹਾਂ ।ਪਤਾ ਹੋਵੇ ਕਿ ਗਲਤ ਬੰਦੇ ਦੀ ਤਾਰੀਫ਼ ਕਰਦੇ ਹਾਂ ਤਾਂ ਵੀ ਕਰੀ ਜਾਂਦੇ ਆਂ। ਪਤਾ ਹੋਵੇ ਗਲਤ ਬੰਦੇ ਦੇ ਨਾਲ ਤੁਰਦੇ ਹਾਂ ਫਿਰ ਵੀ ਨਹੀਂ ਰੁਕਦੇ । ਆਪਣੇ ਆਪ ਨੂੰ ਦੁਨੀਆਂ ਤੋਂ ਵੱਖਰਾ ਰੱਖ ਕੇ ਸੋਚਦੇ ਹਾਂ ਕਿ ਗੁਰੂ ਸਾਹਿਬ ਦੇ ਸਿਧਾਂਤਾਂ ਤੇ ਆਪਣੇ ਆਪ ਨੂੰ ਤੋਰਨਾ ਜ਼ਰੂਰੀ ਨਹੀਂ ਸਮਝਦੇ। ਇਹੀ ਸੋਚਦੇ ਆਂ ਕਿ ਬਾਕੀ ਦੁਨੀਆਂ ਨੂੰ ਚੱਲਣਾ ਚਾਹੀਦਾ ਹੈ। ਗੁਰੂ ਸਾਹਿਬ ਦੇ ਉਪਦੇਸ਼ ਪੜ੍ਹ ਕੇ ਸੁਣਾਉਣ ਨਾਲ ਹੀ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਂਦੇ ਹਾਂ। ਅਮਲ ਕਰਨ ਲਈ ਦੂਸਰਿਆਂ ਨੂੰ ਆਖਦੇ ਹਾਂ।" ਮੈਂ ਪਤਾ ਨਹੀਂ ਕਿੰਨਾ ਕੁ ਬੋਲਦੀ। ਉਸ ਨੇ ਮੈਨੂੰ ਰੋਕਦਿਆਂ ਆਖਿਆ,

" ਚਲ ਬਸ ਕਰ।" ਉਸ ਦੇ ਬੁੱਲ੍ਹਾਂ ਤੇ ਵੱਡੀ ਸਾਰੀ ਮੁਸਕਾਨ ਆਈ। ਮੈਂ ਉਸ ਦੇ ਚਿਹਰੇ ਵੱਲ ਦੇਖਿਆ ਉਸ ਦੀਆਂ ਅੱਖਾਂ ਵੀ ਮੁਸਕਰਾ ਰਹੀਆਂ ਸਨ। ਅਸੀਂ ਘੁੱਟ ਕੇ ਜੱਫੀ ਪਾਈ। ਮੈਂ ਉਸ ਦਾ ਮੱਥਾ ਚੁੰਮਿਆ ਤੇ ਉਹ ਕਾਗਜ਼ਾਂ ਨੂੰ ਸਜਦਾ ਕਰ ਕੇ ਅੱਖਰਾਂ ਨੂੰ ਮੋਤੀਆਂ ਵਾਂਗ ਪ੍ਰੋਣ ਲੱਗੀ।

**ਅੰਮ੍ਰਿਤ ਕੌਰ ਬਡਰੁੱਖਾਂ ਸੰਗਰੂਰ ।**
9876714004

# ਲੋੜ ਹੈ ਅੱਜ ਬਾਬਾ ਨਾਨਕ ਦੀਆਂ ਸਿੱਖਿਆਵਾਂ ਤੇ ਚੱਲਣ ਦੀ

**ਸੰਜੀਵ ਸਿੰਘ ਸੈਣੀ, ਮੋਹਾਲੀ**

ਕੱਤਕ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਪੂਰੀ ਦੁਨੀਆਂ ਵਿੱਚ ਬੜੇ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ।ਗੁਰੂ ਨਾਨਕ ਦੇਵ ਜੀ ਨੂੰ ਬਾਬਾ ਨਾਨਕ, ਗੁਰੂ ਨਾਨਕ, ਨਾਨਕ ਪੀਰ, ਨਾਨਕ ਰਿਸ਼ੀ ਜੀ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਸੀ। ਸਵੇਰੇ-ਸਵੇਰੇ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਹਨ। ਅਖੰਡ ਸਾਹਿਬ ਦੇ ਭੋਗ ਪਾਏ ਜਾਂਦੇ ਹਨ। ਪਿਤਾ ਮਹਿਤਾ ਕਾਲੂ ਨੇ ਗੁਰੂ ਨਾਨਕ ਦੇਵ ਜੀ ਨੂੰ ਵੀਹ ਰੁਪਏ ਦੇ ਕੇ ਵਣਜ ਕਰਨ ਲਈ ਭੇਜਿਆ। ਰਸਤੇ ਵਿਚ ਹੀ ਭੁੱਖੇ ਸਾਧੂਆ ਨੂੰ ਹੀ ਵੀਹ ਰੁਪਏ ਦਾ ਲੰਗਰ ਛਕਾ ਦਿੱਤਾ। ਸੁੱਚੇ ਵਣਜ ਵਿੱਚ ਕਿੰਨੀ ਬਰਕਤ ਸੀ ਕਿ ਗੁਰੂ ਕਾ ਲੰਗਰ ਅੱਜ ਵੀ ਅਤੁੱਟ ਵਰਤਦਾ ਹੈ।ਕਿਤੇ ਵੀ ਗੁਰੂ ਘਰ ਚਲੇ ਜਾਉ, ਗੁਰੂ ਲੰਗਰ ਹਮੇਸ਼ਾ ਹੀ ਅਟੁੱਟ ਵਰਤਦਾ ਹੈ।ਬਾਣੀ ਰਚਦਿਆਂ ਬਾਬਾ ਨਾਨਕ ਨੇ ਕਦੇ ਵੀ ਨੁਕਸਾਨ ਬਾਰੇ ਨਹੀਂ ਸੀ ਸੋਚਿਆ। ਆਪ ਨੇ ਕਿੰਨੇ ਹੀ ਪਾਪੀ ਪਖੰਡੀਆਂ ਦਾ ਜੀਵਨ ਉਤਾਰ ਦਿੱਤਾ। ਆਪ ਦੀ ਪਤਨੀ ਸੁਲੱਖਣੀ ਸੀ ਤੇ ਆਪ ਦੇ ਦੋ ਬੱਚੇ ਸ੍ਰੀ ਚੰਦ ਤੇ ਲਖਮੀ ਦਾਸ ਸਨ।ਗੁਰੂ ਨਾਨਕ ਦੇਵ ਜੀ ਨੇ ਦੂਰ-ਦਰਾਜ ਤੱਕ ਲੋਕਾਂ ਨੂੰ ਰੱਬ ਦਾ ਸੁਨੇਹਾ ਦਿੱਤਾ।ਜਿੱਧਰ ਨੂੰ ਵੀ ਗੁਰੂ ਨਾਨਕ ਦੇਵ ਜੀ ਜਾਂਦੇ ਸਨ, ਕਾਫ਼ਲਾ ਉਹਨਾਂ ਦੇ ਪਿੱਛੇ ਚਲਾ ਜਾਂਦਾ।ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖਿਆਵਾਂ@ ਸ੍ਰੀ ਗੁਰੂ ਗ੍ਰੰਥ ਸਾਹਿਬ @ਵਿੱਚ ਦਰਜ ਹਨ। ਅੱਜ ਲੋੜ ਹੈ ਸਾਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਚੱਲਣ ਦੀ। ਗੁਰੂ ਨਾਨਕ ਦੇਵ ਜੀ ਦਾ ਫ਼ਲਸਫ਼ਾ ਸੀ @ਨਾਮ ਜਪੋ, ਕਿਰਤ ਕਰੋ ,ਅਤੇ ਵੰਡ ਛਕ। ਆਪਣੇ ਅੰਦਰ ਝਾਤੀ ਮਾਰ ਕੇ ਦੇਖੀਏ ਕਿ ਕੀ ਅੱਜ ਅਸੀਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਚੱਲ ਰਹੇ ਹਨ।ਅੱਜ ਇਕ ਦੂਜੇ ਪ੍ਰਤੀ ਈਰਖਾ ,ਵੈਰ ,ਨਫ਼ਰਤ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ ।ਪੈਸੇ ਦੀ ਲਾਲਸਾ ਕਾਰਨ ਅਜੋਕਾ ਇਨਸਾਨ ਇਨਸਾਨ ਦਾ ਦੁਸ਼ਮਣ ਬਣ ਗਿਆ ਹੈ। ਨਿਜੀ ਸੁਆਰਥਾਂ ਲਈ ਕੁਦਰਤ ਨਾਲ ਛੇੜਛਾੜ ਕਰ ਰਿਹਾ ਹੈ। ਆਪਣੇ ਸੁਆਦ ਖ਼ਾਤਰ ਜੀਵ-ਜੰਤੂਆਂ ਨੂੰ ਵੀ ਨਹੀਂ ਛੱਡਿਆ ਜਾ ਰਿਹਾ ਹੈ।ਪੈਸੇ ਦੀ ਹੋੜ ਇੰਨੀ ਜ਼ਿਆਦਾ ਲੱਗ ਗਈ ਹੈ ਕਿ ਭਰਾ ਹੱਥੋਂ ਭਰਾ ਦਾ ਕਤਲ ਹੋ ਰਿਹਾ ਹੈ। ਇਕ ਦੂਜੇ ਦਾ ਸਨਮਾਨ ਨਹੀਂ ਕੀਤਾ ਜਾ ਰਿਹਾ ਹੈ। ਮਾਂ ਬਾਪ ਦੀ ਬੇਕਦਰੀ ਹੋ ਰਹੀ ਹੈ। ਮਾਂ ਬਾਪ ਦਾ ਬੁਢਾਪਾ ਰੁਲ ਰਿਹਾ ਹੈ।ਸਮੇਂ-ਸਮੇਂ ਸਿਰ ਇਨਸਾਨ ਨੇ ਇਸ ਦਾ ਖਮਿਆਜ਼ਾ ਵੀ ਭੁਗਤਿਆ ਹੈ। ਫਿਰ ਵੀ ਇਨਸਾਨ ਨਹੀਂ ਸੁਧਰਿਆ। ਬਲਾਤਕਾਰ ਦੀਆਂ ਕਿੰਨੀਆਂ ਹੀ ਵਾਰਦਾਤਾਂ ਹੋ ਰਹੀਆਂ ਹਨ। ਦਰਿੰਦਿਆਂ ਵੱਲੋਂ ਨਿੱਕੀਆਂ ਨਿੱਕੀਆਂ ਬਾਲੜੀਆਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ।ਕੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਇਹੀ ਕੰਮ ਕਰਨ ਲਈ ਧਰਤੀ ਤੇ ਭੇਜਿਆ ਸੀ ? ਅੱਜ ਸਾਨੂੰ ਲੋੜ ਹੈ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਹੋਏ ਸਾਫ-ਸੁਥਰੇ ਮਾਰਗ ਤੇ ਚੱਲਣ ਦੀ।ਅੱਜ ਜੇ ਅਸੀਂ ਗੁਰੂ ਨਾਨਕ ਦੇਵ ਜੀ ਦੇ ਦਰਸਾਏ ਹੋਏ ਮਾਰਗ ਤੇ ਚਲਦੇ ਹਨ, ਤਾਂ ਔਕੜਾਂ ਤਾਂ ਬਹੁਤ ਆਉਣਗੀਆਂ। ਪਰ ਇਹ ਮਾਰਗ ਬਹੁਤ ਸਾਫ਼-ਸੁਥਰਾ ਹੋਏਗਾ।ਆਓ ਆਪਣੇ ਮਾਂ-ਪਿਓ ਦੀ ਕਦਰ ਕਰੀਏ।

## ਮਨ ਨੀਵੇਂ ਮੱਤਾਂ ਉੱਚੀਆਂ

ਮੈਂ ਕਰਾਂ ਮੁੜ ਮੁੜ ਕੇ ਸ਼ੁਕਰਾਨਾ ਜੀ ,
ਜਿਨ੍ਹਾਂ ਚਲਾਇਆ ਸੀ ਮੋਦੀ ਖਾਨਾ ਜੀ ।
ਜਿਨ੍ਹਾਂ ਦਾ ਜਪੁਜੀ ਸਾਹਿਬ ਖ਼ਜ਼ਾਨਾ ਜੀ ,
ਮੇਰੇ ਸਤਿਗੁਰ ਦੀਆਂ ਉੱਚੀਆਂ ਸ਼ਾਨਾ ਜੀ ।
ਜਿੱਥੇ ਜਾਤ- ਪਾਤ ਦਾ ਕੋਈ ਰੌਲਾ ਨੀ ,
ਜਿਨ੍ਹਾਂ ਦਾ ਦਰਬਾਰ ਬੜਾ ਹੀ ਸੁੱਚਾ ਏ ।
ਅਸੀਂ ਨੀਵੇਂ ਹਾਂ ਤਾਂ ਕੀ ਹੋਇਆ ,
ਸਾਡਾ ਬਾਬਾ ਨਾਨਕ ਉੱਚਾ ਏ ।
ਵੰਡ ਕੇ ਸ਼ੱਕੀ ਦਾ @ਹੱਕ ਕਿਸੇ ਦਾ ਨੀ ਖੋਹੀਦਾ ,
ਗੁਰੂ ਆਪਣੇ ਤੋਂ ਬੇਮੁਖ ਨਹੀਓਂ ਹੋਈਦਾ ।
ਸਭ ਨੂੰ ,ਮੇਰਾ ਮਾਲਕ ਖਵਾਉਂਦਾ ਲਾਜ਼ਮੀ ,
ਭਾਵੇਂ ਤਾਜ਼ੀਆਂ ਜਾਂ ਰੁੱਖੀਆਂ ।
ਬਾਬੇ ਨਾਨਕ ਦੇ ਸਿੰਘ ਰੱਖਦੇ ,
ਮਨ ਨੀਵੇਂ ਮੱਤਾਂ ਉੱਚੀਆਂ ।

**ਲੇਖਕ -ਮਨਦੀਪ -ਖਾਨਪੁਰੀ**
**ਪਤਾ -ਖਾਨਪੁਰ ਸਹੋਤਾ ਹੁਸ਼ਿਆਰਪੁਰ**
**ਮੋਬਾਇਲ ਨੰਬਰ -9779179060**

## ਬਾਬਾ ਨਾਨਕ

ਕਿੰਨੇ ਮਿੱਟੀ ਤੇ ਚੜ੍ਹਾਏ ਰੰਗ ਰੱਬਾ
ਤੇਰੀ ਕਲਾਕਾਰੀ ਤੋਂ ਜਾਵਾਂ ਬਲਿਹਾਰ ਸਦਕੇ !!
ਤੁਸਾਂ ਸਿਰਜਿਆ ਪੁਤਲਾ ਸੱਚ ਦਾ
ਅਸਾਂ ਝੂਠ ਦੀ ਚਾਦਰ ਲਈ ਤਾਣ ਚੱਕ ਕੇ !!
ਤੁਸਾਂ ਕਿਰਤ ਕਰੋ, ਵੰਡ ਛੱਕੋ ਸਿਖਾਇਆ
ਅਸਾਂ ਖੋਹ -ਖੋਹ ਬਣੇ ਹੱਕਦਾਰ ਸੱਭ ਦੇ !!
ਤੁਸਾਂ ਇੱਟਾਂ ਲਾਈਆਂ ਹੱਕ ਦੀਆਂ
ਅਸਾਂ ਬੇਈਮਾਨੀ ਦੀ ਲਾਈ ਗਾਰ ਚੱਕ ਕੇ !!
ਤੇਰਾ ਰੁਤਬਾ ਨੀਵਾਂ ਕਰੀ ਜਾਂਦੇ
ਹੁੰਦਾ ਕੁਰਸੀਆਂ ਦਾ ਵਪਾਰ ਵੱਧ ਕੇ !!
ਤੇਰੀਆਂ ਧੀਆਂ, ਭੈਣਾਂ ਰੁੱਲ ਚਲੀਆਂ
ਆਂ ਜਿਸਮਾਂ ਦਾ ਹੁੰਦਾ ਕਾਰੋਬਾਰ ਕੱਜ ਦੇ !!
ਤੇਰੇ ਪੁੱਤਰ ਰੁੱਲ ਗਏ ਨਸ਼ਿਆਂ ਚ
ਉਜੜੀ ਜਾਂਦੇ ਨੇ ਘਰ ਬਾਹਰ ਸੱਭ ਦੇ !!
ਫਾਹੇ ਲਾਈ ਕਰਜੇ ਕਿਰਸਾਨੀ ਰੱਬਾ
ਪਿੱਛੇ ਰੋਂਦਾ ਸਾਰਾ ਪਰਿਵਾਰ ਛੱਡ ਗਏ !!
ਛਾਈ ਧੁੰਦ ਤੇ ਪਿਆ ਹਨੇਰ ਰੱਬਾ
ਡੁੱਬ ਚਲਾ ਤੇਰਾ ਸੰਸਾਰ ਅੱਜ ਫੇਰ !!
ਬਾਬਾ ਨਾਨਕ ਫੇਰਾ ਪਾ ਜਾ ਵੇ
ਸੁਣ ਸਰਬ ਦੀ ਅੱਜ ਪੁਕਾਰ ਰੱਬ ਵੇ !!

**ਸਰਬਜੀਤ ਕੌਰ ਹਾਜੀਪੁਰ ਸ਼ਾਹਕੋਟ**

# ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ





# ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ 'ਤੇ ਚੱਲੀਏ

ਸੁਰਜੀਤ ਸਿੰਘ ਫਲੋਰਾ
647-829-9397

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਹਨ। ਗੁਰੂ ਨਾਨਕ ਦੇਵ ਜੀ ਪਹਿਲੇ ਸਿੱਖ ਗੁਰੂ ਬਣੇ ਅਤੇ ਉਨ੍ਹਾਂ ਦੀਆਂ ਰੂਹਾਨੀ ਸਿੱਖਿਆਵਾਂ ਨੇ ਉਹ ਨੀਂਹ ਰੱਖੀ ਜਿਸਦੇ ਅਧਾਰ 'ਤੇ ਸਿੱਖ ਧਰਮ ਦਾ ਨਿਰਮਾਣ ਹੋਇਆ ਸੀ। ਇਕ ਧਾਰਮਿਕ ਅਵਿਸ਼ਕਾਰ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਫੈਲਾਉਣ ਲਈ ਦੱਖਣੀ ਏਸ਼ੀਆ ਅਤੇ ਮੱਧ ਪੂਰਬ ਦੀ ਯਾਤਰਾ ਕੀਤੀ। ਉਹਨਾਂ ਨੇ ਇਕ ਪਰਮਾਤਮਾ ਦੀ ਹੋਂਦ ਦੀ ਵਕਾਲਤ ਕੀਤੀ ਅਤੇ ਆਪਣੇ ਅਨੁਯਾਈਆਂ ਨੂੰ ਸਿਖਾਇਆ ਕਿ ਹਰ ਇਨਸਾਨ ਮੰਨਣ ਅਤੇ ਹੋਰ ਪਵਿੱਤਰ ਅਭਿਆਸਾਂ ਦੁਆਰਾ ਪ੍ਰਮਾਤਮਾ ਕੋਲ ਪਹੁੰਚ ਸਕਦਾ ਹੈ। ਦਿਲਚਸਪ ਗੱਲ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮੱਠਵਾਦ ਦਾ ਸਮਰਥਨ ਨਹੀਂ ਕੀਤਾ ਅਤੇ ਆਪਣੇ ਪੈਰੋਕਾਰਾਂ ਨੂੰ ਇਮਾਨਦਾਰ ਘਰੇਲੂ ਜੀਵਨ ਜਿਉਣ ਲਈ ਕਿਹਾ। ਉਹਨਾਂ ਦੀਆਂ ਸਿੱਖਿਆਵਾਂ ਨੂੰ 974 ਭਜਨ ਦੇ ਰੂਪ ਵਿਚ ਅਮਰ ਕਰ ਦਿੱਤਾ ਗਿਆ, ਜੋ ਸਿੱਖ ਧਰਮ ਦੇ ਪਵਿੱਤਰ ਪਾਠ, 'ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ,' ਵਜੋਂ ਜਾਣੇ ਜਾਂਦੇ ਹਨ। 20 ਮਿਲੀਅਨ ਤੋਂ ਵੱਧ ਪੈਰੋਕਾਰਾਂ ਦੇ ਨਾਲ, ਸਿੱਖ ਧਰਮ ਭਾਰਤ ਵਿੱਚ ਇੱਕ ਮਹੱਤਵਪੂਰਨ ਧਰਮ ਹੈ। ਨਾਨਕ ਸਾਹਿਬ ਇੱਕ ਮੱਧ-ਸ਼੍ਰੇਣੀ ਹਿੰਦੂ ਪਰਿਵਾਰ ਵਿੱਚ ਪੈਦਾ ਹੋਏ ਸਨ, ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਉਨ੍ਹਾਂ ਦੇ ਮਾਪਿਆਂ, ਮਹਿਤਾ ਕਾਲੂ ਅਤੇ ਮਾਤਾ ਤ੍ਰਿਪਤਾ ਦੁਆਰਾ ਕੀਤਾ ਗਿਆ ਸੀ। ਉਹਨਾਂ ਨੇ ਆਪਣਾ ਬਚਪਨ ਦਾ ਬਹੁਤ ਸਾਰਾ ਸਮਾਂ ਆਪਣੀ ਵੱਡੀ ਭੈਣ ਬੇਬੇ ਨਾਨਕੀ ਨਾਲ ਬਿਤਾਇਆ ਕਿਉਂਕਿ ਉਹ ਦਾ ਗੁਰੂ ਸਹਿਬ ਨਾਲ ਬਚਪਨ ਤੋਂ ਹੀ ਲਗਾਉ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀ ਸੂਝ ਅਤੇ ਬ੍ਰਹਮ ਵਿਸ਼ਿਆਂ ਪ੍ਰਤੀ ਆਪਣੀ ਰੁਚੀ ਨਾਲ ਕਈਆਂ ਨੂੰ ਹੈਰਾਨ ਕਰ ਦਿੱਤਾ। ਆਪਣੀ 'ਉਪਨਯਾਨ' ਰਸਮ ਲਈ, ਉਸ ਨੂੰ ਪਵਿੱਤਰ ਧਾਗਾ ਪਹਿਨਣ ਲਈ ਕਿਹਾ ਗਿਆ। ਪਰ ਗੁਰੂ ਨਾਨਕ ਸਾਹਿਬ ਨੇ ਧਾਗਾ ਪਹਿਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਜਦੋਂ ਪੁਜਾਰੀ ਨੇ ਉਹਨਾਂ 'ਤੇ ਜ਼ੋਰ ਪਾਇਆ, ਤਾਂ ਇਕ ਜਵਾਨ ਨਾਨਕ ਨੇ ਇਕ ਧਾਗਾ ਪੁੱਛ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ, ਜਿਹੜਾ ਸ਼ਬਦ ਦੇ ਹਰ ਅਰਥ ਵਿਚ ਪਵਿੱਤਰ ਹੈ। ਉਹ ਚਾਹੁੰਦੇ ਸਨ ਕਿ ਧਾਗਾ ਰਹਿਮ ਅਤੇ ਸੰਤੁਸ਼ਟੀ ਦਾ ਬਣਿਆ ਹੋਵੇ, ਅਤੇ ਨਿਰੰਤਰਤਾ ਅਤੇ ਸੱਚ ਨੂੰ ਤਿੰਨਾਂ ਪਵਿੱਤਰ ਬੰਦਨਾਂ ਦਾ ਪ੍ਰਤੀਕ ਹੋਵੇ।

1475 ਵਿਚ, ਬਾਬੇ ਨਾਨਕ ਦੀ ਭੈਣ ਦਾ ਵਿਆਹ ਜੈ ਰਾਮ ਨਾਲ ਹੋ ਗਿਆ ਅਤੇ ਸੁਲਤਾਨਪੁਰ ਚਲੀ ਗਈ। ਗੁਰੂ ਨਾਨਕ ਸਾਹਿਬ ਕੁਝ ਦਿਨਾਂ ਲਈ ਆਪਣੀ ਭੈਣ ਨਾਲ ਰਹਿਣਾ ਚਾਹੁੰਦੇ ਸਨ। ਇਸ ਕਰਕੇ ਸੁਲਤਾਨਪੁਰ ਚਲੇ ਗਏ ਅਤੇ ਆਪਣੀ ਭੈਣ ਦੇ ਪਤੀ ਦੇ ਅਧੀਨ ਕੰਮ ਕਰਨਾ ਅਰੰਭ ਕਰ ਦਿੱਤਾ। ਸੁਲਤਾਨਪੁਰ ਵਿਚ ਠਹਿਰਨ ਵੇਲੇ, ਗੁਰੂ ਜੀ ਹਰ ਰੋਜ਼ ਸਵੇਰੇ ਨਦੀ ਵਿਚ ਨਹਾਉਣ ਅਤੇ ਮਨਨ ਕਰਨ ਲਈ ਜਾਂਦੇ ਸੀ। ਇਕ ਦਿਨ ਉਹ ਆਮ ਆਦਮੀ ਵਾਂਗ ਨਦੀ 'ਤੇ ਗਏ, ਪਰ ਤਿੰਨ ਦਿਨ ਵਾਪਸ ਨਹੀਂ ਆਏ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਜੰਗਲ ਦੇ ਅੰਦਰ ਡੂੰਘੇ ਚਲੇ ਗਏ ਅਤੇ ਤਿੰਨ ਦਿਨ ਉਥੇ ਰਹੇ। ਜਦੋਂ ਉਹ ਵਾਪਸ ਪਰਤੇ ਤਾਂ ਕੋਈ ਸ਼ਬਦ ਨਹੀਂ ਬੋਲਿਆ ਮੋਨ ਸਨ। ਜਦੋਂ ਅਖੀਰ ਵਿੱਚ ਉਹਨਾਂ ਨੇ ਕੁਝ ਬੋਲਿਆ, ਇਹ ਹੀ ਕਿਹਾ ਇੱਥੇ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ ਹੈ। ਇਹ ਸ਼ਬਦ ਉਹਨਾਂ ਦੀਆਂ ਸਿੱਖਿਆਵਾਂ ਦੀ ਸ਼ੁਰੂਆਤ ਸਨ ਜੋ ਇੱਕ ਨਵੇਂ ਧਰਮ ਦੇ ਗਠਨ ਦੇ ਸਿੱਟੇ ਵਜੋਂ ਆਉਂਦੀਆਂ ਹਨ। ਉਸ ਸਮੇਂ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਜਾਣੇ ਜਾਂਦੇ ਸਨ ਕਿਉਂਕਿ ਉਹ ਆਪਣੀਆਂ ਸਿੱਖਿਆਵਾਂ ਦਾ ਪ੍ਰਚਾਰ ਕਰਨ ਲਈ ਦੂਰੋਂ-ਦੂਰੋਂ ਯਾਤਰਾ ਕਰਦੇ ਸਨ। ਉਹਨਾਂ ਨੇ ਆਪਣੀ ਸਿੱਖਿਆਵਾਂ ਰਾਹੀਂ ਸਿੱਖ ਧਰਮ ਦੀ ਸਥਾਪਨਾ ਕੀਤੀ ਜੋ ਕਿ ਸਭ ਤੋਂ ਛੋਟੇ ਧਰਮਾਂ ਵਿੱਚੋਂ ਇੱਕ ਹੈ। ਧਰਮ ਮੱਠਵਾਦ ਨੂੰ ਅਪਣਾਏ ਬਗੈਰ ਆਤਮਕ ਜੀਵਨ ਜਿਉਣ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ। ਇਹ ਆਪਣੇ ਪੈਰੋਕਾਰਾਂ ਨੂੰ ਆਮ ਮਨੁੱਖੀ ਗੁਣਾਂ ਦੇ ਚੁੰਗਲ ਤੋਂ ਬਚਣਾ ਸਿਖਾਉਂਦਾ ਹੈ। ਜਿਵੇਂ ਵਾਸਨਾ, ਕ੍ਰੋਧ, ਲੋਭ, ਮੋਹ ਅਤੇ ਹੰਕਾਰੀ (ਸਮੂਹਕ ਤੌਰ 'ਤੇ ਪੰਜ ਚੋਰ ਵਜੋਂ ਜਾਣੇ ਜਾਂਦੇ ਹਨ। ਸਿੱਖ ਧਰਮ ਇੱਕ ਏਕਾਧਿਕਾਰਵਾਦੀ ਧਰਮ ਹੈ, ਜਿਹੜਾ ਮੰਨਦਾ ਹੈ ਕਿ ਪ੍ਰਮਾਤਮਾ ਨਿਰੰਕਾਰ, ਅਕਾਲ ਰਹਿਤ ਅਤੇ ਅਦਿੱਖ ਹੈ। ਇਹ ਦੁਨਿਆਵੀ ਭਰਮ (ਮਾਇਆ), ਕਰਮ ਅਤੇ ਮੁਕਤੀ ਦੀਆਂ ਧਾਰਨਾਵਾਂ ਵੀ ਸਿਖਾਉਂਦਾ ਹੈ। ਸਿੱਖ ਧਰਮ ਦੇ ਕੁਝ ਪ੍ਰਮੁੱਖ ਅਭਿਆਸ ਸਿਮਰਨ ਅਤੇ ਗੁਰਬਾਣੀ ਦਾ ਪਾਠ, ਗੁਰੂਆਂ ਦੁਆਰਾ ਰਚਿਤ ਬਾਣੀ ਹਨ। ਧਰਮ ਨਿਆਂ ਅਤੇ ਬਰਾਬਰੀ ਦੀ ਵਕਾਲਤ ਕਰਦਾ ਹੈ ਅਤੇ ਆਪਣੇ ਪੈਰੋਕਾਰਾਂ ਨੂੰ ਮਨੁੱਖਤਾ ਦੀ ਸੇਵਾ ਕਰਨ ਦੀ ਅਪੀਲ ਕਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿਖਾਇਆ ਕਿ ਹਰ ਮਨੁੱਖ ਆਤਮਕ ਸੰਪੂਰਨਤਾ ਪ੍ਰਾਪਤ ਕਰਨ ਦੇ ਸਮਰੱਥ ਹੈ ਜੋ ਆਖਰਕਾਰ ਉਹਨਾਂ ਨੂੰ ਪ੍ਰਮਾਤਮਾ ਵੱਲ ਲੈ ਜਾਂਦਾ ਹੈ। ਉਹਨਾਂ ਨੇ ਇਹ ਵੀ ਕਿਹਾ ਕਿ ਪ੍ਰਮਾਤਮਾ ਤੱਕ ਸਿੱਧੀ ਪਹੁੰਚ ਲਈ ਰਸਮਾਂ ਅਤੇ ਪੁਜਾਰੀਆਂ ਦੀ ਲੋੜ ਨਹੀਂ ਹੁੰਦੀ।

ਆਪਣੀਆਂ ਸਿੱਖਿਆਵਾਂ ਵਿੱਚ, ਗੁਰੂ ਨਾਨਕ ਦੇਵ ਜੀ ਨੇ ਜ਼ੋਰ ਦਿੱਤਾ ਕਿ ਪ੍ਰਮਾਤਮਾ ਨੇ ਬਹੁਤ ਸਾਰੀਆਂ ਦੁਨੀਆ ਰਚੀਆਂ ਹਨ ਅਤੇ ਜੀਵਨ ਵੀ ਬਣਾਇਆ ਹੈ। ਪ੍ਰਮਾਤਮਾ ਦੀ ਹਜ਼ੂਰੀ ਨੂੰ ਮਹਿਸੂਸ ਕਰਨ ਲਈ, ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਪ੍ਰਮਾਤਮਾ ਦਾ ਨਾਮ ਦੁਹਰਾਉਣ ਲਈ ਕਿਹਾ (ਨਾਮ ਜਪਣਾ)। ਉਹਨਾਂ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਦੂਜਿਆਂ ਦੀ ਸੇਵਾ ਕਰਕੇ ਅਤੇ ਸ਼ੋਸ਼ਣ ਜਾਂ ਧੋਖਾਧੜੀ ਵਿੱਚ ਉਲਝੇ ਬਿਨਾਂ ਇੱਕ ਇਮਾਨਦਾਰ ਜ਼ਿੰਦਗੀ ਜੀਣ ਦੁਆਰਾ ਇੱਕ ਆਤਮਕ ਜੀਵਨ ਜੀਉਣ ਦੀ ਅਪੀਲ ਦੇ ਵਚਨ ਕੀਤੇ। ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦੇ ਸੰਦੇਸ਼ ਨੂੰ ਫੈਲਾਉਣ ਲਈ ਦ੍ਰਿੜ ਸਨ। ਉਹ ਮਨੁੱਖਜਾਤੀ ਦੀ ਦੁਰਦਸ਼ਾ ਤੋਂ ਦੁਖੀ ਸਨ ਕਿਉਂਕਿ ਵਿਸ਼ਵ ਕਲਯੁਗ ਦੀ ਬੁਰਾਈ ਦਾ ਤੇਜ਼ੀ ਨਾਲ ਸ਼ਿਕਾਰ ਹੋ ਰਿਹਾ ਸੀ। ਇਸ ਲਈ, ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਪਮਹਾਦੀਪ ਦੀ ਯਾਤਰਾ ਕਰਨ ਦਾ ਫੈਸਲਾ ਕੀਤਾ। ਕਿਹਾ ਜਾਂਦਾ ਹੈ ਕਿ ਉਹਨਾਂ ਨੇ ਆਪਣੇ ਜੀਵਨ ਕਾਲ ਵਿਚ ਪੰਜ ਯਾਤਰਾਵਾਂ (ਉਦਾਸੀਆਂ) ਕੀਤੀਆਂ। ਆਪਣੀ ਪਹਿਲੀ ਯਾਤਰਾ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ, ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਉਨ੍ਹਾਂ ਦੇ ਯਾਤਰਾ ਦੀ ਮਹੱਤਤਾ ਬਾਰੇ ਉਨ੍ਹਾਂ ਨੂੰ ਦੱਸਣ ਲਈ ਉਨ੍ਹਾਂ ਦੇ ਮਾਪਿਆਂ ਨਾਲ ਗਏ ਸਨ। ਆਪਣੀ ਪਹਿਲੀ ਯਾਤਰਾ ਦੌਰਾਨ, ਗੁਰੂ ਨਾਨਕ ਦੇਵ ਜੀ ਨੇ ਅੱਜ ਦੇ ਭਾਰਤ ਅਤੇ ਪਾਕਿਸਤਾਨ ਦੇ ਬਹੁਤ ਸਾਰੇ ਹਿੱਸੇ ਕਵਰ ਕੀਤੇ, ਜਿਸ ਧ੍ਰਤੀ ਤੇ ਅੱਜ ਅਸੀਂ ਉਹਨਾਂ ਦੇ 550 ਗੁਰਪੁਰਬ ਮਨਾਉਣ ਦੀ ਖੁਸ਼ੀ ਮਨਾ ਰਹੇ ਹਾਂ ਤੇ ਦੋ ਦੇਸ਼ਾਂ ਦੀਆਂ ਦੂਰੀਆਂ ਨੂੰ ਫਿਰ ਤੋਂ ਖਤਮ ਕਰਨ ਦੇ ਯਤਨ ਕਰਕੇ ਮਨਾਂ ਦੀ ਦਵੈਸ਼ ਨੂੰ ਮਿਟਾ ਕੇ ਪਾਸ ਆ ਰਹੇ ਹਾਂ। ਜਿਸ ਦਾ ਸਿਹਰਾ ਨਵਜੋਤ ਸਿੰਘ ਸਿੱਧੂ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਜਾਂਦਾ ਹੈ। ਇਹ ਉਹ ਯਾਤਰਾ ਸੀ ਜੋ ਸੱਤ ਸਾਲਾਂ ਤੱਕ ਚੱਲੀ ਅਤੇ ਮੰਨਿਆ ਜਾਂਦਾ ਹੈ ਕਿ ਇਹ 1500 ਅਤੇ 1507 ਈ. ਦੇ ਵਿਚਕਾਰ ਹੋਈ ਸੀ।

ਆਪਣੀ ਦੂਸਰੀ ਯਾਤਰਾ ਵਿਚ, ਗੁਰੂ ਨਾਨਕ ਦੇਵ ਜੀ ਅਜੋਕੇ ਸ਼੍ਰੀਲੰਕਾ ਦੇ ਜ਼ਿਆਦਾਤਰ ਹਿੱਸਿਆਂ ਦਾ ਦੌਰਾ ਕੀਤਾ। ਇਹ ਯਾਤਰਾ ਵੀ ਤਕਰੀਬਨ ਸੱਤ ਸਾਲ ਚੱਲੀ।

ਆਪਣੀ ਤੀਜੀ ਯਾਤਰਾ ਵਿਚ, ਗੁਰੂ ਨਾਨਕ ਦੇਵ ਜੀ ਨੇ ਹਿਮਾਲਿਆ ਦੇ ਮੁਸ਼ਕਿਲ ਇਲਾਕਿਆਂ ਵਿਚੋਂ ਲੰਘੇ ਅਤੇ ਕਸ਼ਮੀਰ, ਨੇਪਾਲ, ਤਾਸ਼ਕੰਦ, ਤਿੱਬਤ ਅਤੇ ਸਿੱਕਮ ਵਰਗੀਆਂ ਥਾਵਾਂ ਨੂੰ ਭਾਗ ਲਾਏ। ਇਹ ਯਾਤਰਾ ਲਗਭਗ ਪੰਜ ਸਾਲ ਚੱਲੀ ਅਤੇ 1514 ਅਤੇ 1519 ਈ. ਦੇ ਵਿਚਕਾਰ ਹੋਈ। ਫਿਰ ਉਹਨਾਂ ਨੇ ਆਪਣੀ ਚੌਥੀ ਯਾਤਰਾ ਵਿਚ ਮੱਕਾ ਅਤੇ ਮੱਧ ਪੂਰਬ ਦੇ ਬਹੁਤ ਸਾਰੇ ਹਿੱਸਿਆਂ ਦੀ ਯਾਤਰਾ ਕੀਤੀ। ਇਹ ਤਕਰੀਬਨ ਤਿੰਨ ਸਾਲ ਚੱਲੀ। ਆਪਣੀ ਪੰਜਵੀਂ ਅਤੇ ਅੰਤਮ ਯਾਤਰਾ, ਜੋ ਦੋ ਸਾਲਾਂ ਤੱਕ ਚੱਲੀ, ਵਿਚ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੇ ਖੇਤਰ ਵਿਚ ਸੰਦੇਸ਼ ਫੈਲਾਉਣ 'ਤੇ ਧਿਆਨ ਕੇਂਦਰਿਤ ਕੀਤਾ। ਉਹ ਆਪਣੀਆਂ ਬਹੁਤੀਆਂ ਯਾਤਰਾਵਾਂ ਵਿਚ ਭਾਈ ਮਰਦਾਨਾ ਦੇ ਨਾਲ ਸੀ. ਹਾਲਾਂਕਿ ਵਿਦਵਾਨਾਂ ਦੁਆਰਾ ਇਹਨਾਂ ਯਾਤਰਾਵਾਂ ਦੀ ਪ੍ਰਮਾਣਿਕਤਾ ਨੂੰ ਚੁਣੌਤੀ ਦਿੱਤੀ ਗਈ ਹੈ, ਇਹ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 24 ਸਾਲ ਆਪਣੀ ਯਾਤਰਾ ਵਿੱਚ ਬਿਤਾਏ, ਜੋ ਕੇ ਤਕਰੀਬਨ 28,000 ਕਿਲੋਮੀਟਰ ਦੀ ਪੈਦਲ ਬਣਦੀ ਹੈ। ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਉਸ ਸਮੇਂ ਆਇਆ ਜਦੋਂ ਵੱਖ ਵੱਖ ਧਰਮਾਂ ਵਿਚ ਆਪਸ ਵਿਚ ਮਤਭੇਦ ਸਨ। ਮਨੁੱਖਤਾ ਹੰਕਾਰ ਅਤੇ ਹਉਮੈ ਦੇ ਨਸ਼ੇ ਵਿਚ ਇੰਨੀ ਸੀ ਕਿ ਲੋਕਾਂ ਨੇ ਰੱਬ ਅਤੇ ਧਰਮ ਦੇ ਨਾਮ 'ਤੇ ਇਕ ਦੂਸਰੇ ਵਿਰੁੱਧ ਲੜਨਾ ਸ਼ੁਰੂ ਕਰ ਦਿੱਤਾ ਸੀ। ਇਸ ਲਈ, ਗੁਰੂ ਨਾਨਕ ਦੇਵ ਜੀ ਨੇ ਆਪਣੀ ਸਿੱਖਿਆ ਦੀ ਸ਼ੁਰੂਆਤ ਇਹ ਕਹਿ ਕੇ ਕੀਤੀ ਕਿ ਇੱਥੇ ਕੋਈ ਹਿੰਦੂ ਨਹੀਂ ਅਤੇ ਨਾ ਹੀ ਮੁਸਲਮਾਨ ਹਨ। ਇਹ ਇਸ ਤੱਥ ਦਾ ਸੰਕੇਤ ਕਰਦਾ ਹੈ ਕਿ ਪ੍ਰਮਾਤਮਾ ਇੱਕ ਹੈ ਅਤੇ ਉਹ ਸਿਰਫ ਵੱਖੋ ਵੱਖਰੇ ਧਰਮਾਂ ਦੁਆਰਾ ਵੱਖਰੇ ਤੌਰ 'ਤੇ ਵੇਖਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਭਾਵੇਂ ਉਦੇਸ਼ ਨਹੀਂ ਸਨ, ਨੇ ਕੁਝ ਹੱਦ ਤੱਕ ਹਿੰਦੂਆਂ ਅਤੇ ਮੁਸਲਮਾਨਾਂ ਦੀ ਏਕਤਾ ਵਿੱਚ ਯੋਗਦਾਨ ਪਾਇਆ, ਉਹਨਾਂ ਨੇ ਮਨੁੱਖਤਾ ਦੀ ਬਰਾਬਰੀ ਦੀ ਮਹੱਤਤਾ ਉੱਤੇ ਵੀ ਜ਼ੋਰ ਦਿੱਤਾ। ਉਹਨਾਂ ਨੇ ਗੁਲਾਮੀ ਅਤੇ ਨਸਲੀ ਵਿਤਕਰੇ ਦੀ ਨਿੰਦਾ ਕਰਦਿਆਂ ਕਿਹਾ ਕਿ ਸਾਰੇ ਬਰਾਬਰ ਹਨ। ਗੁਰੂ ਨਾਨਕ ਦੇਵ ਜੀ ਇਕ ਸਭ ਤੋਂ ਮਹੱਤਵਪੂਰਣ ਧਾਰਮਿਕ ਸ਼ਖਸੀਅਤ ਹਨ ਜਿਨ੍ਹਾਂ ਨੇ ਭਾਰਤ ਵਿਚ ਸਭ ਨੂੰ ਇਕ ਜੁਟ ਹੋਣ ਵਿਚ ਯੋਗਦਾਨ ਪਾਇਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੈਰੋਕਾਰਾਂ ਨੂੰ ਹਰ ਧਰਮ ਅਤੇ ਹਰ ਇਨਸਾਨ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਬਰਾਬਰ ਸਮਝਣ ਦੀ ਅਪੀਲ ਕੀਤੀ। ਉਹਨਾਂ ਨੇ ਇਹ ਕਹਿ ਕੇ ਰੱਬ ਵਿਚ ਨਿਹਚਾ ਵੀ ਬਹਾਲ ਕੀਤੀ ਕਿ ਸਿਰਜਣਹਾਰ ਧਰਤੀ ਉੱਤੇ ਜੋ ਕੁਝ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਉਸ ਵਿਚ ਡੂੰਘਾ ਹਿੱਸਾ ਹੈ। ਹਾਲਾਂਕਿ ਹਿੰਦੂ ਧਰਮ ਅਤੇ ਬੁੱਧ ਧਰਮ ਦੇ ਸੰਪਰਦਾਵਾਂ ਸਮੇਤ ਬਹੁਤੇ ਪ੍ਰਮੁੱਖ ਧਰਮਾਂ ਨੇ ਮੁਕਤੀ ਪ੍ਰਾਪਤ ਕਰਨ ਲਈ ਮੱਠ ਧਰਮ ਦੀ ਵਕਾਲਤ ਕੀਤੀ, ਗੁਰੂ ਨਾਨਕ ਦੇਵ ਜੀ ਇਕ ਧਰਮ ਲੈ ਕੇ ਆਏ ਜੋ ਇਕ ਘਰੇਲੂ ਜੀਵਨ-ਸ਼ੈਲੀ ਦਾ ਸਮਰਥਨ ਕਰਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਸਮਾਜ ਦੇ ਅੰਦਰ ਆਮ ਜੀਵਨ ਦੌਰਾਨ ਮੁਕਤੀ ਪ੍ਰਾਪਤ ਕਰਨ ਦੇ ਤਰੀਕਿਆਂ ਬਾਰੇ ਵੀ ਸਿਖਾਇਆ। ਉਹਨਾਂ ਨਾ ਸਿਰਫ ਆਪਣੇ ਆਦਰਸ਼ਾਂ ਨੂੰ ਸਿਖਾਇਆ, ਬਲਕਿ ਇੱਕ ਜੀਵਤ ਉਦਾਹਰਣ ਵਜੋਂ ਵੀ ਸੇਵਾ ਕੀਤੀ। ਜਦੋਂ ਗੁਰੂ ਨਾਨਕ ਦੇਵ ਤੋਂ ਬਾਅਦ ਨੌਂ ਗੁਰੂਆਂ ਨੇ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਪਾਲਣ ਕੀਤਾ ਅਤੇ ਆਪਣੇ ਸੰਦੇਸ਼ ਨੂੰ ਜਾਰੀ ਰੱਖਣਾ ਜਾਰੀ ਰੱਖਿਆ। ਆਪਣੀਆਂ ਸਿੱਖਿਆਵਾਂ ਦੁਆਰਾ, ਗੁਰੂ ਨਾਨਕ ਹਿੰਦੂਆਂ ਅਤੇ ਮੁਸਲਮਾਨ ਦੋਵਾਂ ਵਿੱਚ ਬਹੁਤ ਮਕਬੂਲ ਹੋਏ ਸਨ, ਉਹਨਾਂ ਦੇ ਆਦਰਸ਼ ਅਜਿਹੇ ਸਨ ਕਿ ਦੋਵਾਂ ਭਾਈਚਾਰਿਆਂ ਨੇ ਇਸ ਨੂੰ ਆਦਰਸ਼ ਪਾਇਆ। ਉਨ੍ਹਾਂ ਦੋਵਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਇਕ ਹੋਣ ਦਾ ਅਤੇ ਮਸੀਹਾ ਕਹਿਣ ਦਾ ਦਾਅਵਾ ਕੀਤਾ।

# ਨਾਨਕ ਦੀਆ ਸਿੱਖਿਆਵਾ ਪ੍ਰਤੀ ਸੱਚੀ ਸਰਧਾ ਦੀ ਲ਼ੋੜ

ਗੁਰੂ ਨਾਨਕ ਸਭ ਧਰਮਾ ਦੇ ਸਾਝੇ ਗੁਰੂ ਸਨ। ਉਹਨਾ ਹਮੇਸਾ ਹੀ ਕੁਲ ਆਲਮ ਦੇ ਭਲੇ ਦੀ ਕਾਮਨਾ ਕੀਤੀ। ਸਿੱਖ ਧਰਮ ਦੇ ਮੋਢੀ ਹੋਣ ਦੇ ਨਾਲ ਉਹ ਇਕ ਕ੍ਰਾਂਤੀਕਾਰੀ ਧਾਰਨਾ ਦੇ ਵੱਡੇ ਅਨੁਆਈ ਵੀ ਹੋਏ। ਜਿਨਾ ਨੇ ਆਪਣੀ ਆਭਾ ਦੇ ਸਦਕੇ ਸਮਾਜ ਵਿੱਚ ਸਕਾਰਾਤਮਕ ਬਦਲਾਉ ਦੀ ਦ੍ਰਿਸਟੀ ਨਾਲ ਬਾਣੀ ਰਚੀ ਤੇ ਵਿਖਿਆਣ ਕੀਤਾ। ਜਿਸ ਨਾਲ ਉਹ ਸਮੁੱਚੀ ਦੁਨੀਆ ਦਾ ਭਲਾ ਲੋਚਦੇ ਹੋਏ ਜਾਤ,ਧਰਮ,ਨਸ਼ਲ ਤੇ ਸਰਹੱਦਾ ਦੀਆ ਬੰਧਸਾ ਨੂੰ ਕੋਹਾ ਦੂਰ ਰੱਖਿਆ। 30 ਸਾਲ ਦੁਨੀਆ ਦੇ ਵੱਖ-2 ਦੇਸਾ ਵਿੱਚ ਅਲੌਕਿਕ ਬਾਣੀ ਦੇ ਨਾਲ ਜਗਤ ਭਲਾਈ ਦਾ ਸਨੇਹਾ ਦਿੰਦੇ ਰਹੇ। ਇਸ ਦੌਰਾਨ ਉਹ ਸ੍ਰੀ ਲੰਕਾ ,ਨੇਪਾਲ ,ਤਿੱਬਤ , ਿ ਸ ੱ ਕ ਮ , ਮ ੱ ਕ ਾ ,ਬਗਦਾਦ ,ਚੀਨ ,ਮੁਲਤਾਨ ,ਪਕਿਸਤਾਨ , ਦੇ ਨਾਲੋ ਨਾਲ ਪੰਜਾਬ, ਹਰਿਆਣਾ,ਹਿਮਾਚਲ ਪ੍ਰਦੇਸ ,ਗੁਜਰਾਤ ,ਹਰਿਦੁਆਰ ,ਦਿੱਲੀ ,ਕਸਮੀਰ ਅਤੇ ਹੋਰ ਅਨੇਕਾ ਸ਼ਹਿਰਾ ਵਿੱਚ ਯਾਤਰਾਂਵਾ ਕੀਤੀਆ। ਬਾਬੇ ਨਾਨਕ ਨੂੰ ਨੇਪਾਲ ਵਿੱਚ ਰਿਸ਼ੀ ਨਾਨਕ ,ਤਿੱਬਤ ਵਿੱਚ ਨਾਨਕ ਲਾਮਾਂ,ਮੱਕੇ @ਚ ਵਲੀ ਹਿੰਦ ,ਬਗਦਾਦ ਨਾਨਕ ਪੀਰ ਤੋ ਇਲਾਵਾ ਹੋਰ ਵੀ ਅਨੇਕਾ ਨਾਵਾਂ ਨਾਲ ਆਪਣਾ ਗੁਰੂ ਸਮਝ ਕੇ ਅਪਣਇਆ।

ਪੰਜਾਬ ਨੂੰ ਵਿਗੜੀ ਸਿਆਸੀ ਖੇਡ ਨਾਲ ਹਰ ਪਾਸੇ ਤੋ ਮਾਰਾ ਪੈ ਰਹੀਆ ਖੁਦਕੁਸੀਆ ,ਨਸ਼ਿਆ ਦਾ ਕਹਿਰ, ਕਰਜੇ ਹੋਰ ਅਨੇਕਾ ਅਲਾਮਤਾ @ਚ ਘਿਰਿਆ ,ਤਾ ਬਾਕਿਆ ਹੀ ਜਾਪਦਾ ਹੈ ÷ ਕ੍ਰਿਤ ਕਰੋ ,ਨਾਮ ਜਪੋ ਤੇ ਵੰਡ ਛਕੋ ਦੇ ਸੰਕਲਪ ਨਾਲ ਜਿਵੇ ÷ ਕਲ ਤਾਰਨ ਗੁਰ ਨਾਨਕ ਆਇਏ ÷ ਦੀ ਲੋੜ ਹੈ। ਸੰਸਾਰ ਕੋਨੋ ਤੋ ਲੈ ਕੇ ਪੰਜਾਬ ਦੇ ਹਰ ਗੁਰਦੁਵਾਰੇ ਵਿੱਚ ਨਾਨਕ ਨੂੰ ਸਮਰਪਿਤ ਲੰਗਰ, ਕੀਰਤਨ, ਸਜਾਵਟਾ ਤੇ ਫੇਰੀਆ ਵਾਸਤੇ ਅਥਾਹ ਧੰਨ ਇਕੱਠਾ ਕਰ ਸੰਗਤ ਦੀ ਸੇਵਾ ਹੁੰਦੀ ਹੈ। ਜੇ ਇਸ ਸਭ ਕੁਝ ਦੇ ਨਾਲ ਉਹਨਾ ਵਲੋ ਦੱਸੇ ਜਿੰਦਗੀ ਦੀ ਸਫਲਤਾ ਤੇ ਸਾਂਤੀ ਨਾਲ ਲਿਬਰੇਜ ਉਪਦੇਸ ÷ ਕ੍ਰਿਤ ਕਰੋ ,ਨਾਮ ਜਪੋ ਤੇ ਵੰਡ ਛਕੋ ÷ ਦੀ ਪੂਰਨ ਵਿਆਖਿਆ ਤੇ ਸਿੱਖਿਆਵਾ ਦੇ ਕਿਤਾਬਚੇ ਹਰ ਮਨੁੱਖ ਤੱਕ ਪਹੁੰਚਾਏ ਜਾਦੇ ਤਾ ਜੋ ਸਮੇ ਦੀ ਮਾਰੀ ਜਨਤਾ ਸਹੀ ਮਾਰਗ ਦਰਸ਼ਨ ਕਰ ਸਕੇ। ਪੰਜਾਬੀਆ ਨੇ ਹਮੇਸਾ ਹੀ ਮੁਸਕਲਾ ਦੇ ਹੱਲ਼ ਕੱਢਣ ਲਈ ਬਾਣੀ ਦੀ ਓਟ ਲੈ ਕੇ ਸੰਸਾਰ ਦਾ ਭਲਾ ਕੀਤਾ। ਜਿਸ ਦੀ ਵੱਡੀ ਉਦਾਹਰਨ ਲੰਗਰ ਪ੍ਰਥਾ ਦੇ ਨਾਲ ਖਾਲਸਾ ਏਡ ਵਲੋ ਸੰਸਾਰ ਭਰ ਵਿੱਚ ਲੋਕਾ ਨੂੰ ਅਨੇਕਾ ਮੁਸਕਲਾ ਸਮੇ ਬਿਨਾ ਕਿਸੇ ਭੇਦ-ਭਾਵ ਤੋ ਸੇਵਾ ਨਿਭਾਈ ਤੇ ਨਿਭਾ ਰਹੇ ਹਨ। ਸਮੇ ਦੇ ਨਾਲ ਇਸ ਪ੍ਰਥਾ ਦੇ ਘੇਰੇ ਨੂੰ ਵਡੇਰੇ ਕਰ ਦਿਆ ਸਿੱਖ ਕੌਮ ਨੇ ਇਸ ਵਿੱਚ ਲੋੜ ਅਨੁਸਾਰ ਦਵਾਈਆ,ਕੱਪੜੇ ,ਕਿਤਾਬਾ,ਬੂਟੇ ਤੇ ਮੈਡੀਕਲ ਸੇਵਾਵਾਂ ਨੂੰ ਵੀ ਲੰਗਰ ਵਿੱਚ ਸਾਮਿਲ ਕਰ ਲਿਆ।

ਪੈਸੇ ਦੀ ਅੰਨੀ ਦੌੜ ਨੇ ਮਨੁੱਖ ਬੁੱਧੀ ਭ੍ਰਿਸਟ ਕਰ ਦਿੱਤਾ। ਉਹਨਾ ਨਾਨਕ ਦੇ ਉਪਦੇਸਾ ਨੂੰ ਵਿਸਾਰ ਸਾਫ ਸੁਧਰੇ ਜੀਵਨ ਲਈ ਕੁਦਰਤ ਨੇ ਬਖਸੇ ਅਨਮੋਲ ਖਜਾਨੇ ਹਵਾ,ਪਾਣੀ ਤੇ ਧਰਤੀ ਨੂੰ ਵੀ ਨਹੀ ਬਖਸਿਆ। ਸਰਕਾਰਾ ਨੇ ਵਿਕਾਸ ਦੇ ਨਾਮ ਤੇ ਪੰਜਾਬ ਕੀ ਪੂਰੇ ਭਾਰਤ ਦੀਆ ਸ਼ੜਕਾ ਰੁੰਡ-ਮੁਰੰਡ ਕਰ ਦਿੱਤੀਆ, ਸੁੰਦਰ ਤੇ ਸੁਰੱਖਿਤ ਘਰਾ ਦਾ ਆੜ ਹੇਠ ਬਿਲਡਰਾ ਅਤੇ ਪੂਜੀਪਤੀਆ ਨੇ ਵਾਹੀ ਯੋਗ ਜਮੀਨ ਨੂੰ ਕੰਕਰੀਟ ਦੇ ਜੰਗਲ ਬਣਾਉਣ ਵਿੱਚ ਕੋਈ ਕਸਰ ਨਹੀ ਛੱਡੀ। ਜਦੋ ਬਾਬੇ ਨਾਨਕ ਨੇ ਇਹਨਾ ਦੀ ਤੁਲਨਾ ÷ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ ÷ ਦੇ ਬਰਾਬਰ ਰੱਖ ਕੇ ਪੂਜਣ ਯੋਗ ਸਤਿਕਾਰ ਬਖਸਿਆ ਸੀ। ਲੋਕੀ ਕਲੋਨੀਆ ਕੱਟਣ ਨਾਲ ਪੈਸਾ ਦੀ ਬਹੁਤਾਤ ਨੇ ਮਾਨਵੀ ਸਾਝਾ ਨੂੰ ਖੋਰਾ ਲਗਾਇਆ। ਜਵਾਨੀ ਨੂੰ ਨਸ਼ੇ ਵੱਲ ਧਕੇਲਿਆ ਹੈ।ਸਿਆਸੀ ਸੈਅ ਨਾਲ ਗੈਰ ਕਨੂੰਨੀ ਫੈਕਟਰੀਆ ਦਾ ਗੰਧਲਾ ਪਾਣੀ ਤੇ ਧੂਏ ਨਾਲ ਵਾਤਾਵਰਨ ਪਲੀਤ ਹੋਇਆ। ਪੰਜਾਬ ਦੀ ਤਰਾਸਦੀ ਵਾਲੀ ਤਸਵੀਰ ਕਿਸੇ ਤੋ ਛਿਪੀ ਨਹੀ। ਹਰ ਰੋਜ ਅਖਬਾਰਾ ਦੀਆ ਖਬਰਾ ਤੇ ਸਰਕਾਰੀ ਅੰਕੜੇ ਇਸਦੀ ਤਾਕੀਦ ਕਰਦੇ ਹਨ। ਕਿ ਕਿਵੇ ਨਸ਼ੇ ,ਕਰਜੇ ਤੇ ਬੇਰੁਜਗਾਰੀ ਕਾਰਨ ਹਜਾਰਾ ਹੀ ਲੋਕ ਇਸ ਜਹਾਨੋ ਰੁਖਸਤ ਕਰ ਰਹੇ ਹਨ। ਕੀ ਸਾਡੇ ਗੁਰੂਆ ਪੀਰਾ ਦੀ ਬਾਣੀ ਅਜਿਹੇ ਸਮਾਜ ਦਾ ਰਚੇਤਾ ਹੈ ? ਸਮਾਜਿਕ ਤੇ ਕੁਦਰਤ ਦੇ ਵਿਗੜ ਚੁੱਕੇ ਘੇਰੇ ਨੂੰ ਅਲਾਹੀ ਬਾਣੀ ਦੇ ਦਰਸਾਏ ਰਾਹਾ ਤੇ ਚੱਲ ਕੇ ਸਵਾਰਨ ਦਾ ਉਪਰਾਲਾ ਕੀਤੇ ਜਾਣ। ਤਾ ਜੋ ਆਉਣ ਵਾਲੀਆ ਪੀੜੀਆ ਦਾ ਭਵਿੱਖ ਖੁਸ਼ਹਾਲ ਤੇ ਬੇਹਤਰ ਹੋਵੇ। ਗੁਰੂ ਨਾਨਕ ਦੀਆ ਸਿੱਖਿਆਵਾ ਨੂੰ ਕੁਲ ਦੁਨੀਆ ਤੱਕ ਪਹੁੰਚਾਉਣਾ ਤੇ ਆਪਨਾਉਣਾ ਹੀ ਸੱਚੀ ਸਰਧਾ ਦੇ ਪ੍ਰਤੀਕ ਹੋਵੇਗੇ।

ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ



# ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ



## ਬਾਬਾ ਨਾਨਕ ਜੇ ਅੱਜ ਆ ਜਾਵੇ

ਜੇਕਰ ਗੁਰੂ ਨਾਨਕ ਦੇਵ ਜੀ ਖ਼ੁਦ ਅੱਜ ਆ ਜਾਣ
ਸਾਡੇ ਸਿੱਖ ਉਨ੍ਹਾਂ ਉੱਤੇ ਹੈਰਾਨੀ ਬਹੁਤ ਪ੍ਰਗਟਾਣ
ਬਾਬਾ ਜੀ ਤਾਂ ਕਰਮ ਕਾਂਡਾਂ ਵਿਚੋਂ ਸਾਨੂੰ ਕੱਢਿਆ ਸੀ
ਅਸੀਂ ਵਹਿਮਾਂ ਵਿੱਚ ਫਸੇ ਜਿਸ ਦਾ ਫ਼ਸਤਾ ਵੱਢਿਆ ਸੀ
ਬਾਣੀ ਨੂੰ ਪਡ-ਪਡ ਕੇ ਨਿੱਤ ਹੀ ਪੂਜਾ ਕਰਦੇ ਹਾਂ
ਜੋ ਸੱਚ ਦਾ ਰਾਹ ਦਰਸਾਇਆ ਉਸ ਤੇ ਚੱਲਣੋਂ ਡਰਦੇ ਹਾਂ
ਬਾਬਾ ਤੂੰ ਤਾਂ ਲਿੱਬੜਿਆ ਜਿਹਾ ਇਕ ਬਾਬਾ ਕਿਰਤੀ ਹੈਂ
ਲਿਸ਼ਕੇ ਪੁਸ਼ਕੇ ਹੁਣ ਬਾਬੇ ਮਾਇਆ ਵਿਚ ਬਿਰਤੀ ਹੈ
ਹੱਥੀਂ ਕਿਰਤ ਕਰਨ ਵੰਡ ਛਕਣ ਦਾ ਤੇਰਾ ਹੋਕਾ ਸੀ
ਸਾਡੇ ਲਈ ਮਾਇਆ 'ਕੱਠੀ ਕਰਨ ਦਾ ਇਹੀ ਮੌਕਾ ਸੀ
ਨਾ ਬਾਬਾ ਤੇਰੇ ਕੋਲ ਮਹਿੰਗੀਆਂ ਗੱਡੀਆਂ ਨੇ
ਨਾ ਦਿਸਣ ਤੇਰੀਆਂ ਚੇਲੀਆਂ ਸੋਹਣੀਆਂ ਨੱਢੀਆਂ ਨੇ
ਨਾ ਬਾਬਾ ਤੇਰੇ ਗੋਡਿਆਂ ਤੀਕਰ ਚਿੱਟਾ ਚੋਲ਼ਾ ਹੈ
ਨਾ ਤੇਰੇ ਨਾਲ ਵਾਜ਼ੇ ਗਾਜ਼ੇ ਵਾਲਾ ਰੋਲ਼ ਘਚੋਲ਼ਾ ਹੈ
ਦੇਗ ਮੋਟੀ ਰਕਮ ਦੀ ਕਰਵਾ ਕੇ ਗੁਰੂਦਵਾਰੇ ਜਾਣਾ ਪਊ
ਮਾਇਆ ਦੀ ਅਰਦਾਸ ਕਰਾ ਕੇ ਪਾਪ ਛੁਪਾਉਣਾ ਪਊ
ਸਿਆਸਤਦਾਨਾਂ ਇੱਥੇ ਵਰਤਣਾ ਹੈ ਤੈਨੂੰ ਵੋਟਾਂ ਲਈ
ਤੂੰ ਸੰਗਤ ਨੂੰ ਵਰਤਦਾ ਰਹਿ ਬਸ ਨੋਟਾਂ ਲਈ
ਹੈਰਾਨ ਹੋਏਂਗਾ ਤਕ ਗੁਰੂ ਘਰ ਡੇਰੇ ਤੇ ਟਕਸਾਲਾਂ ਨੂੰ
ਮੈਥੋਂ ਬਿਨਾਂ ਨਹੀਂ ਤੱਕਦਾ ਹੁਣ ਤਕ ਗ਼ਰੀਬਾਂ ਦੇ ਹਾਲਾਂ ਨੂੰ
ਤੂੰ ਉਦਾਸੀਆਂ ਕੀਤੀਆਂ ਲੋਕਾਂ ਦੀ ਭਲਾਈ ਲਈ
ਹੁਣ ਬਾਬੇ ਚੜ ਜਹਾਜ਼ੇ ਮੋਟੀ ਕਮਾਈ ਲਈ
ਵਿਦੇਸ਼ਾਂ ਵਿਚ ਪ੍ਰਚਾਰ ਕਰਨ ਲਈ ਸਿੱਖੀ ਜਾਂਦੇ ਨੇ
ਜੋ ਹਾਲ ਸਿੱਖੀ ਦੇ ਘਰ ਦਾ ਉਹ ਛਪਾਦੇ ਨੇ
ਤੇਰੇ ਨਾਂ ਉੱਤੇ ਅਨੇਕਾਂ ਲੁਟੇਰਿਆਂ ਨੇ ਲੁੱਟ ਮਚਾਈ ਏ
ਹਰ ਕੋਈ ਇਹੋ ਆਖਦਾ ਸਿੱਖੀ ਮੈਂ ਹੀ ਬਚਾਈਏ ਏ
ਤੇਰੇ ਚਲਾਏ ਗੁਰੂ ਗ੍ਰੰਥ ਦੀ ਬੇਅਦਬੀ ਹੁਣ ਆਮ ਹੋਈ
ਇਸ ਬੇਅਦਬੀ ਉਤੇ ਸਿਆਸਤ ਵੀ ਸ਼ਰ੍ਹੇਆਮ ਹੋਈ
ਬਾਬਾ ਜੇ ਤੂੰ ਅੱਜ ਆਜੇ ਇੱਥੇ ਤੈਨੂੰ ਖੜ੍ਹ ਨਹੀਂ ਦੇਣਾ
ਤੇਰੇ ਹੀ ਗੁਰਦੁਆਰਿਆਂ ਵਿੱਚ ਤੈਨੂੰ ਵੜਨ ਨਹੀਂ ਦੇਣਾ
ਬੱਬੀ ਹੋ ਨਿਮਾਣਾ ਤੈਨੂੰ ਸਦਾ ਹੀ ਸਦਾ ਪਾਏਗਾ
ਕਲਮ ਜੋ ਤੂੰ ਹੈ ਬਖ਼ਸ਼ੀ ਸੱਚ ਤੇ ਉਹ ਚਲਾਏਗਾ

**ਬਲਬੀਰ ਸਿੰਘ ਬੱਬੀ**
7009107300

## ਗੀਤ ਮੇਰਾ ਬਾਬਾ ਨਾਨਕ

ਕਿਉਂ ਰਾਹੋਂ-ਕਰਾਹ ਪੈ ਗਿਆ ਏਂ
ਵਿਸਾਰ ਬਾਣੀ ਨੂੰ ਬਹਿ ਗਿਆ ਏਂ
ਜੋ ਤਸਵੀਰ ਸਜਾਈ ਕੰਧਾਂ ਤੇ, ਨਿੰਰਕਾਰੀ ਉਹ ਦਰਵੇਸ਼ ਨਹੀਂ
ਇਹ ਮੇਰਾ ਬਾਬਾ ਨਾਨਕ ਨਹੀਂ, ਇਹ ਨਾਨਕ ਦਾ ਸੰਦੇਸ਼ ਨਹੀਂ
ਜੋ ਤਸਵੀਰ ਸਜਾਈ ਮਹਿਲਾਂ ਵਿਚ------ - ------ -
ਕੀ ਔਕਾਤ ਕਿਸੇ ਦੀ ਸਿਰਜ ਦਵੇ, ਪ ?ਕਾਸ਼ਾਂ ਦੇ ਪ ?ਕਾਸ਼ ਨੂੰ
ਨੂਰ ਇਲਾਹੀ ਸ਼ਬਦਾਂ ਅੰਦਰ, ਰਹਿਬਰ ਖ਼ੁਦਾ ਦੇ ਖਾਸ਼ ਨੂੰ
ਨਾ ਕਰ ਪੂਜਾ, ਨਾ ਧੂਫ਼ ਧੁਖਾ, ਧਨ ਗੋਲ਼ਕ ਦੇ ਕਰ ਪੇਸ਼ ਨਹੀਂ
ਜੋ ਤਸਵੀਰ ਸਜਾਈ ਕੰਧਾਂ ਤੇ------ ----------
ਉਹ ਯਾਰ ਗਰੀਬ ਲਿਤਾੜੇ ਦਾ, ਆ ਮਹਿਲਾਂ ਨੂੰ ਠੁਕਰਾ ਜਾਵੇ
ਹੈ ਬਾਬਰ ਕੀ ਤੇ ਜਾਬਰ ਕੀ, ਓਹ ਮੈਂਅ ਦੀ ਧੌਣ ਝੁਕਾ ਜਾਵੇ
ਪੂਪਨਿਆਂ ਸਾਧ ਪਖੰਡੀਆਂ ਦਾ, ਧਾਰਿਆ ਉਸ ਨੇ ਵੇਸ ਨਹੀਂ
ਜੋ ਤਸਵੀਰ ਸਜਾਈ ਕੰਧਾਂ ਤੇ---------------------
ਕਿਰਤ ਕਰੀ ਤੇ ਹੋਕਾ ਕਿਰਤ ਦਾ, ਗਲ਼ ਕਿਰਤੀ ਨੂੰ ਲਾਇਆ ਉਸ
ਤਿਆਗ਼ ਮਖ਼ਮਲੀ ਗੱਦਿਆਂ ਨੂੰ, ਮੁਸ਼ਕਲਾਂ ਨੂੰ ਅਪਣਾਇਆ ਉਸ
ਕੀਤੇ ਸਫ਼ਰ ਥਲਾਂ ਦੇ ਜ਼ਿੰਦਗ਼ੀ ਭਰ, ਦੇਖਿਆ ਦੇਸ-ਪਰਦੇਸ ਨਹੀਂ
ਜੋ ਤਸਵੀਰ ਸਜਾਈ ਕੰਧਾਂ ਤੇ-------- -----------@
ਨਾਮ ਜਪੋ ਤੇ ਵੰਡ ਛਕੋ ਦਾ , ਕਰਮ ਤਿਆਗ਼ ਗਿਓ ਸੱਜਣਾ
ਚਿਮਟਿਆਂ ਢੋਲਕਾਂ ਦੀ ਖੱਪ, ਰਾਗ਼ ਤਿਆਗ਼ ਰਿਹੋਂ ਸੱਜਣਾ
ਚਿੱਟੇ ਚੋਲੇ ਨੀਲੀਆਂ ਪੱਗਾਂ, ਪਹਿਨਣ ਦਾ ਕੋਈ ਭੇਖ ਨਹੀਂ
ਜੋ ਤਸਵੀਰ ਸਜਾਈ ਕੰਧਾਂ ਤੇ--------- - ----------
ਹੱਕ ਪਰਾਇਆ ਖਾਹ ਖਾਹ, ਕਿਉਂ ਫੜ੍ਹ ਬੈਠਾ ਹੈਂ ਤਸਬੀਂ
ਕਿਤੇ ਪੁੰਨਿਆਂ ਕਿਤੇ ਮੱਸਿਆ, ਕਿਉਂ ਪੂਜ ਰਿਹੈਂ ਕਿਤੇ ਦਸਵੀਂ
ਬੰਦਗ਼ੀ ਇੱਕ ਨਿੰਰਕਾਰ ਦੀ, ਕੀਤਾ ਹੋਰ ਉਲੇਖ ਨਹੀਂ
ਜੋ ਤਸਵੀਰ ਸਜਾਈ ਕੰਧਾਂ ਤੇ---------------------
ਕਿਰਤ ਭਗੌੜਾ ਹੋ ਕੇ ÷ਬਾਲੀ÷ , ਠੱਗੇਂ ਚੋਲ਼ੇ ਪਾ ਪਾ ਰੰਗਲ਼ੇ ਤੂੰ
ਲਭੰਗੇ ਟੋਲੇ,ਮਹਿੰਗੀਆਂ ਕਾਰਾਂ,ਖੜੇ ਡੇਰੇ ਕਰ ਲਏ ਬੰਗਲੇ ਤੂੰ
ਬਾਣੀ ਰੇਤਗੜ ਧਾਰ ਜੀਵਨ @ਚ, ਮੋਹ-ਮਾਇਆ ਉਦੇਸ਼ ਨਹੀਂ
ਜੋ ਤਸਵੀਰ ਸਜਾਈ ਕੰਧਾਂ ਤੇ-----------------

**ਬਲਜਿੰਦਰ ਸਿੰਘ ÷ਬਾਲੀ ਰੇਤਗੜ**
+91 7087629168

## ਗੁਰੂ ਨਾਨਕ ਦਾ ਸੰਦੇਸ਼

ਬਾਬੇ ਨਾਨਕ ਦੀ ਸਿੱਖਿਆ ਨੂੰ,
ਮਨ ਦੇ ਵਿੱਚ ਵਸਾਓ।
ਉਸ ਦੇ ਪੂਰਨਿਆਂ ਤੇ ਚੱਲ ਕੇ,
ਜੀਵਨ ਸਫਲ ਬਣਾਓ।
ਭਾਈ ਲਾਲੋ ਜਿਹੇ ਕਿਰਤੀਆਂ ਨੇ ਰਲ਼,
ਦੁਨੀਆ ਤਾਈਂ ਸਜਾਇਆ।
ਕਿਰਤੀ ਦੇ ਬਲ-ਬੂਤੇ ਇਹ,
ਸੰਸਾਰ ਸੂਰਗ ਕਹਾਇਆ।
ਕਾਮੇ ਦੀ ਮਿਹਨਤ ਦਾ ਸਿਹਰਾ,
ਕਾਮੇ ਸਿਰ ਸਜਾਓ।
ਬਾਬੇ ਨਾਨਕ.....
ਦਸਾਂ ਨਹੁੰਆਂ ਦੀ ਕਿਰਤ ਕਰਨ ਦਾ,
ਮੰਤਰ ਉਸ ਦ੍ਰਿੜ੍ਹਾਇਆ।
ਨਾਮ ਜਪਣ ਤੇ ਵੰਡ ਛਕਣ ਦਾ,
ਗੁਰ-ਉਪਦੇਸ਼ ਸੁਣਾਇਆ:
ਆਪ ਜਪੋ ਤੇ ਦੂਜਿਆਂ ਨੂੰ ਵੀ,
ਰੱਬ ਦਾ ਨਾਮ ਜਪਾਓ।
ਬਾਬੇ ਨਾਨਕ.....
ਔਰਤ ਦਾ ਸਤਿਕਾਰ ਕਰਨ ਦਾ,
ਬਾਬੇ ਵੱਲ ਸਮਝਾਇਆ।
ਜਣਨੀ ਕਹਿ ਕੇ ਰਾਜਿਆਂ ਦੀ,
ਉਸ ਔਰਤ ਨੂੰ ਵਡਿਆਇਆ।
ਗੁਰੂ ਨਾਨਕ ਦਾ ਇਹ ਸੰਦੇਸ਼ਾ,
ਘਰ-ਘਰ ਤੱਕ ਪਹੁੰਚਾਓ।
ਬਾਬੇ ਨਾਨਕ.....
ਮਲਕ ਭਾਗੋਆਂ, ਕੌਡੇ ਰਾਖਸ਼ਾਂ,
ਥਾਂ-ਥਾਂ ਲਾਏ ਡੇਰੇ।
ਲੁੱਟਣ ਵਾਲ਼ੇ ਥੋੜ੍ਹੇ,
ਪਰ ਲੁੱਟ ਹੋਣ ਵਾਲ਼ੇ ਬਹੁਤੇਰੇ।
ਕਰ ਕੇ ਏਕਾ ਲੋਟੂਆਂ ਦੇ,
ਚੁੰਗਲ਼ ਚੋਂ ਦੇਸ ਬਚਾਓ।
ਬਾਬੇ ਨਾਨਕ.....
ਕਿਸੇ ਸਮੇਂ ਸੀ ਭਾਰਤ ਮੇਰਾ,
ਸੋਨ-ਚਿੜੀ ਅਖਵਾਉਂਦਾ।
ਰਿਸ਼ੀਆਂ-ਮੁਨੀਆਂ, ਗੁਰੂਆਂ-ਪੀਰਾਂ,
ਤੇ ਰੱਬੀ ਭਗਤਾਂ ਦਾ।
ਕਰ ਕੇ ਹਿੰਮਤ ਸੋਨੇ ਦੇ ਪਰ,
ਇਸ ਦੇ ਮੋੜ ਲਿਆਓ।
ਬਾਬੇ ਨਾਨਕ....

**ਜਸਵੀਰ ਸਿੰਘ ਪਾਬਲਾ,**
**ਲੰਗੜੋਆ, ਨਵਾਂਸ਼ਹਿਰ।**
ਫ਼ੋਨ ਨੰ. 98884-03052.

## ਨਾਨਕ ਅਵਤਾਰ

ਗੁਰੂ ਨਾਨਕ ਨੇ ਲਿਆ ਅਵਤਾਰ
ਦੁਨੀਆਂ @ਚ ਆਈ ਜਿਵੇਂ ਬਹਾਰ।
ਪਿਤਾ ਕਾਲੂ ਨਾ ਸਕਿਆ ਸਿਆਣ
ਭੈਣ ਨਾਨਕੀ ਨੇ ਲਿਆ ਪਹਿਚਾਣ।
ਹੋ ਗਈ ਸਾਰੀ ਦੁਨੀਆ ਖ਼ੁਸ਼ਹਾਲ
ਜਦ ਹੋਇਆ ਨਾਨਕ ਦਾ ਅਵਤਾਰ।
ਸੀ ਨਾਨਕ ਜਿਸ ਕੋਲ ਪੜ੍ਹਨੇ ਪਾਇਆ
ਨਾਨਕ ਨੇ ਇਹਨੂੰ ਆਪ ਪੜ੍ਹਾਇਆ।
ਉਤੋਂ ਮਰਦਾਨਾਂ ਮਿਲਿਆ ਐਸਾ ਯਾਰ
ਜਿਸ ਨਾ ਛੱਡਿਆ ਨਾਨਕ ਦਾ ਸਾਥ।
ਜੋ ਹਰਪਲ ਫਿਰਦਾ ਬਜਾਉਂਦਾ ਰਬਾਬ
ਨਾਨਕ ਨੂੰ ਮਿਲਿਆ ਇਕ ਐਸਾ ਸਾਥ।
ਤੁਰ ਤੁਰ ਜਿਸਨੇ ਸਾਰੀ ਦੁਨੀਆਂ ਗਾਹੀ
ਕੀਰਤ ਕਰਨ ਦੀ ਸਭ ਨੂੰ ਆਦਤ ਪਾਈ।
ਉਸ ਦੀ ਮਹਿਮਾ ਗਾਵੇਂ ਸਾਰਾ ਸੰਸਾਰ
ਹੋਇਆ ਦੇਖੋ ਨਾਨਕ ਦਾ ਅਵਤਾਰ।

**ਜਸਕੀਰਤ ਸਿੰਘ**
**ਸੰਪਰਕ :-** 98889-49201

## ਭੈਣ ਨਾਨਕੀ

ਛਮ ਛਮ ਨਾਨਕੀ ਦੇ ਵਗੈ ਨੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ
ਪੱਲੇ ਜਿਹਦੇ ਸੋਜੀ ਹੋਵੇ.. ਐਸਾ ਕੋਈ
ਜੋਗੀ ਹੋਵੇ .
ਗੁਰੂਆਂ ਦਾ ਗੁਰੂ ਹੋਵੇ ਪੀਰ ਦਾ ਪੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ
ਜਬਰ ਮਿਟਾਵੇ ਜਿਹੜਾ..
ਜ਼ੁਲਮ ਮੁਕਾਵੇ ਜਿਹੜਾ
ਜਾਲਮਾਂ ਦੀ ਹਿੱਕ ਵਿੱਚ ਵਜੇ ਤੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ
ਚਾਨਣ ਦਾ ਮੁਨਾਰਾ ਹੋਵੇ..
ਸਭ ਦਾ ਸਹਾਰਾ ਹੋਵੇ
ਨੂਰ ਐਨਾ ਹੋਵੇ ਜਾਵੇ ਨ੍ਹੇਰ ਚੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ...
ਬੜਾ ਗੁਣਕਾਰੀ ਹੋਵੇ..
ਨਾਮ ਦਾ ਵਪਾਰੀ ਹੋਵੇ
ਫੱਟੀ ਉੱਤੇ ਖਿਚੇ ਧਰਮ ਦੀ ਲਕੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ...
ਨਿਲਜਿਆਂ ਦੀ ਲਜ ਹੋਵੇ,ਨਿਪਤਿਆਂ
ਦੀ ਪਤ ਜੀ
ਭੁੱਲਿਆ ਨੂੰ ਰਾਹ ਦੱਸੇ ਹੋਵੇ ਉਹ ਫਕੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ
ਹਾਜੀਪੁਰ ਗੀਤ ਲਿਖੇ..
ਵੀਰ ਲਈ ਪ੍ਰੀਤ ਲਿਖੇ
ਨਾਨਕੀ ਜੋ ਘੜੇ ਨਾਨਕ ਦੀ ਤਸਵੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ...
ਛਮ ਛਮ ਨਾਨਕੀ ਦੇ ਵਗੈ ਨੀਰ ਜੀ
ਮੇਰੇ ਘਰ ਦੇਦੇ ਰੱਬਾ ਇਕ ਵੀਰ ਜੀ....

**ਸਰਬਜੀਤ ਕੌਰ ਹਾਜੀਪੁਰ**
**ਸ਼ਾਹਕੋਟ**

## ਗੁਰ ਨਾਨਕ ਦਾ ਥੀ

ਅਪਣਾ ਕੋਈ ਨਹੀਂ ਹੈ ਜੀ,
ਅਪਣਾ ਕੋਈ ਨਹੀਂ ਹੈ ਜੀ,
ਗੁਰ ਨਾਨਕ ਦਾ ਥੀ ਵੇ ਬੰਦਿਆ !
ਗੁਰ ਨਾਨਕ ਦਾ ਥੀ ।੧।

ਅਪਣੇ ਸੁਖ ਨੂੰ ਮਿਲਦੇ ਸਾਰੇ,
ਘੋਲੀ ਸਦਕੇ ਜਾਂਦੇ ਵਾਰੇ,
ਦੁੱਖ ਪਿਆਂ ਕੋਈ ਆਇ ਨ ਦਵਾਰੇ,
ਸਭ ਛਡ ਭਜਦੇ ਬੁੱਢੇ ਵਾਰੇ,
ਅਪਣਾ ਕੋਈ ਨਹੀਂ ਹੈ ਜੀ,
ਅਪਣਾ ਕੋਈ ਨਹੀਂ ਹੈ ਜੀ,
ਗੁਰ ਨਾਨਕ ਦਾ ਥੀ ਵੇ ਬੰਦਿਆ !
ਗੁਰ ਨਾਨਕ ਦਾ ਥੀ ।੨।

ਦਰਦ ਰੰਞਾਣਿਆਂ ਦਾ ਉਹ ਮੇਲੀ,
ਬੁੱਢੇ ਠੇਰਿਆਂ ਦਾ ਉਹ ਬੇਲੀ,
ਪੁੱਕਰ ਪੈਂਦਾ ਔਖੇ ਵੇਲੀਂ,
ਖੇੜ ਦਏ ਜਿਉਂ ਫੁੱਲ ਚੰਬੇਲੀ,
ਅਪਣਾ ਕੋਈ ਨਹੀਂ ਹੈ ਜੀ,
ਅਪਣਾ ਕੋਈ ਨਹੀਂ ਹੈ ਜੀ,
ਗੁਰ ਨਾਨਕ ਦਾ ਥੀ ਵੇ ਬੰਦਿਆ !
ਗੁਰ ਨਾਨਕ ਦਾ ਥੀ ।੩।

'ਧੰਨ ਗੁਰ ਨਾਨਕ' ਲਲ ਲਗਾਈਂ,
'ਧੰਨ ਗੁਰ ਨਾਨਕ' ਦਈਂ ਦੁਹਾਈ,
'ਗੁਰ ਨਾਨਕ' 'ਗੁਰ ਨਾਨਕ' ਗਾਈਂ,
ਕਦੇ ਨਾ ਤੈਨੂੰ ਉਹ ਛਡ ਜਾਈ,
ਗੁਰ ਨਾਨਕ ਦਾ ਥੀ ਵੇ ਬੰਦਿਆ !
ਗੁਰ ਨਾਨਕ ਦਾ ਥੀ ।੪।

## ਗੁਰੂ ਨਾਨਕ

ਭੁੱਲੇ- ਭਟਕਿਆਂ ਨੂੰ ਸਮਝਾਉਣ ਦੇ ਲਈ ,ਚਰਨ ਨਾਨਕ ਨੇ ਪਾਏ ਸੰਸਾਰ ਅੰਦਰ।
ਵੀਹ ਰੁਪਏ ਦੇ ਚੱਲੇ ਨਹੀਂ ਅਜੇ ਮੁੱਕੇ, ਐਸੇ ਲੰਗਰ ਚਲਾਏ ਸੰਸਾਰ ਅੰਦਰ।
ਬਿਨਾਂ ਖ਼ੌਫ਼ ਦੇ ਬਾਬਰ ਨੂੰ ਕਿਹਾ ਜਾਬਰ ,ਮਰਦ - ਏ- ਕਾਮਲ ਸਦਾਏ ਸੰਸਾਰ ਅੰਦਰ ।
ਜੱਗ ਜਣਨੀ ਨੂੰ ਏਨਾ ਸਤਿਕਾਰ ਦੇ ਕੇ ,ਤੂੰ ਸੁੱਤੇ ਭਾਗ ਜਗਾਏ ਸੰਸਾਰ ਅੰਦਰ।
ਸਾਰੇ ਮੰਤਰਾਂ ਦਾ ਹੈ ਇੱਕੋ ਮੂਲ ਮੰਤਰ ,ਸਵੇਰੇ- ਸ਼ਾਮ ਜਪਾਏ ਸੰਸਾਰ ਅੰਦਰ ।
ਮਲਕ ਭਾਗੋ ਤੇ ਲਾਲੋ ਦੀ ਲੈ ਰੋਟੀ, ਸੁੱਚੀ ਕਿਰਤ ਵਿਖਾਏ ਸੰਸਾਰ ਅੰਦਰ।
ਨਾਮ ਜਪਣ ਤੇ ਵੰਡ ਕੇ ਛਕਣ ਵਾਲੇ, ਤੂੰ ਸੇਵਕ ਸਿੱਖ ਬਣਾਏ ਸੰਸਾਰ ਅੰਦਰ।
ਕਰਕੇ ਚਾਰ ਉਦਾਸੀਆਂ ਜੱਗ ਤਾਈਂ, ਵਹਿਮ- ਭਰਮ ਮੁਕਾਏ ਸੰਸਾਰ ਅੰਦਰ।
ਨਾਨਕ ਲਾਮਾ, ਗੁਰੂ ਤੇ ਪੀਰ ਬਾਬਾ ,ਵਲੀ ਹਿੰਦ ਕਹਾਏ ਸੰਸਾਰ ਅੰਦਰ ।
ਪਵਨ ਗੁਰੂ ਤੇ ਪਾਣੀ ਨਾ ਪਿਤਾ ਹੁਣ ਫਿਰ ,ਓ ਹਾੜਾ ਕੌਣ ਬਚਾਏ ਸੰਸਾਰ ਅੰਦਰ।
ਲੱਖਾਂ ਧਰਤੀਆਂ ਆਕਾਸ਼ ਪਤਾਲ ਇਥੇ ,ਡੂੰਘੇ ਭੇਦ ਸਮਝਾਏ ਸੰਸਾਰ ਅੰਦਰ।
ਸਿੱਧਾਂ ਜੋਗੀਆਂ ਨਾਲ ਵਿਚਾਰ ਕਰਕੇ ,ਐਸੇ ਚਰਚੇ ਕਰਵਾਏ ਸੰਸਾਰ ਅੰਦਰ ।
ਕਰਮ-ਕਾਂਡ ਨੂੰ ਮੁੱਢੋਂ ਮੁਕਾ ਬਾਬੇ, ਵਹਿਮ- ਭਰਮ ਮਿਟਾਏ ਸੰਸਾਰ ਅੰਦਰ।
ਚੁੰਮੇ ਮਿੱਟੀ ਕਰਤਾਰਪੁਰ ਕਦਮ ਤੇਰੇ ,ਉਹੀ ਸਰਹੱਦ ਖੁਲ੍ਹਵਾਏ ਸੰਸਾਰ ਅੰਦਰ।
ਤੇਰੀ ਬਾਣੀ ਨੂੰ ਹਿਰਦੇ ਵਸਾਏ ਜਿਹੜਾ, ਜੈ - ਜੈਕਾਰ ਕਰਵਾਏ ਸੰਸਾਰ ਅੰਦਰ।
ਦੁਨੀਆਂ ਗਾਹ ਕੇ ਤੇਰੀ ਜੋ ਸ਼ਰਨ ਪੈਂਦਾ ,ਆਪਣੀ ਕਿਸਮਤ ਚਮਕਾਏ ਸੰਸਾਰ ਅੰਦਰ
ਕਿਰਤ ਕਰੇ ਨਾ ਵੰਡ ਨਾ ਛਕੇ ਜਿਹੜਾ, ਸਮਝੋ ਜੀਵਨ ਗਵਾਏ ਸੰਸਾਰ ਅੰਦਰ ।
ਸੱਚੇ ਦਿਲੋਂ ਉਚਾਰੇ ਜੋ ਗੁਰੂ ਨਾਨਕ ,ਬਾਬਾ ਵੇਲ ਵਧਾਏ ਸੰਸਾਰ ਅੰਦਰ।
ਅੰਮ੍ਰਿਤ ਵੇਲੇ ਜਦ ਜਪੁਜੀ ਦੇ ਬੋਲ ਗੂੰਜਣ ,ਚਾਰ- ਚੁਫੇਰਾ ਮਹਿਕਾਏ ਸੰਸਾਰ ਅੰਦਰ।
ਜਿਸ ਜਗ੍ਹਾ ਵੀ ਬਾਬੇ ਨੇ ਚਰਨ ਪਾਏ, ਉੱਜੜੇ ਗਰਾਂ ਵਸਾਏ ਸੰਸਾਰ ਅੰਦਰ।
ਪੰਜੇ ਨਾਲ ਚੱਟਾਨ ਨੂੰ ਰੋਕ ਬਾਬੇ, ਵਲੀ ਕੰਧਾਰੀ ਝੁਕਾਏ ਸੰਸਾਰ ਅੰਦਰ।
ਸਿੱਧਾਂ - ਜੋਗੀਆਂ ਨਾਲ ਸੰਵਾਦ ਕਰਕੇ ,ਅਸਲੀ ਚਾਨਣ ਕਰਾਏ ਸੰਸਾਰ ਅੰਦਰ ।
ਭੋਲ਼ੇ-ਭਾਲ਼ਿਆਂ ਨੂੰ ਜਿਹੜੇ ਲੁੱਟਦੇ ਸੀ ,ਬਾਬੇ ਕੰਨ ਫੜਵਾਏ ਸੰਸਾਰ ਅੰਦਰ।
ਕਰਮ- ਕਾਂਡ ਨੂੰ ਜਿਹੜੇ ਸੀ ਸੱਚ ਕਹਿੰਦੇ ,ਤਰਕ ਨਾਲ ਹਰਾਏ ਸੰਸਾਰ ਅੰਦਰ।
ਜ਼ਾਤ - ਪਾਤ ਦੇ ਨਾਂ ਜਿਨ੍ਹਾਂ ਪਾਈ ਵੰਡੀ ,ਵਹਿਮ - ਭਰਮ ਦਬਾਏ ਸੰਸਾਰ ਅੰਦਰ।
ਜਿਨ੍ਹਾਂ ਲੋਕਾਂ ਨੂੰ ਉੱਚਿਆਂ ਨੀਚ ਕਿਹਾ , ਥੋਥੇ ਬੰਧਨ ਹਟਾਏ ਸੰਸਾਰ ਅੰਦਰ।
ਸਿੱਖ ਪੰਥ ਦੇ ਜਿਹੜੇ ਸੀ ਲਾਏ ਬੂਟੇ, ਹੋ ਗਏ ਦੂਣ ਸਵਾਏ ਸੰਸਾਰ ਅੰਦਰ।
ਹਲਵੇ ਮੰਡੇ ਲਈ ਜਿਨ੍ਹਾਂ ਪਾਖੰਡ ਕੀਤੇ, ਬਾਬਾ ਵੇਖ ਘਬਰਾਏ ਸੰਸਾਰ ਅੰਦਰ ।
ਵੇਈਂ ਨਦੀ ਚੋਂ ਨਿਕਲ ਕੇ ਕਿਹਾ ਸਾਰੇ, ਇਕੋ ਨੂਰ ਦੇ ਜਾਏ ਸੰਸਾਰ ਅੰਦਰ।
ਮਾਤਾ ਤ੍ਰਿਪਤਾ ਦੀ ਕੁੱਖ ਸੁਭਾਗ ਹੋ ਗਈ, ਬਾਲ ਨਾਨਕ ਜਦ ਆਏ ਸੰਸਾਰ ਅੰਦਰ ।
ਬਾਬੇ ਦੱਸਿਆ ਇੱਕ ਕਰਤਾਰ ਆਪਣਾ, ਬਾਕੀ ਸਾਕ ਪਰਾਏ ਸੰਸਾਰ ਅੰਦਰ ।
ਨਾਮ ਜੱਪੇ ਤੇ ਰਜ਼ਾ ਵਿੱਚ ਰਹੇ ਜਿਹੜਾ, ਉੱਚੀ ਸੁਰਤ ਚੜ੍ਹਾਏ ਸੰਸਾਰ ਅੰਦਰ ।
ਮੋਦੀਖਾਨੇ ਵਿਚ ਤੇਰਾ - ਤੇਰਾ ਤੋਲ ਕੇ ਤੇ ,ਲੰਗਰ ਰਾਸ਼ਨ ਦੇ ਲਾਏ ਸੰਸਾਰ ਅੰਦਰ।
ਬਾਬੇ ਸਾਹਮਣੇ ਉਨ੍ਹਾਂ ਨੇ ਕਰੀ ਤੋਬਾ ਜਿਨ੍ਹਾਂ ਲੋਕ ਡਰਾਏ ਸੰਸਾਰ ਅੰਦਰ।
ਕਿਹਾ ਜੀਵਾਂ 'ਚ ਆਪ ਉਹ ਵੱਸਦਾ ਹੈ, ਜਿਸ ਨੂੰ ਚਾਹੇ ਬੁਲਾਏ ਸੰਸਾਰ ਅੰਦਰ ।
ਸਾਰੇ ਜੀਵਾਂ ਦੇ ਹਿਰਦੇ ਉਪਦੇਸ਼ ਵੱਸੇ, ਚਾਨਣ ਗੁਰੂ ਫੈਲਾਏ ਸੰਸਾਰ ਅੰਦਰ ।
ਪਿਆਸੀ ਧਰਤ ਨੂੰ ਚਰਨਾਂ ਦੀ ਛੋਹ ਦੇ ਕੇ ,ਜਗਤ-ਗੁਰੂ ਸਦਵਾਏ ਸੰਸਾਰ ਅੰਦਰ।
ਜਿਹੜੇ ਗੂੜ੍ਹ ਗਿਆਨ ਦੀਆਂ ਕਰਨ ਗੱਲਾਂ ,ਗੁਰਾਂ ਆਪ ਪੜ੍ਹਾਏ ਸੰਸਾਰ ਅੰਦਰ ।
ਮਾਤ - ਲੋਕ ਵਿਚ ਆਪ ਅਵਤਾਰ ਲੈ ਕੇ , 'ਨ੍ਹੇਰੇ ਦੂਰ ਭਜਾਏ ਸੰਸਾਰ ਅੰਦਰ।
ਨਜਰਾਂ ਵਿੱਚ ਜੋ ਨੀਚ ਅਖੌਤੀਆਂ ਦੇ, ਫੜ ਕੇ ਬਾਂਹੋਂ ਉਠਾਏ ਸੰਸਾਰ ਅੰਦਰ ।
ਪੀਰ ਜੱਗ ਦਾ ਵੀਰ ਬੇਬੇ ਨਾਨਕੀ ਦਾ ,ਹਰ ਥਾਂ ਫਤਿਹ ਗਜਾਏ ਸੰਸਾਰ ਅੰਦਰ।
ਹੱਥ ਜੋੜ ਕੇ ਕਰਾਂ ਅਰਦਾਸ ਬਾਬਾ ,ਫਿਰ ਸਤਯੁੱਗ ਬਣ ਜਾਏ ਸੰਸਾਰ ਅੰਦਰ ।
ਬਾਬਾ ਨਾਨਕਾ ਫੇਰ ਤੂੰ ਪਾ ਫੇਰਾ, ਹਿਰਦੇ ਠੰਢ ਵਰਤਾਏ ਸੰਸਾਰ ਅੰਦਰ ।

**ਸਤਿੰਦਰ ਸਿੰਘ ਓਠੀ**
**9988221227**

## ਕਰ ਦਿਓ ਦਰਸ਼ਨਾਂ ਨਾਲ ਨਿਹਾਲ

ਕਲਗੀਆਂ ਵਾਲਿਆ, ਸੁਹਣਿਆਂ, ਦੂਲਿਆ !
ਕਰ ਦਿਓ ਦਰਸ਼ਨਾਂ ਨਾਲ ਨਿਹਾਲ !
ਤਰੁੱਠ ਪਉ ਤਰੁੱਠ ਪਉ ਮੌਜ ਦੇ ਮਾਲਕਾ !
ਫੇਰਾ ਇਕ ਫੇਰ ਚਾ ਪਾਓ ਖਾਂ ਦਯਾਲ !
ਨੀਲਾ ਤ੍ਰਪਾਉਂਦੇ, ਠੁਮਕ ਠੁਮਕਾਉਂਦੇ,
ਚਲਦੇ ਅਠਖੇਲੀਆਂ ਵਾਲੜੀ ਚਾਲ,
ਉਗਮਦੇ ਸੂਰਜ ਦੇ ਤੇਜ ਜਿਉਂ ਚਮਕਦੇ,
ਝੂਮਦੀ ਲਿਸ਼ਕਦੀ ਕਲਗ਼ੀ ਦੇ ਨਾਲ,
ਤੇਜ ਪਰਤਾਪ ਦੇ ਰੰਗ ਰੰਗੀਲੜੇ
ਨੈਣੋਂ ਵਰਸਾਉਂਦੇ ਰੱਬੀ ਜਲਾਲ,
ਆ ਜਾਓ ਆ ਜਾਓ ਹੁਣ ਦੇਰ ਨਾ ਲਾਉਣੀ,
ਆ ਜਾਓ ਛੇਤੀ, ਹੇ ਬੇਟੇ ਅਕਾਲ !
ਖਾਲਸਾ ਖੜਾ ਉਡੀਕਾਂ ਪਿਆ ਕਰਦੈ,
ਬੀਤਦੇ ਜਾਂਦੇ ਹਨ ਸਦੀਆਂ ਤੇ ਸਾਲ ।
ਦੇਰ ਨਾ ਲਾਓ, ਹੁਣ ਆ ਜਾਓ ਪਿਆਰੇ
ਕਰ ਦਿਓ ਦਰਸ਼ਨਾਂ ਨਾਲ ਨਿਹਾਲ ।

# ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸੰਬੰਧ ਵਿੱਚ ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵੱਲੋਂ ਇੱਕੀਵਾਂ ਮਹਾਨ ਨਗਰ ਕੀਰਤਨ ਰਿੱਚਮਿੰਡ ਹਿੱਲ ਨਿਊਯਾਰਕ ਵਿਖੇ ਕੱਢਿਆ ਗਿਆ

ਹਰ ਸਾਲ ਦੀ ਤਰਾਂ ਇਸ ਸਾਲ ਵੀ ਇੱਕੀਵਾਂ ਮਹਾਨ ਨਗਰ ਕੀਰਤਨ ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੱਢਿਆ ਗਿਆ। ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਸੰਬੰਧ ਵਿੱਚ ਪੂਰੇ ਸੰਸਾਰ ਵਿੱਚ ਜਿੱਥੇ ਵੀ ਨਾਨਕ ਨਾਮ ਲੇਵਾ ਸਿੱਖ ਵੱਸਦੇ ਹਨ। ਉਹ ਉੱਥੇ ਨਗਰ ਕੀਰਤਨ ਕੱਢਦੇ ਹਨ। ਨਗਰ ਕੀਰਤਨ ਤੋਂ ਪਹਿਲਾਂ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਹਨ। ਗੁਰੂ ਜੀ ਦੇ ਸਰਧਾਲੂ ਸੰਗਤਾਂ ਦੇ ਰੂਪ ਵਿੱਚ ਅਪਨੇ ਘਰਾਂ ਵਿੱਚ ਫੇਰੀ ਪਾਉਣ ਲਈ ਕਹਿੰਦੇ ਹਨ। ਗੁਰੂ ਘਰਾਂ ਤੋਂ ਪ੍ਰਭਾਤ ਫੇਰੀ ਚੱਲਕੇ ਸੰਗਤਾਂ ਉਹਨਾਂ ਸਰਧਾਲੂਆਂ ਦੇ ਘਰਾਂ ਨੂੰ ਜਾਂਦੀਆਂ ਹਨ। ਜ਼ਿਹਨਾਂ ਨੇ ਬੇਨਤੀ ਕਰਕੇ ਅਪਨੇ ਘਰ ਬੁਲਾਇਆ ਹੁੰਦਾ ਹੈ। ਉੱਥੇ ਗੁਰਬਾਣੀ ਪਾਠ ਕੀਤਾ ਜਾਂਦਾ ਹੈ। ਲੰਗਰ ਛੱਕਣ ਬਾਅਦ ਗੁਰੂ ਘਰ ਆਕੇ ਅਰਦਾਸ ਤੋਂ ਬਾਅਦ ਸੰਗਤਾਂ ਅਪਨੇ ਘਰਾਂ ਨੂੰ ਜਾਂਦੀਆਂ ਹਨ। ਅਖੀਰ ਵਿੱਚ ਨਗਰ ਕੀਰਤਨ ਕੱਢੇ ਜਾਂਦੇ ਹਨ। ਨਿਊਯਾਰਕ ਵਿੱਚ ਪਹਿਲਾ ਨਗਰ ਕੀਰਤਨ ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵੱਲੋਂ 2001 ਵਿੱਚ ਕੱਢਿਆ ਗਿਆ ਸੀ। ਉਸ ਵਕਤ ਗੁਰਦਵਾਰਾ ਸਾਹਿਬ ਜੀ ਦੇ ਪ੍ਰਧਾਨ ਰਘਬੀਰ ਸਿੰਘ ਸੁਭਾਨਪੁਰ ਜੀ ਹੁੰਦੇ ਸਨ। ਇਹ ਨਗਰ ਕੀਰਤਨ ਦੀ ਪ੍ਰਥਾ ਰਿੱਚਮਿੰਡ ਹਿੱਲ ਵਿਖੇ ਉਹਨਾਂ ਵੱਲੋਂ ਸ਼ੁਰੂ ਕੀਤੀ ਗਈ ਸੀ। ਉਸ ਵਕਤ ਸਤੰਬਰ ਇਲੇਵਨ ਕਰਕੇ ਸਿੱਖਾਂ ਨੂੰ ਤਾਲੀਬਾਨ ਸਮਝਕੇ ਟਾਰਗਿਟ ਵੀ ਕੀਤਾ ਜਾਂਦਾ ਸੀ। ਇਸ ਕਰਕੇ ਗੁਰਦਵਾਰਾ ਸਾਹਿਬ ਵੱਲੋਂ ਇੱਥੋ ਦੇ ਰਹਿਣ ਵਾਲਿਆਂ ਨੂੰ ਤਾਲੀਬਾਨ ਤੇ ਸਿੱਖਾਂ ਵਿੱਚ ਫਰਕ ਦੱਸਣਾ ਬਹੁਤ ਜ਼ਰੂਰੀ ਸੀ। ਉਸ ਵੇਲੇ ਭਾਵੇਂ ਐਨੀ ਜਨਤਾ ਨਹੀਂ ਸੀ। ਪਰ ਦੂਰੋਂ ਦੂਰੋਂ ਸੰਗਤਾਂ ਹੁਮ ਹੁਮਾਕੇ ਇਸ ਨਗਰ ਕੀਰਤਨ ਦਾ ਹਿੱਸਾ ਬਣਦੀਆਂ ਸਨ। ਅੱਜ ਇਹ ਗਿਣਤੀ ਹਜ਼ਾਰਾਂ ਵਿੱਚ ਤੇ ਲੱਖਾਂ ਵਿੱਚ ਪਹੁੰਚ ਚੁੱਕੀ ਹੈ। ਅਜੂਬਾ ਸਿਟੀ ਕੈਲੀਫੋਰੀਆ ਵਿੱਚ ਪਿੱਛਲੇ ਹਫ਼ਤੇ ਕੱਢੇ ਗਏ ਨਗਰ ਕੀਰਤਨ ਵਿੱਚ ਲੱਖਾਂ ਦੀ ਤਦਾਦ ਵਿੱਚ ਸੰਗਤਾਂ ਪਹੁੰਚੀਆਂ ਹੋਈਆਂ ਸਨ। ਇਸ ਵਾਰ ਦਾ ਨਗਰ ਕੀਰਤਨ ਪ੍ਰਧਾਨ ਬਲਦੇਵ ਸਿੰਘ ਗਿਲਜੀਆਂ ਅਤੇ ਸਕੱਤਰ ਸੁਖਜਿੰਦਰ ਸਿੰਘ ਜੀ ਅਤੇ ਸਮੂਹ ਕਮੇਟੀ ਤੇ ਸੰਗਤਾਂ ਦੇ ਸਹਿਯੋਗ ਨਾਲ ਕੱਢਿਆ ਗਿਆ। ਭਾਵੇਂ ਰਾਜਨੀਤਿਕ ਲੋਕਾਂ ਦਾ ਬੋਲਬਾਲਾ ਜ਼ਿਆਦਾ ਰਿਹਾ। ਪਰ ਸੰਗਤਾਂ ਨੂੰ ਕੀਰਤਨ ਮੁਕੰਮਲ ਤੌਰ ਤੇ ਸੁਨਣ ਨੂੰ ਮਿਲਿਆ। ਕਿਉਂਕਿ ਮੀਡੀਆ ਵੱਲੋਂ ਕੁੱਝ ਇਸ ਤਰਾਂ ਦੇ ਪ੍ਰਬੰਧ ਕੀਤੇ ਗਏ ਸਨ। ਜਿਸ ਨਾਲ ਸੰਗਤਾਂ ਨੂੰ ਕੋਈ ਦਿੱਕਤ ਨਹੀਂ ਆਈ। ਵਿਸ਼ਾਲ ਨਗਰ ਕੀਰਤਨ ਗੁਰੂ ਨਾਨਕ ਦੇਵ ਜੀ ਦੇ 553 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਿਹਾ। ਨਿਊਯਾਰਕ ਦੇ ਵੱਡੇ ਅਮਰੀਕਨ ਲੀਡਰ ਵੀ ਇਸ ਵਕਤ ਇੱਥੇ ਪਹੁੰਚੇ ਹੋਏ ਸਨ। ਮਹਿੰਦਰ ਸਿੰਘ ਤਨੇਜਾ ਜੀ ਵੱਲੋਂ ਹਰ ਸਾਲ ਲੀਡਰਾਂ ਨੂੰ ਕਮੇਟੀਆਂ ਦੀ ਸਹਿਮਤੀ ਨਾਲ ਬੁਲਾਇਆ ਜਾਂਦਾ ਹੈ। ਮਹਿੰਦਰ ਸਿੰਘ ਤਨੇਜਾ ਜੀ ਅਮਰੀਕਨ ਰਾਜਨੀਤੀ ਵਿੱਚ ਕਾਫ਼ੀ ਜਾਣੇ ਪਹਿਚਾਣੇ ਜਾਣੇ ਜਾਣ ਵਾਲੇ ਸਿੱਖ ਚੇਹਰੇ ਹਨ। ਇਸ ਵਕਤ ਸਰੋਮਨੀ ਅਕਾਲੀ ਦਲ ਦੇ ਪ੍ਰਧਾਨ ਪ੍ਰੀਤਮ ਸਿੰਘ ਗਿਲਜੀਆਂ ਜੀ ਵੀ ਪਹੁੰਚੇ ਹੋਏ ਸਨ। 114 ਸਟ੍ਰੀਟ ਤੋਂ ਸ਼ੁਰੂ ਹੋਇਆ ਨਗਰ ਕੀਰਤਨ 111 ਸਟ੍ਰੀਟ ਤੋ ਲਿਵਰਟੀ ਤੇ 123 ਸਟ੍ਰੀਟ ਤੱਕ ਪਹੁੰਚਦਾ ਹੈ ਤਾਂ ਫਿਰ ਕੁਦਰਤ ਵੱਲੋਂ ਵੀ ਸਵਾਗਤ ਕੀਤਾ ਜਾਂਦਾ ਹੈ। ਮੀਂਹ ਐਨਾ ਜ਼ੋਰ ਫੜ੍ਹ ਲੈਂਦਾ ਹੈ ਕਿ ਵੀਹ ਮਿੰਟਾਂ ਵਿੱਚ ਧਰਤੀ ਤੇ ਪਾਣੀ ਪਾਣੀ ਨਜ਼ਰ ਆਉਣ ਲੱਗ ਪੈਂਦਾ ਹੈ। ਪਰ ਸਿੱਖਾਂ ਦੇ ਜੋਸ਼ ਨੂੰ ਵੇਖਕੇ ਮੀਂਹ ਅਪਨਾ ਰੁੱਖ ਬਦਲ ਲੈਂਦਾ ਹੈ। ਇਹ ਵੀਹ ਮਿੰਟਾਂ ਵਿੱਚ ਪਾਣੀ ਕਰਕੇ ਕਾਫ਼ੀ ਦਿੱਕਤ ਦਾ ਸਾਹਮਣਾ ਕਰਨਾ ਪਿਆ। ਪਰ ਇਹ ਵੀ ਇੱਕ ਨਵਾਂ ਤਜਰਬਾ ਬਹੁਤ ਕੁੱਝ ਸਿਖਾ ਗਿਆ। ਸੰਗਤਾਂ ਤੇ ਸੇਵਾਦਾਰਾਂ ਦੀ ਸੇਵਾ ਵਿੱਚ ਕੋਈ ਫਰਕ ਨਹੀਂ ਪਿਆ।

ਸੰਗਤਾਂ ਦਾ ਅਥਾਹ ਪਿਆਰ ਇਸ ਗੱਲ ਦਾ ਸਬੂਤ ਹੈ। ਪੰਜ ਪਿਆਰੇ ਨੰਗੇ ਪੈਰੀਂ ਇਹ ਮੀਂਹ ਵਿੱਚ ਚੱਟਾਨ ਵਾਂਗ ਅਪਨੀ ਸੇਵਾ ਨਿਭਾਉਂਦੇ ਰਹੇ। ਸੇਵਾਦਾਰਾਂ ਵੱਲੋਂ ਲੰਗਰਾਂ ਦੀ ਸੇਵਾ ਮੀਂਹ ਵਿੱਚ ਵੀ ਅਤੁੱਟ ਚੱਲਦੀ ਰਹੀ। ਜਿਸ ਤਰਾਂ ਦਾ ਪਿਆਰ ਨਗਰ ਕੀਰਤਨ ਵਿੱਚ ਵੇਖਣ ਨੂੰ ਮਿਲਦਾ ਹੈ।ਅਗਰ ਇਹੀ ਪਿਆਰ ਸਿੱਖਾਂ ਵਿੱਚ ਰੋਜ਼ਾਨਾਂ ਵੇਖਣ ਨੂੰ ਮਿਲਦਾ ਹੁੰਦਾ, ਤਾਂ ਸ਼ਾਇਦ ਮਹਾਰਾਜਾ ਰਣਜੀਤ ਸਿੰਘ ਜੀ ਦਾ ਬਣਾਇਆ ਖਾਲਸਾ ਰਾਜ ਅੱਜ ਵੀ ਹੁੰਦਾ। ਬੱਸ ਇਹੀ ਹਮੇਸਾਂ ਅਫਸੋਸ ਰਹਿੰਦਾ ਹੈ। ਅਸੀਂ ਸੱਭ ਕੁੱਝ ਹਾਸਲ ਕਰਕੇ ਵੀ ਹਾਸਲ ਕੀਤਾ ਹੋਇਆ ਗਵਾ ਛੱਡਦੇ ਹਾਂ। 123 ਸਟ੍ਰੀਟ ਤੋਂ ਐਟਲਾਂਟਿਕ ਤੋਂ ਹੁੰਦਾ ਹੋਇਆ ਗੁਰਦਵਾਰਾ ਸਿੱਖ ਕਲਚਰ ਸੁਸਾਇਟੀ ਵਿਖੇ ਪ੍ਰਧਾਨ ਭੁਪਿੰਦਰ ਸਿੰਘ ਬੋਪਾਰਾਏ ਜੀ ਦੀ ਬੇਨਤੀ ਤੇ ਕੋਈ ਦਸ ਮਿੰਟ ਲਈ ਉੱਥੇ ਠਹਿਰਦਾ ਹੈ।ਉਸ ਤੋਂ ਬਾਅਦ ਫਿਰ 101 ਐਵਨਿਊ ਤੋਂ 114 ਸਟ੍ਰੀਟ ਗੁਰਦਵਾਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਪਹੁੰਚਦਾ ਹੈ। ਉੱਥੇ ਸਮਾਪਤੀ ਅਰਦਾਸ ਰਾਹੀਂ ਕੀਤੀ ਜਾਂਦੀ ਹੈ। ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ ਜਾਂਦੀਆਂ ਹਨ। ਪ੍ਰਧਾਨ ਬਲਦੇਵ ਸਿੰਘ ਅਤੇ ਸਕੱਤਰ ਸੁਖਜਿੰਦਰ ਸਿੰਘ ਜੀ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਜਾਂਦਾ ਹੈ। ਅਦਾਰਾ ਮਹਾਪੰਜਾਬ ਦੇ ਐਡੀਟਰ ਤਜਿੰਦਰ ਸਿੰਘ ਇਸ ਮੌਕੇ ਤੇ ਉਪਸਥਿਤ ਸਨ। ਉਹਨਾਂ ਵੱਲੋਂ ਅੱਖੀਂ ਡਿੱਠਾ ਹਾਲ ਆਪ ਸੱਭ ਨੂੰ ਲਿਖਤੀ ਰੂਪ ਵਿੱਚ ਰੂਬਰੂ ਕੀਤਾ ਜਾ ਰਿਹਾ ਹੈ। ਮੀਡੀਏ ਨੇ ਵਰ੍ਹਦੇ ਮੀਂਹ ਵਿੱਚ ਵੀ ਹਥਿਆਰ ਨਹੀਂ ਸੁੱਟੇ। ਸਗੋਂ ਕੈਮਰਿਆਂ ਤੇ ਪਲਾਸਟਿਕ ਦੇ ਲਿਫ਼ਾਫ਼ੇ ਚਾੜ੍ਹ ਕੇ ਲਗਾਤਾਰ ਸੇਵਾ ਨਿਭਾਈ। ਪੀ ਟੀ ਸੀ ਚੈਂਨਲ , ਜੱਸ ਚੈਂਨਲ , ਗਲੋਬਲ ਚੈਂਨਲ ਤੇ ਮਹਾਪੰਜਾਬ ਨਿਊਜਪੇਪਰ ਵੱਲੋਂ ਪੂਰੀ ਕਵਰਿਜ ਕੀਤੀ ਗਈ। ਫੋਟੋ ਸੈਸ਼ਨ ਇੱਥੋਂ ਦੇ ਨਾਮਵਾਰ ਬੀਜੇ ਸਟੂਡੀਓ ਵੱਲੋਂ ਖਿੱਚੀਆਂ ਗਈਆਂ। ਤਹਾਨੂੰ ਦੱਸ ਦਈਏ ਬੀ ਜੇ ਸਟੂਡੀਓ ਬਲਦੇਵ ਸਿੰਘ ਵੱਲੋਂ ਹਮੇਸਾਂ ਹੀ ਹਰ ਈਵੈਂਟ ਨੂੰ ਏਸੇ ਤਰਾਂ ਕਵਰ ਕੀਤਾ ਜਾਂਦਾ ਹੈ। ਉਹਨਾਂ ਦੀ ਇਸ ਇਲਾਕੇ ਵਿੱਚ ਕਾਫ਼ੀ ਚੜ੍ਹਤ ਹੈ। ਕਿਉਂਕਿ ਉਹ ਇਹ ਸੇਵਾਵਾਂ ਹਮੇਸਾਂ ਨਿਭਾਉਂਦੇ ਰਹਿੰਦੇ ਹਨ।







ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ




























ਤਸਵੀਰਾਂ ਅਤੇ ਵੇਰਵਾ : ਬੀ. ਜੇ. ਸਟੂਡੀਓ























# ਕਲਮ ਤੇ ਤਲਵਾਰ ਦੇ ਯੋਧੇ ਬਾਬਾ ਦੀਪ ਸਿੰਘ ਜੀ



ਸਿੱਖ ਜੀਵਨ-ਜਾਚ ਅੰਦਰ ਜਿਹੜੇ ਵਿਰਾਸਤੀ ਗੁਣਾਂ ਦਾ ਸੰਚਾਰ ਗੁਰੂ ਸਾਹਿਬਾਨ ਨੇ ਕੀਤਾ ਉਨ੍ਹਾਂ ਵਿਚ ਬਹਾਦਰੀ, ਕੁਰਬਾਨੀ, ਨਿਰਭੈਤਾ, ਨਿਡਰਤਾ, ਦ੍ਰਿੜਤਾ, ਤਿਆਗ ਅਤੇ ਆਪਣੇ ਇਸਟ ਪ੍ਰਤੀ ਸਮਰਪਣ ਭਾਵ ਨੂੰ ਵੇਖਿਆ, ਜਾਚਿਆ, ਨਿਹਾਰਿਆ ਜਾ ਸਕਦਾ ਹੈ। ਧਾਰਮਿਕ ਤੌਰ ਤੇ ਇਨ੍ਹਾਂ ਮੁੱਲਾਂ ਨੂੰ ਗੁਰੂ ਸਾਹਿਬਾਨ ਨੇ ਸਿਰਫ ਪ੍ਰਚਾਰਿਆ ਹੀ ਨਹੀਂ ਸਗੋਂ ਅਮਲੀ ਰੂਪ 'ਚ ਆਪਣੇ ਜੀਵਨ ਵਿਚ ਵੀ ਅਪਨਾਇਆ। ਗੁਰੂ ਸਾਹਿਬਾਨ ਵੱਲੋਂ ਦੱਸੇ ਮਾਰਗ 'ਤੇ ਚੱਲਦਿਆਂ ਸਿੱਖ ਕਦੇ ਪਿੱਛੇ ਨਹੀਂ ਹੱਟਦਾ, ਭਾਵੇਂ ਇਸ ਲਈ ਉਸਨੂੰ ਜਾਨ ਦੀ ਬਾਜੀ ਕਿਉਂ ਨਾ ਲਾਉਣੀ ਪੈ ਜਾਵੇ। ਨਿਰਧਾਰਤ ਮਰਯਾਦਾ ਨੂੰ ਤੋੜਨ ਵਾਲਿਆਂ ਵਿਰੁੱਧ ਵੀ ਧਰਮੀ ਪੈਰੋਕਾਰ ਡਟਦੇ ਹਨ, ਕੁਰਬਾਨੀਆਂ ਦਿੰਦੇ ਹਨ ਅਤੇ ਹੱਸ-ਹੱਸ ਕੇ ਸ਼ਹੀਦੀਆਂ ਪਾਉਂਦੇ ਹਨ। ਸਿੱਖ ਧਰਮ ਦੇ ਸੱਚੇ-ਸੁੱਚੇ ਸੂਰਮਿਆਂ ਵਿਚ ਸ਼੍ਰੋਮਣੀ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਂ ਵੀ ਪ੍ਰਮੁੱਖ ਹੈ, ਜੋ ਪਾਵਨ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਾਖੀ ਲਈ ਸ਼ਹਾਦਤ ਦੇ ਕੇ ਅਮਰ ਹੋ ਗਏ। ਬਾਬਾ ਦੀਪ ਸਿੰਘ ਜੀ ਨੇ ਆਪਣੇ ਗੁਰਧਾਮਾਂ ਪ੍ਰਤੀ ਸਮਰਪਿਤ ਭਾਵਨਾ ਨਾਲ ਤਿਆਗ ਅਤੇ ਕੁਰਬਾਨੀ ਦਾ ਜਿਹੜਾ ਇਤਿਹਾਸ ਸਿਰਜਿਆ ਹੈ, ਉਹ ਵਿਲੱਖਣ ਹੈ। ਬਾਬਾ ਦੀਪ ਸਿੰਘ ਜੀ ਦਾ ਜਨਮ ਲਾਹੌਰ ਜਿਲੇ ਪਾਕਿਸਤਾਨ ਬਣ ਜਾਣ ਪਿਛੋਂ ਅੰਮ੍ਰਿਤਸਰ (ਹੁਣ ਤਰਨਤਾਰਨ) ਜ਼ਿਲ੍ਹੇ ਦੇ ਪਿੰਡ ਪਹੂਵਿੰਡ ਵਿਖੇ ਇਕ ਕਿਰਤੀ ਕਿਸਾਨ ਭਾਈ ਭਗਤਾ ਦੇ ਘਰ ਮਾਤਾ ਜਿਊਣੀ ਦੀ ਭਾਗਾਂਭਰੀ ਕੁੱਖ ਤੋਂ 26 ਜਨਵਰੀ 1682 ਮੁਤਾਬਕ 14 ਮਾਘ ਸੰਮਤ 1739 ਨੂੰ ਹੋਇਆ। ਬਾਬਾ ਦੀਪ ਸਿੰਘ ਜੀ ਦਾ ਪਾਲਣ-ਪੋਸਣ ਪਹੂਵਿੰਡ ਵਿਚ ਹੀ ਹੋਇਆ। ਆਨੰਦਪੁਰ ਸਾਹਿਬ ਤੋਂ ਆਪ ਜੀ ਨੇ ਆਪਣੇ ਮਾਤਾ-ਪਿਤਾ ਸਮੇਤ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਖਾਲਸੇ ਦੇ ਪ੍ਰਗਟ ਦਿਹਾੜੇ 'ਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਅੰਮ੍ਰਿਤ ਛਕਣ ਉਪਰੰਤ ਆਨੰਦਪੁਰ ਸਾਹਿਬ ਹੀ ਟਿਕ ਗਏ। ਆਪ ਹਰ ਵੇਲੇ ਗੁਰਬਾਣੀ ਪਾਠ ਕਰਨ ਤੇ ਸਿਮਰਨ ਵਿਚ ਬਿਰਤੀ ਜੋੜੀ ਰੱਖਦੇ। ਆਨੰਦਪੁਰ ਸਾਹਿਬ ਵਿਚ ਹੀ ਆਪ ਨੇ ਸ਼ਾਸਤਰ ਤੇ ਸ਼ਸ਼ਤਰ ਵਿੱਦਿਆ ਹਾਸਿਲ ਕੀਤੀ। ਆਪ ਜੀ ਸੁਡੋਲ ਸਰੀਰ ਤੇ ਦ੍ਰਿੜ-ਇਰਾਦੇ ਦੇ ਮਾਲਕ ਸਨ। ਬਾਬਾ ਦੀਪ ਸਿੰਘ ਜੀ ਇਕ ਪ੍ਰੋੜ ਵਿਦਵਾਨ, ਮਹਾਨ ਸੂਰਬੀਰ, ਸੇਵਾ ਦੇ ਪੁੰਜ ਅਤੇ ਬਾਣੀ ਦੇ ਰਸੀਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲੜੇ ਗਏ ਜੰਗਾਂ-ਯੁੱਧਾਂ ਵਿਚ ਬਾਬਾ ਦੀਪ ਸਿੰਘ ਨੇ ਸਰਗਰਮੀ ਨਾਲ ਹਿੱਸਾ ਲਿਆ। ਧੀਰਮੱਲੀਆਂ ਨੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ। ਉਸ ਬੀੜ ਦਾ ਪਾਠ ਸਿੱਖਾਂ ਨੂੰ ਅਰਥਾਂ ਸਮੇਤ ਪੜ੍ਹਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਔਰੰਗਜ਼ੇਬ ਨਾਲ ਮੁਲਾਕਾਤ ਲਈ ਦੱਖਣ ਨੂੰ ਜਾਣ ਲੱਗੇ ਤਾਂ ਆਪ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਲਈ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਨੂੰ ਤਲਵੰਡੀ ਸਾਬੋ ਵਿਖੇ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਬਖਸ਼ਿਸ਼ ਕੀਤੀ। ਬਾਬਾ ਜੀ ਨੇ ਇਹ ਕਾਰਜ ਬੜੇ ਪਿਆਰ ਅਤੇ ਸ਼ਰਧਾ ਨਾਲ ਨਿਭਾਇਆ। ਆਪ ਆਏ-ਗਏ ਦੀ ਬੜੇ ਪਿਆਰ ਨਾਲ ਟਹਿਲ-ਸੇਵਾ ਕਰਦੇ। ਗੁਰਬਾਣੀ ਪਾਠ ਅਤੇ ਅਰਥ ਬੋਧ ਦੀ ਸਿੱਖਿਆ ਵਿਚ ਵੀ ਭਾਰੀ ਹਿੱਸਾ ਪਾਇਆ। ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਏ ਤਾਂ ਬਾਬਾ ਦੀਪ ਸਿੰਘ ਜੀ ਨੇ ਉਨ੍ਹਾਂ ਦਾ ਡਟ ਕੇ ਸਾਥ ਦਿੱਤਾ ਅਤੇ ਜੰਗਾਂ ਵਿਚ ਹਿੱਸਾ ਲਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਪਿੱਛੋਂ ਆਪ ਫਿਰ ਦਮਦਮਾ ਸਾਹਿਬ ਟਿਕ ਗਏ ਅਤੇ ਗੁਰਬਾਣੀ ਪ੍ਰਚਾਰ ਦੀ ਸੇਵਾ ਨਿਭਾਉਂਦੇ ਰਹੇ। ਹਜ਼ੂਰੀ ਸ਼ਹੀਦੀ ਦਾ ਲੇਖਕ ਹਵਾਲਾ ਦੇਂਦਾ ਲਿਖਦਾ ਹੈ, ਬਾਬਾ ਦੀਪ ਸਿੰਘ ਜੀ ਨੂੰ ਗੁਰੂ ਪਾਤਸ਼ਾਹ ਵਿਸਮਾਦੀ ਦਿਲਾਸਾ ਦੇਂਦੇ ਹੋਏ ਸਮਝਾਉਂਦੇ ਹਨ ਉਗੁਰੂ ਨਾਨਕ ਦਾ ਘਰ ਨਿਜੀ ਖੁਸ਼ੀਆਂ ਗ਼ਮੀਆਂ ਤੋਂ ਉੱਪਰ ਹੈ। ਸਾਡਾ ਮੰਤਵ ਜੰਗਯੁਧ ਨਹੀਂ ਸਗੋਂ ਸਰਬੱਤ ਦਾ ਭਲਾ ਹੈ। ਸਮੁੱਚੀ ਮਾਨਵਤਾ ਦੀ ਭਲਾਈ ਲਈ ਲੋਟੂਆਂ ਨਾਲ ਟੱਕਰ ਹੋਣੀ ਵੀ ਇੱਕ ਲਾਜ਼ਮੀ ਵਰਤਾਰਾ ਹੈ, ਇਸ ਰੱਬੀ ਭਾਣਿਆਂ ਦਾ ਅਗੰਮੀ ਅਨੰਦ ਸਮਝ, ਵਾਹਿਗੁਰੂ ਦਾ ਜੱਸ ਗਾਇਨ ਕਰਦਿਆਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਜਤਨਸ਼ੀਲ ਰਹਿਣਾ ਹੈ ਮਨੁੱਖਾਂ ਜ਼ਿੰਦਗੀ ਦਾ ਤਤਸਾਰ ਇਸ ਦੀ ਸਹਿਜ ਕਰਮਸ਼ੀਲਤਾ ਵਿੱਚ ਹੈ। ਗੁਰੂ ਜੀ ਦੇ ਦੱਖਣ ਵਲ ਚਲੇ ਜਾਣ ਤੋਂ ਬਾਦ ਬਾਬਾ ਦੀਪ ਸਿੰਘ ਇਸ ਨੇ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਕੀਤੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੁਨਰ - ਸੰਪਾਦਿਤ ਗੁਰੂ ਗ੍ਰੰਥ ਸਾਹਿਬ ਦੀ ਬੀੜ " ਦੀਆਂ 4 ਨਕਲਾਂ ਬਾਬਾ ਦੀਪ ਸਿੰਘ ਨੇ ਤਿਆਰ ਕੀਤੀਆਂ। ਬਾਬਾ ਬੰਦਾ ਬਹਾਦਰ ਦੀਆਂ ਮੁਹਿੰਮਾਂ ਵਿਚ ਸ਼ਾਮਲ ਹੋ ਕੇ ਆਪਣੀ ਵੀਰਤਾ ਦਾ ਸਬੂਤ ਦਿੱਤਾ। ਜਦੋਂ ਸੰਨ 1733 ਈ: ਵਿਚ ਸਿੰਘ ਸਾਹਿਬ ਜਥੇਦਾਰ ਨਵਾਬ ਕਪੂਰ ਸਿੰਘ ਨੇ ਸਿੱਖ ਜੱਥਿਆਂ ਨੂੰ ਬੁੱਢਾ ਦਲ ਅਤੇ ਤਰੁਣਾ ਦਲ ਵਿਚ ਵੰਡਿਆ ਅਤੇ ਤਰੁਣਾ ਦਲ ਦੇ ਅਗੋਂ ਪੰਜ ਜੱਥੇ ਬਣਾਏ ਤਾਂ ਬਾਬਾ ਦੀਪ ਸਿੰਘ ਨੇ ਇਕ ਜੱਥੇ ਦੀ ਜੱਥੇਦਾਰੀ ਸੰਭਾਲੀ। ਸੰਨ 1748 ਈ: ਵਿਚ ਇਹੀ ਜੱਥਾ ਮਿਸਲ ਬਣਿਆ ਅਤੇ ਇਸ ਦਾ ਨਾਂ ਬਾਬਾ ਜੀ ਦੇ ਨਾਂ ਉਤੇ ਸ਼ਹੀਦਾਂ ਵਾਲੀ ਮਿਸਲ 'ਪ੍ਰਚਲਿਤ ਹੋਇਆ। ਪਰ ਬੁੱਢਾ ਦਲ ਅਤੇ ਤਰਨਾ ਦਲਾਂ ਦੀ ਕਮਾਂਡ ਨਵਾਬ ਕਪੂਰ ਸਿੰਘ ਜੀ ਨੇ ਆਪਣੇ ਹੱਥਾਂ ਵਿੱਚ ਰੱਖੀ।



ਦਿਲਜੀਤ ਸਿੰਘ ਬੇਦੀ
ਸਕੱਤਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ
9814898570

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਉਪਰੰਤ ਸਿੱਖਾਂ ਉਤੇ ਜ਼ੁਲਮਾਂ ਦਾ ਦੌਰ ਆਰੰਭ ਹੋਇਆ। ਸਿੱਖਾਂ ਨੇ ਛੋਟੇ-ਛੋਟੇ ਜਥੇ ਬਣਾ ਕੇ ਜ਼ੁਲਮਾਂ ਦਾ ਸਾਹਮਣਾ ਕੀਤਾ। ਇਨ੍ਹਾਂ ਜਥਿਆਂ ਦੀ ਗਿਣਤੀ 65 ਤੱਕ ਸੀ। 1748 ਈ: ਵਿਚ ਪੰਥਕ ਆਗੂਆਂ ਨੇ ਮਿਲਕੇ ਦੁਸ਼ਮਣ ਦਾ ਟਾਕਰਾ ਕਰਨ ਲਈ ਵਿਉਂਤ ਬਣਾਈ ਅਤੇ ਸਾਰੇ ਜਥਿਆਂ ਨੂੰ ਤੋੜ ਕੇ 12 ਮਿਸਲਾਂ ਬਣਾਈਆਂ, ਇਨ੍ਹਾਂ ਵਿਚੋਂ ਇਕ 'ਸ਼ਹੀਦ ਮਿਸਲ' ਸੀ, ਜਿਸ ਦੀ ਵਾਗਡੋਰ ਬਾਬਾ ਦੀਪ ਸਿੰਘ ਨੂੰ ਸੌਂਪੀ ਗਈ। ਬਾਬਾ ਦੀਪ ਸਿੰਘ ਜੀ ਮਿਸਲ ਦੀ ਜਥੇਦਾਰੀ ਦੇ ਨਾਲ-ਨਾਲ ਧਰਮ-ਪ੍ਰਚਾਰ ਵਿਚ ਜੁੱਟੇ ਰਹੇ। 1757 ਈ: ਵਿਚ ਅਹਿਮਦ ਸ਼ਾਹ ਅਬਦਾਲੀ ਦਿੱਲੀ ਨੂੰ ਜਾਂਦਿਆਂ ਹੋਇਆਂ ਲਾਹੌਰ ਰੁਕਿਆ। ਉਸ ਨੇ ਅੰਮ੍ਰਿਤਸਰ ਸ਼ਹਿਰ ਦੀ ਲੁੱਟ-ਮਾਰ ਕੀਤੀ ਅਤੇ ਪਾਵਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਢਾਹ ਦਿੱਤਾ। ਅੰਮ੍ਰਿਤ ਸਰੋਵਰ ਨੂੰ ਮਿੱਟੀ ਨਾਲ ਪੂਰ ਦਿੱਤਾ ਗਿਆ। ਬਾਬਾ ਦੀਪ ਸਿੰਘ ਜੀ ਨੂੰ ਜਦੋਂ ਗੁਰਧਾਮਾਂ ਦੀ ਬੇਅਦਬੀ ਹੋਣ ਬਾਰੇ ਪਤਾ ਲੱਗਾ ਤਾਂ ਇਲਾਕੇ ਦੇ ਸਿੰਘਾਂ ਨੂੰ ਇਕੱਠਾ ਕਰਕੇ ਤਲਵੰਡੀ ਸਾਬੋ ਤੋਂ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤੇ। ਸਿਰਲੱਥ ਸੂਰਮਿਆਂ ਦਾ ਜਥਾ ਜਦੋਂ ਤਰਨ ਤਾਰਨ ਨਜ਼ਦੀਕ ਪੁੱਜਾ ਤਾਂ ਇਨ੍ਹਾਂ ਦੀ ਗਿਣਤੀ ਪੰਜ ਹਜ਼ਾਰ ਦੇ ਕਰੀਬ ਹੋ ਗਈ। ਮੁਗ਼ਲ ਜਰਨੈਲ ਜਹਾਨਖਾਨ ਨੂੰ ਬਾਬਾ ਦੀਪ ਸਿੰਘ ਦੀ ਅਗਵਾਈ ਵਿਚ ਹੋਣ ਵਾਲੇ ਹਮਲੇ ਬਾਰੇ ਪਤਾ ਲੱਗਾ ਤਾਂ ਉਸ ਨੇ ਜਰਨੈਲ ਅਤਾਈ ਖਾਨ ਨੂੰ ਹਮਲੇ ਦਾ ਟਾਕਰਾ ਕਰਨ ਲਈ ਭੇਜਿਆ। ਗੋਹਲਵੜ ਦੇ ਸਥਾਨ 'ਤੇ ਦੋਹਾਂ ਫ਼ੌਜਾਂ ਵਿਚ ਟੱਕਰ ਹੋਈ। ਜਹਾਨ ਖਾਨ ਵੀ ਦੋ ਹਜ਼ਾਰ ਅਫਗਾਨੀ ਸਿਪਾਹੀ ਲੈ ਕੇ ਗੋਹਲਵੜ ਦੇ ਸਥਾਨ 'ਤੇ ਆ ਡਟਿਆ। ਪਹਿਲੇ ਹੀ ਹੱਲੇ ਵਿਚ ਜਹਾਨ ਖਾਂ ਦੇ ਸਿਪਾਹੀਆਂ ਦੇ ਪੈਰ ਉਖੜ ਗਏ ਅਤੇ ਉਹ ਰਣ-ਖੇਤਰ 'ਚੋਂ ਭੱਜ ਉਠੇ। ਜਰਨੈਲ ਅਤਾਈ ਖਾਂ ਵੀ ਫ਼ੌਜ ਦਾ ਵੱਡਾ ਦਲ ਲੈ ਕੇ ਆ ਗਿਆ ਸੀ। ਘਮਸਾਨ ਦਾ ਯੁੱਧ ਹੋਇਆ। ਸਿੰਘ ਆਪਣੇ ਪਾਵਨ ਤੀਰਥ ਦੀ ਹੋਈ ਬੇਅਦਬੀ ਦਾ ਬਦਲਾ ਲੈਣ ਲਈ ਜਾਨ ਮਾਰ ਕੇ ਲੜ੍ਹ ਰਹੇ ਸਨ। ਇਨ੍ਹਾਂ ਨੇ ਅਫਗਾਨਾਂ ਦੇ ਛੱਕੇ ਛੁਡਾ ਦਿੱਤੇ। ਘਮਸਾਨ ਯੁੱਧ ਵਿਚ ਦੁਸ਼ਮਣ ਵੱਲੋਂ ਬਾਬਾ ਜੀ ਦੀ ਧੌਣ 'ਤੇ ਤਲਵਾਰ ਦਾ ਘਾਤਕ ਵਾਰ ਕੀਤਾ ਗਿਆ। ਆਪ ਗੁਰੂ ਬਖਸ਼ਿਸ਼ ਸਦਕਾ ਆਖ਼ਰੀ ਦਮ ਤੱਕ ਲੜਦਿਆਂ ਅੱਗੇ ਵਧਦੇ ਗਏ। ਆਖਰ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕ੍ਰਮਾ ਵਿਚ ਸਤਿਗੁਰੂ ਨੂੰ ਸੀਸ ਭੇਟ ਕਰਕੇ ਸਵਾਸ ਤਿਆਗ ਦਿੱਤੇ। ਸਿੱਖ ਕੌਮ ਨੂੰ ਮਾਣ ਹੈ ਕਿ 75 ਸਾਲ ਦੀ ਵਡੇਰੀ ਉਮਰ ਦੇ ਬਾਬਾ ਦੀਪ ਸਿੰਘ ਜੀ ਨੇ ਸਿੱਖ ਗੁਰਧਾਮਾਂ ਦੀ ਬੇਅਦਬੀ ਨੂੰ ਵੰਗਾਰ ਸਮਝਕੇ ਉਸਦੀ ਰੱਖਿਆ ਲਈ ਸਿਰ ਤਲੀ 'ਤੇ ਧਰ ਕੇ ਜੂਝਦਿਆਂ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਦੇ ਮਨ 'ਚ ਗੁਰੂ ਪ੍ਰਤੀ ਪ੍ਰੇਮ ਦੀ ਤਾਂਘ ਅਤੇ ਸਿੱਖੀ ਸਿਧਾਂਤਾਂ ਦੀ ਰੱਖਿਆ ਦੀ ਰੀਝ ਸੀ। ਸਤਿਗੁਰਾਂ ਦਾ ਦਿੱਤਾ ਹੁਕਮ ਉਨ੍ਹਾਂ ਨੇ ਕਮਾ ਕੇ ਦਿਖਾ ਦਿੱਤਾ। ਆਓ! ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਹਾੜੇ 'ਤੇ ਅਸੀਂ ਵੀ ਆਪਣੇ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਪਹਿਰੇਦਾਰੀ ਬਾਬਾ ਦੀਪ ਸਿੰਘ ਜੀ ਦੀ ਸੋਚ ਅਤੇ ਉਪਦੇਸ਼ ਅਨੁਸਾਰੀ ਹੋ ਕੇ ਕਰੀਏ। ਆਪਣੇ ਮਹਾਨ ਇਤਿਹਾਸ ਨੂੰ ਯਾਦ ਰੱਖਦੇ ਹੋਏ ਪੁਰਤਾਨ ਸਿੰਘਾਂ ਦੇ ਕਿਰਦਾਰ, ਕੁਰਬਾਨੀ, ਬਹਾਦਰੀ, ਤਿਆਗ, ਦ੍ਰਿੜ੍ਹਤਾ ਅਤੇ ਗੁਰੂ ਪ੍ਰਤੀ ਸਮਰਪਿਤ ਭਾਵਨਾ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣਾ ਅਤੇ ਚੜ੍ਹਦੀ ਕਲਾ ਵਾਲਾ ਜੀਵਨ ਬਤੀਤ ਕਰਨਾ, ਸਾਡੀ ਜੀਵਨ ਸ਼ੈਲੀ ਹੋਣੀ ਚਾਹੀਦੀ ਹੈ।

# ਧੰਨ-ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ

ਸ਼ਹੀਦ ਸ਼ਬਦ ਅਰਬੀ ਭਾਸ਼ਾ ਦਾ ਸ਼ਬਦ ਹੈ ਤੇ ਸਿੱਖਾਂ ਨੇ ਸਿੱਖ ਪੰਥ ਦੀ ਆਨ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਸਤਿਗੁਰੂ ਦੇ ਹੁਕਮ ਤੇ ਹੱਸ-ਹੱਸ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਇਹ ਸਾਕੇ , ਘੱਲੂਘਾਰੇ ਸਿੱਖ ਕੌਮ ਤੇ ਹੀ ਵਾਪਰੇ ਹਨ। ਫਿਰ ਵੀ ਸਿੱਖ ਸਦਾ ਉਸ ਅਕਾਲ ਪੁਰਖ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦਾ ਹੈ ਤੇ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ:


ਕਬੀਰ ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦ॥
ਮਰਨੇ ਹੀ ਤੇ ਪਾਈਐ, ਪੂਰਨੁ ਪਰਮਾਨੰਦੁ॥
ਅੰਗ (1365)

ਜੀਵਨ ਦੇ ਵਿਜੇਤਾ ਬਣਨ ਲਈ ਗੁਰੂ ਨਾਨਕ ਸਾਹਿਬ ਨੇ 'ਸਿਰ ਦੀਜੈ ਕਾਣਿ ਨ ਕੀਜੈ' ਦੀ ਤਾਕੀਦ ਕੀਤੀ ਹੈ, ਸੂਰਮਾ ਉਹ ਹੈ ਜੋ ਮੁੱਖ ਨਹੀ ਮੋੜਦਾ, ਸੁੱਚੇ ਆਦਰਸ਼ ਲਈ ਨਿਧੜਕ ਹੋ ਕੇ ਜੂਝ ਮਰਦਾ ਹੈ। ਐਸੇ ਮਹਾਨ ਸੂਰਬੀਰ ਜੋਧੇ ਸਨ ਬਾਬਾ ਦੀਪ ਸਿੰਘ ਜੀ। ਬਾਬਾ ਜੀ ਦਾ ਜਨਮ 26 ਜਨਵਰੀ 1682 ਈ: (14 ਮਾਘ 1739 ਬਿਕਰਮੀ) ਨੂੰ ਮਾਤਾ ਜਿਊਣੀ ਜੀ ਦੇ ਉੱਦਰ ਤੋਂ ਪਿਤਾ ਭਾਈ ਭਗਤਾ ਸੰਧੂ ਦੇ ਗ੍ਰਹਿ ਪਿੰਡ ਪਹੂਵਿੰਡ, ਤਹਿਸੀਲ ਪੱਟੀ, (ਉਦੋਂ ਜ਼ਿਲ੍ਹਾ ਅੰਮ੍ਰਿਤਸਰ) ਹੁਣ ਜ਼ਿਲ੍ਹਾ ਤਰਨਤਾਰਨ ਵਿੱਚ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨਾਂ ਦੀ ਚਾਹ ਪ੍ਰਬਲ ਹੋਈ ਤਾਂ ਸੰਗਤਾਂ ਸਮੇਤ ਭਾਈ ਦੀਪਾ ਜੀ ਵੀ ਕਈ ਦਿਨ ਪੈਦਲ ਯਾਤਰਾ ਕਰਕੇ ਜਥੇ ਸਮੇਤ ਸ੍ਰੀ ਆਨੰਦਪੁਰ ਸਾਹਿਬ ਪੁੱਜੇ। ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਦੀਦਾਰੇ ਕਰਕੇ ਸੰਗਤਾਂ ਨਿਹਾਲ ਹੋਈਆਂ ਤੇ ਗੁਰੂ ਜੀ ਦੀ ਪ੍ਰੇਰਨਾ ਸਦਕਾ ਸਭ ਨੇ ਕਲਗੀਧਰ ਪਾਤਸ਼ਾਹ ਜੀ ਕੋਲੋਂ ਪਵਿੱਤਰ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਭਾਈ ਦੀਪਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਕੋਲ ਰਹਿ ਕੇ ਗੁਰਮੁੱਖੀ, ਫਾਰਸੀ ਤੇ ਅਰਬੀ ਲਿਪੀ ਵਿੱਚ ਨਿਪੁੰਨਤਾ ਹਾਸਲ ਕੀਤੀ ਤੇ ਇੱਥੇ ਹੀ ਆਪ ਨੇ ਸ਼ਸਤਰ ਵਿਦਿਆ, ਘੋੜ ਸਵਾਰੀ, ਤਲਵਾਰਬਾਜ਼ੀ, ਤੀਰਅੰਦਾਜ਼ੀ ਤੇ ਨੇਜਾਬਾਜ਼ੀ ਦੀ ਮੁਹਾਰਤ ਹਾਸਲ ਕੀਤੀ। ਆਪ ਗੁਰੂ ਗੋਬਿੰਦ ਸਿੰਘ ਜੀ ਪਾਸ ਪੰਜ ਸਾਲ ਤੱਕ ਰਹੇ। ਮੁਕਤਸਰ ਦੀ ਜੰਗ ਤੋਂ ਬਾਅਦ ਗੁਰੂ ਜੀ ਜਦ ਸਾਬੋ ਕੀ ਤਲਵੰਡੀ ਜ਼ਿਲ੍ਹਾ ਬਠਿੰਡਾ ਪਹੁੰਚੇ ਤਾਂ ਇੱਥੇ ਗੁਰੂ ਜੀ ਨੇ ਕਈ ਚਿਰਾਂ ਦਾ ਕਮਰਕੱਸਾ ਖੋਲ੍ਹਿਆ ਤੇ ਦਮ ਲਿਆ ਤਾਂ ਇਸ ਅਸਥਾਨ ਦਾ ਨਾਂ ਦਮਦਮਾ ਸਾਹਿਬ ਪ੍ਰਸਿੱਧ ਹੋਇਆ। ਆਪ ਜੀ ਇੱਥੇ ਨੌਂ ਮਹੀਨੇ ਤੇ ਕੁੱਝ ਦਿਨ ਰਹੇ। ਇੱਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੁਕੰਮਲ ਕਰਨ ਵੱਲ ਧਿਆਨ ਦਿੱਤਾ ਗਿਆ। ਭਾਈ ਮਨੀ ਸਿੰਘ ਜੀ ਤੋਂ ਬੀੜ ਲਿਖਵਾਉਣੀ ਸ਼ੁਰੂ ਕੀਤੀ ਗਈ ਤੇ ਬਾਬਾ ਦੀਪ ਸਿੰਘ ਜੀ ਲਿਖਣ ਦੇ ਸਾਰੇ ਸਮਾਨ ਦਾ ਪ੍ਰਬੰਧ ਕਰਨ ਲੱਗੇ। ਬਾਦ ਵਿੱਚ ਬਾਬਾ ਜੀ ਨੇ ਆਪਣੇ ਹੱਥੀਂ ਚਾਰ ਬੀੜਾਂ ਦਾ ਉਤਾਰਾ ਕੀਤਾ, ਜੋ ਚਾਰ ਤਖਤਾਂ ਤੇ ਸੁਸ਼ੋਭਿਤ ਹਨ। ਬਾਬਾ ਦੀਪ ਸਿੰਘ ਜੀ ਨੇ ਬੰਦਾ ਸਿੰਘ ਬਹਾਦਰ ਦਾ ਜੰਗਾਂ ਯੁੱਧਾਂ ਵਿੱਚ ਸਾਥ ਦਿੱਤਾ। ਖਾਲਸਾ ਪੰਥ ਵੱਲੋਂ ਸਮੁੱਚੀਆ ਸਿੱਖ ਜਥੇਬੰਦੀਆਂ ਨੂੰ 12 ਮਿਸਲਾਂ ਵਿੱਚ ਵੰਡਿਆ ਗਿਆ, ਜਿਸਦੇ 12 ਮੁੱਖ ਜਥੇਦਾਰ ਥਾਪੇ ਗਏ। ਇੰਨ੍ਹਾਂ ਵਿੱਚੋਂ ਇੱਕ ਮਿਸਲ ਸੀ ਜਿਸਦਾ ਨਾਂ 'ਸ਼ਹੀਦਾਂ ਦੀ ਮਿਸਲ' ਸੀ। ਬਾਬਾ ਦੀਪ ਸਿੰਘ ਜੀ ਇਸ ਮਿਸਲ ਦੇ ਮੁੱਖ ਜਥੇਦਾਰ ਸਨ। ਜਦ ਹਰਿਮੰਦਰ ਸਾਹਿਬ ਜੀ ਦੀ ਬੇਅਦਬੀ ਦੀ ਖਬਰ ਬਾਬਾ ਜੀ ਕੋਲ ਪਹੁੰਚੀ ਤਾਂ ਬਾਬਾ ਜੀ ਨੇ ਨਗਾਰੇ 'ਤੇ ਚੋਟ ਲਾਈ ਤੇ ਦਮਦਮਾ ਸਾਹਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਤੁਰ ਪਏ। ਤਰਨਤਾਰਨ ਸਾਹਬ ਪੁੱਜ ਕੇ ਇਸ਼ਨਾਨ ਕਰਨ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਤੇ 500 ਸਿੰਘਾਂ ਦਾ ਜਥਾ ਤਰਨਤਾਰਨ ਤੋਂ ਤੁਰਨ ਵੇਲੇ 5000 ਸਿੰਘਾਂ ਦਾ ਜਥਾ ਬਣ ਚੁੱਕਾ ਸੀ। ਤਰਨਤਾਰਨ ਸ਼ਹਿਰ 'ਚ ਹੀ ਬਾਬਾ ਦੀਪ ਸਿੰਘ ਜੀ ਨੇ ਲਕੀਰ ਖਿੱਚੀ ਤੇ ਗਰਜ਼ਵੀਂ ਅਵਾਜ਼ ਵਿੱਚ ਜੋਸ਼ੀਲੀ ਤਕਰੀਰ ਕੀਤੀ। ਸਿੰਘ ਜੈਕਾਰੇ ਗਜਾਉਂਦੇ ਹੋਏ ਛਾਲਾਂ ਮਾਰ ਕੇ ਲਕੀਰ ਟੱਪ ਗਏ। ਉਧਰ ਜਹਾਨ ਖਾਂ ਭਾਰੀ ਭਰਕਮ ਫੌਜ ਲੈ ਕੇ ਗੋਹਲਵਾੜ ਦੇ ਨਜ਼ਦੀਕ ਪਹੁੰਚ ਚੁੱਕਾ ਸੀ। ਦੋਨਾਂ ਦੇ ਟਾਕਰੇ ਹੋ ਗਏ। ਬਾਬਾ ਜੀ ਨੇ ਇਸ ਥਾਂ ਆ ਕੇ ਲਲਕਾਰਾ ਮਾਰਿਆ । ਯੁੱਧ ਸ਼ੁਰੂ ਹੋ ਗਿਆ। ਸਿੰਘ ਤੇ ਦੁਰਾਨੀ ਲੜਦੇ ਹੋਏ ਪਿੰਡ ਚੱਬਾ ਅਤੇ ਪਿੰਡ ਵਰਪਾਲ ਦੀ ਸਾਂਝੀ ਜੂਹ 'ਚ ਆਹਮੋ-ਸਾਹਮਣੇ ਹੋ ਗਏ। ਬਾਬਾ ਦੀਪ ਸਿੰਘ ਜੀ ਦੋ ਧਾਰਾ ਖੰਡਾ (18 ਸੇਰ ਦਾ ਖੰਡਾ) ਫੜ ਕੇ ਅੱਗੇ ਹੀ ਅੱਗੇ ਵਧੀ ਜਾ ਰਹੇ ਸਨ। ਇਸ ਹਮਲੇ ਵਿੱਚ ਯਕੂਬ ਖਾਨ ਤੇ ਅਮਾਨ ਖਾਨ ਸਾਥੀਆਂ ਸਮੇਤ ਮਾਰੇ ਗਏ। ਬਾਬਾ ਦਿਆਲ ਸਿੰਘ ਹੱਥੋਂ ਜਹਾਨ ਖਾਂ ਮਾਰਿਆ ਗਿਆ। ਜਹਾਨ ਖਾਂ ਦਾ ਸਿਰ ਨੇਜ਼ੇ ਉੱਪਰ ਟੰਗਿਆ ਵੇਖ ਕੇ ਦੁਰਾਨੀ ਪਿੱਛੇ ਹੱਟਣ ਲੱਗੇ। ਇੰਨ੍ਹੇ ਚਿਰ ਨੂੰ ਦੁਰਾਨੀਆਂ ਦੀ ਮਦਦ ਲਈ ਫੌਜ ਆ ਗਈ। ਇਸ ਲੜਾਈ ਵਿੱਚ ਕਈ ਸਿੰਘ ਸ਼ਹੀਦ ਹੋਏ। ਫੌਜਾਂ ਲੜਦੀਆਂ ਹੋਈਆਂ ਸ੍ਰੀ ਅੰਮ੍ਰਿਤਸਰ ਸਾਹਬ ਵੱਲ ਨੂੰ ਵੱਧ ਰਹੀਆਂ ਸਨ। ਬਾਬਾ ਦੀਪ ਸਿੰਘ ਜੀ ਦੇ ਸਾਹਮਣੇ ਜਮਾਲ ਖਾਂ ਆ ਗਿਆ। ਦੋਵਾਂ ਵਿੱਚ ਬੜੀ ਜਬਰਦਸਤ ਟੱਕਰ ਹੋਈ। ਦੋਹਾਂ ਦੇ ਸਾਂਝੇ ਵਾਰ ਨਾਲ ਜਮਾਲ ਖਾਂ ਤੇ ਬਾਬਾ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇਸ ਅਸਥਾਨ ਤੇ ਗੁਰਦੁਆਰਾ ਸ੍ਰੀ ਟਾਹਲਾ ਸਾਹਿਬ ਤਰਨਤਾਰਨ ਰੋਡ 'ਤੇ ਪਿੰਡ ਚੱਬਾ ਵਿਖੇ ਸੁਸ਼ੋਭਿਤ ਹੈ। ਇੱਕ ਸਿੰਘ ਵੱਲੋਂ ਕਹਿਣ 'ਤੇ ਬਾਬਾ ਦੀਪ ਸਿੰਘ ਨੇ ਸੱਜੇ ਹੱਥ ਵਿੱਚ 18 ਸੇਰ ਦਾ ਖੰਡਾ ਤੇ ਖੱਬੇ ਹੱਥ 'ਤੇ ਸੀਸ ਰੱਖ ਕੇ ਦੁਸ਼ਮਣ ਦਲ ਦੀ ਵਾਢ ਇਸ ਤਰ੍ਹਾਂ ਕੀਤੀ ਕਿ ਦੁਸ਼ਮਣਾਂ ਵਿੱਚ ਹਫੜਾ ਦਫੜੀ ਮੱਚ ਗਈ ਤੇ ਵੈਰੀ ਮੈਦਾਨ ਛੱਡ ਕੇ ਭੱਜਣ ਲੱਗੇ। ਇਸ ਤਰ੍ਹਾਂ ਦੁਸ਼ਮਣਾਂ ਦੇ ਆਹੂ ਲਾਹੁੰਦੇ ਹੋਏ ਬਾਬਾ ਜੀ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਪਹੁੰਚ ਗਏ। ਸ੍ਰੀ ਹਰੀਮੰਦਰ ਸਾਹਿਬ ਜੀ ਦੀ ਦੱਖਣੀ ਬਾਹੀ ਵੱਲ ਇੱਕ ਗੁਰਦੁਆਰਾ ਤੇ ਇੱਕ ਨਿਸ਼ਾਨ ਸਾਹਿਬ ਹੈ, ਜਿੱਥੇ ਬਾਬਾ ਦੀਪ ਸਿੰਘ ਜੀ ਨੇ 13 ਨਵੰਬਰ 1757 (30 ਕੱਤਕ 1814 ) ਨੂੰ ਸ਼ਹੀਦੀ ਪ੍ਰਾਪਤ ਕੀਤੀ। ਗੁਰਦੁਆਰਾ ਰਾਮਸਰ ਸਾਹਬ ਦੇ ਨਜ਼ਦੀਕ ਬਾਬਾ ਦੀਪ ਸਿੰਘ ਜੀ ਦਾ ਗੁਰਦੁਆਰਾ 'ਸ਼ਹੀਦਾਂ ਸਾਹਬ' ਹੈ। ਇਸ ਸਾਲ 15 ਨਵੰਬਰ 2021 ਦਿਨ ਸੋਮਵਾਰ ਨੂੰ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਜਾ ਰਿਹਾ ਹੈ। ਬਾਬਾ ਦੀਪ ਸਿੰਘ ਜੀ ਦੇ ਗੁਰਦਆਰਾ ਸਾਹਿਬ ਵਿਖੇ ਸਭ ਸੰਗਤਾਂ ਹੁੰਮ-ਹੁੰਮਾਂ ਕੇ ਪਹੁੰਚਣ ਜੀ।



ਧਰਮਿੰਦਰ ਸਿੰਘ (ਚੱਬਾ)
9781751690




# ਇੰਡੋ ਅਮੈਰੀਕਨ ਹੈਰੀਟੇਜ ਫਾਊਂਡੇਸਨ ਆਫ ਨਿਊਯਾਰਕ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀਆਂ ਲੱਖ ਲੱਖ ਵਧਾਈਆਂ



ਸਮਾਜ 'ਚ ਰਹਿੰਦਿਆਂ ਹਰ ਖੇਤਰ ਦੇ ਮਨੁੱਖ ਦੀ ਸੋਚ ਹੋਣੀ ਚਾਹੀਦੀ ਹੈ ਕਿ ਸਰਬੱਤ ਦੇ ਭਲੇ ਲਈ ਸਰਵ ਸਾਂਝੇ ਕੰਮਾਂ ਵਿੱਚ ਕਿਸੇ ਦੇ ਕਹਿਣ ਤੋਂ ਬਿਨ੍ਹਾਂ ਹੀ ਹਿੱਸਾ ਪਾਇਆ ਜਾਵੇ । ਗਦਰੀ ਬਾਬਿਆਂ ਨੂੰ ਇਕੱਠੇ ਹੋ ਕੇ ਯਾਦ ਕਰਨਾ ਮਾਣ ਦੀ ਗੱਲ ਹੈ ।ਆਵੋ , ਇੰਡੋ ਅਮੈਰੀਕਨ ਹੈਰੀਟੇਜ ਫਾਊਂਡੇਸਨ ਆਫ ਨਿਊਯਾਰਕ ਦੇ ਵਲੋਂ ਕਰਵਾਏ ਜਾ ਰਹੇ ਸੈਮੀਨਾਰ 'ਚ ਸਮੂਲੀਅਤ ਕਰੀਏ ਅਤੇ ਮਾਣ-ਮੱਤੇ ਵਿਰਸੇ ਨੂੰ ਸਮੱਰਪਿੱਤ ਹੋਈਏ ।

ਤਾਰੀਖ :-ਵੀਹ ਨਵੰਬਰ ਵੀਹ ਸੌ ਇੱਕੀ

ਸਥਾਨ :-100 ਲੇਕਵਿੱਲ ਰੋਡ ਨਿਊਹਾਈਡ ਪਾਰਕ ਲਾਂਗ ਆਈਲੈਂਡ

ਸਮਾਂ :- 11:00 ਸਵੇਰ ਤੋਂ 4:00 ਬਾਅਦ ਦੁਪਹਿਰ

ਕਾਰ ਪਾਰਕਿੰਗ ਮੁਫਤ ਹੈ।ਚਾਹ ਅਤੇ ਭੋਜਨ ਦਾ ਲੰਗਰ ਵਰਤੇਗਾ ।ਵਧੇਰੇ ਜਾਣਕਾਰੀ ਫੋਨ ਕਰੋ :-

ਮਨਮੋਹਨ ਪੂਨੀ 1-347-753-5940, ਸਵਰਨ ਸਿੰਘ ਸਲੈਚ 917-224-3645, ਉਂਕਾਰ ਸਿੰਘ ਡੁਮੇਲੀ 347-476-1604

ਆਪਣੇ ਦੋਸਤਾਂ ਮਿੱਤਰਾਂ ਵੀ ਦੱਸੋ ਅਤੇ ਨਾਲ ਲਿਆਵੋ ।

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180





PRITPAL KAUR
Editor-In-Chief
+1 (201) 312-4180



ADVISORY BOARD

ਜੋਗਾ ਸਿੰਘ
****************************
ਜਸਵਿੰਦਰ ਸਿੰਘ ਨਿਊਜਰਸੀ
****************************
ਗੁਰਮੀਤ ਸਿੰਘ ਧਲਵਾਨ ਸ਼ਿਕਾਗੋ
****************************
ਜੀ. ਐਸ ਸਿੰਘ ਪੰਜਾਬ
****************************
ਸੁਜਾਨ ਨਾਗ, ਯੂ.ਐਸ.ਏ.
*****************
ਸਰਬਜੀਤ ਕੌਰ ਪੰਜਾਬ
*********************
ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,
****************************
ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822
****************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।



Preetnamausa@gmail.com
www.preetnama.com


# ਮਾਸੂਮਾਂ ਦੀ ਹਿਫਾਜ਼ਤ

ਪਿਛਲੇ ਡੇਢ-ਦੋ ਸਾਲਾਂ ਦੌਰਾਨ ਕੋਰੋਨਾ ਵਾਇਰਸ ਦੇ ਅਸਰ ਵਿੱਚ ਲੱਗਭੱਗ ਹਰ ਪੱਧਰ ਉਤੇ ਜੀਵਨਸ਼ੈਲੀ ਵਿੱਚ ਜਿਸ ਤਰ੍ਹਾਂ ਦੇ ਬਦਲਾਓ ਆਏ ਹਨ, ਉਨ੍ਹਾਂ ਵਿੱਚ ਤਕਨੀਕ ਦੀ ਵੱਡੀ ਭੂਮਿਕਾ ਰਹੀ ਹੈ। ਵਿਡੰਬਨਾ ਇਹ ਹੈ ਕਿ ਤਕਨੀਕ ਦੇ ਵਧਦੇ ਦਖਲ ਦੇ ਮੁਤਾਬਿਕ ਇਸ ਦੇ ਇਸਤੇਮਾਲ ਨੂੰ ਲੈ ਕੇ ਜ਼ਰੂਰੀ ਸਮਝ ਅਤੇ ਸਿਖਲਾਈ ਉਤੇ ਬਹੁਤ ਧਿਆਨ ਦਿੱਤਾ ਗਿਆ ਹੈ। ਨਤੀਜੇ ਵਜੋਂ ਸਮਾਜ ਦਾ ਜੋ ਹਿਸਾ ਤਕਨੀਕਾਂ ਦੀ ਵਰਤੋਂ ਦੇ ਦਾਇਰੇ ਵਿੱਚ ਹਨ, ਉਸ ਨੂੰ ਇਸ ਦੇ ਕੁਝ ਫਾਇਦੇ ਮਿਲ ਰਹੇ ਹਨ, ਪਰ ਉਨ੍ਹਾਂ ਵਿਚੋਂ ਇਕ ਹਿਸਾ ਇੰਟਰਨੈਟ ਉਤੇ ਅਪਰਾਧ ਕਰਨ ਵਾਲਿਆਂ ਦੇ ਨਿਸ਼ਾਨੇ ਵੀ ਹਨ। ਇਸ ਲਿਹਾਜ਼ ਨਾਲ ਦੇਖੀਏਂ ਤਾਂ ਬੱਚੇ ਸਾਈਬਰ ਅਪਰਾਧੀਆਂ ਦੇ ਸਭ ਤੋਂ ਆਸਾਨ ਨਿਸ਼ਾਨਾ ਹਨ। ਅਸਲ ਵਿੱਚ ਅੱਜ ਆਨਲਾਈਨ ਪੜ੍ਹਾਈ ਨੂੰ ਲੈ ਕੇ ਹੋਰ ਕਾਰਨਾਂ ਕਰਕੇ ਬਹੁਤ ਸਾਰੇ ਬੱਚੇ ਮੋਬਾਈਲ, ਕੰਪਿਊਟਰ ਅਤੇ ਇੰਟਰਨੈਟ ਦੇ ਦਾਇਰੇ ਵਿੱਚ ਆਏ ਹਨ, ਪਰ ਇਸ ਸਾਧਨ ਦੇ ਇਸਤੇਮਾਲ ਨੂੰ ਲੈ ਕੇ ਬਹੁਤ ਸਾਰੇ ਬੱਚਿਆਂ ਦੇ ਅੰਦਰ ਓਨੀ ਜਾਗਰੂਕਤਾ ਅਤੇ ਸਾਵਧਾਨੀ ਦਾ ਬੋਧ ਨਹੀਂ ਪਾਇਆ ਜਾਂਦਾ। ਇਹੀ ਕਾਰਨ ਹੈ ਕਿ ਪੜ੍ਹਾਈ-ਲਿਖਾਈ ਅਤੇ ਖੁਦ ਨਾਲ ਜੁੜੇ ਅਲੱਗ-ਅਲੱਗ ਲੋਕਾਂ ਜਾਂ ਸਮੂਹਾਂ ਨਾਲ ਸੰਵਾਦ ਦੇ ਲਈ ਇੰਟਰਨੈਟ ਉਤੇ ਉਨ੍ਹਾਂ ਦੀ ਨਿਰਭਰਤਾ ਦੇ ਕ੍ਰਮ ਵਿੱਚ ਉਹ ਇੰਟਰਨੈਟ ਨਾਲ ਚੱਲਣ ਵਾਲੀਆਂ ਅਣਕਿਆਸੀ ਸਰਗਰਮੀਆਂ ਦੀ ਲਪੇਟ ਵਿੱਚ ਆ ਜਾਂਦੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਤਾਜ਼ਾ ਆਂਕੜਿਆਂ ਵਿੱਚ ਇਹ ਤੱਥ ਸਾਹਮਣੇ ਆਏ ਹਨ ਕਿ ਦੇਸ਼ ਵਿੱਚ ਬੱਚਿਆਂ ਦੇ ਖਿਲਾਫ ਸਾਈਬਰ ਅਪਰਾਧ 2019 ਦੀ ਤੁਲਨਾ ਵਿੱਚ 2020 ਵਿੱਚ ਚਾਰ ਸੌ ਫੀਸਦੀ ਦਾ ਵਾਧਾ ਹੋਇਆ। ਇਨ੍ਹਾਂ ਵਿਚੋਂ ਜ਼ਿਆਦਾਤਰ ਮਾਮਲੇ ਯੋਨ ਕੰਮਾ ਵਿੱਚ ਬੱਚਿਆਂ ਨੂੰ ਗਲਤ ਪਾਸੇ ਲੈਣ ਜਾਣ ਵਾਲੀ ਸਮੱਗਰੀ ਅਤੇ ਪ੍ਰਸਾਰਣ ਨਾਲ ਜੁੜੇ ਹਨ। ਰਿਪੋਰਟ ਦੇ ਮੁਤਾਬਿਕ ਪਿਛਲੇ ਸਾਲ ਅਜਿਹੇ ਅਪਰਾਧਾਂ ਦੇ 842 ਮਾਮਲੇ ਦਰਜ ਕੀਤੇ ਗਏ ਸਨ ਜਦਕਿ 2017 ਅਤੇ 2018 ਵਿੱਚ ਇਹ ਆਂਕੜੇ ਕ੍ਰਮਵਾਰ 79 ਅਤੇ 117 ਸਨ। ਸਮਾਰਟਫੋਨ ਅਤੇ ਕੰਪਿਊਟਰਾਂ ਨੇ ਪਹਿਲਾਂ ਹੀ ਲੋਕਾਂ ਦੇ ਵਿਚਾਲੇ ਆਪਣੀ ਮਜ਼ਬੂਤ ਮੌਜੂਦਗੀ ਅਤੇ ਪਹੁੰਚ ਬਣਾਈ ਸੀ। ਪਰ ਕੋਰੋਨਾ ਦੇ ਵਾਇਰਸ ਦੀ ਪਿੱਠਭੂਮੀ ਵਿੱਚ ਪੂਰਨਬੰਦੀ ਅਤੇ ਇਸ ਦੌਰਾਨ ਸਿੱਖਿਆ ਤੋਂ ਲੈ ਕੇ ਖਰੀਦਦਾਰੀ, ਲੈਣ-ਦੇਣ ਸਣੇ ਦੂਜੇ ਤਮਾਮ ਗਤੀਵਿਧੀਆਂ ਦੇ ਲਈ ਇੰਟਰਨੈਟ ਉਤੇ ਜਿਸ ਤਰ੍ਹਾਂ ਨਿਰਭਰਤਾ ਬਣੀ, ਉਸ ਵਿੱਚ ਸਾਈਬਰ ਅਪਰਾਧ ਨੇ ਵੀ ਆਪਣੇ ਪੈਰ ਪਸਾਰੇ। ਪੜ੍ਹਾਈ ਜਾਂ ਕਿਸੇ ਨਾਲ ਸੰਵਾਦ ਦੇ ਲਈ ਸਮਾਰਟਫੋਨ ਜਾਂ ਕੰਪਿਊਟਰ ਉਤੇ ਇੰਟਰਨੈਟ ਖੋਲ੍ਹ ਕੇ ਬੱਚੇ ਕਿਵੇਂ ਯੋਨ ਸੋਸ਼ਣ, ਅਸ਼ਲੀਲ ਸੰਦੇਸ਼ਾਂ ਦੇ ਅਦਾਨ-ਪ੍ਰਦਾਨ, ਆਨਲਾਈਨ ਗੇਮ ਅਤੇ ਠੱਗੀ ਜਾਂ ਪੋਰਨੋਗ੍ਰਾਫੀ ਅਤੇ ਸਾਈਬਰ ਧਮਕੀਆਂ ਜਿਹੇ ਜੋਖਮ ਦੇ ਜਾਲ ਵਿੱਚ ਕਿਵੇਂ ਫਸਦੇ ਹਨ, ਇਹ ਲੋਕਾਂ ਨੂੰ ਪਤਾ ਨਹੀਂ ਲੱਗਿਆ। ਉਂਝ ਬੱਚੇ ਆਮ ਤੌਰ ਉਤੇ ਸਾਰੇ ਸਮਾਜਾਂ ਜਾਂ ਭਾਈਚਾਰਿਆ ਦੇ ਸਭ ਤੋਂ ਜ਼ਿਆਦਾ ਸੁਰੱਖਿਅਤ ਅਤੇ ਸੰਵੇਦਨਸ਼ੀਲ ਹਿੱਸਾ ਹੁੰਦੇ ਹਨ, ਪਰ ਇਸ ਦੇ ਸਮਾਂਤਰ ਉਹ ਜ਼ਿਆਦਾ ਖਤਰੇ ਵਿੱਚ ਵੀ ਹੁੰਦੇ ਹਨ। ਇਸ ਲਈ ਉਨ੍ਹਾਂ ਦੇ ਪਾਲਣ-ਪੋਸ਼ਣ ਅਤੇ ਵਿਕਾਸ ਦੇ ਕ੍ਰਮ ਵਿੱਚ ਰੂਟੀਨ ਦੀ ਉਨ੍ਹਾਂ ਦੀਆਂ ਅਲੱਗ-ਅਲੱਗ ਸਰਗਰਮੀਆਂ ਉਤੇ ਗੌਰ ਕਰਨਾ ਅਤੇ ਬਿਹਤਰ ਜੀਵਨ ਸਥਿਤੀਆਂ ਦੇ ਅਨੁਕੂਲ ਸਲਾਹ ਦੇਣਾ ਮਾਪਿਆਂ ਦੀ ਜ਼ਿੰਮੇਵਾਰੀ ਹੁੰਦੀ ਹੈ। ਵਿਡੰਬਨਾ ਇਹ ਹੈ ਕਿ ਸਾਡੇ ਸਮਾਜ ਵਿੱਚ ਬੱਚਿਆਂ ਦੀ ਦੇਖਭਾਲ ਅਤੇ ਉਨ੍ਹਾਂ ਦਾ ਭਵਿੱਖ ਸੰਵਾਰਨ ਦੇ ਨਾਲ ਉਤੇ ਜਿਸ ਤਰ੍ਹਾਂ ਦੇ ਕੰਟਰੋਲ ਅਤੇ ਨਿਗਰਾਨੀ ਦਾ ਜ਼ਰੀਆ ਬਣਾਇਆ ਜਾਂਦਾ ਹੈ ਉਸ ਵਿੱਚ ਕਈ ਵਾਰ ਬੱਚੇ ਗੈਰ ਜ਼ਰੂਰੀ ਦਬਾਅ ਵਿੱਚ ਆ ਕੇ ਮਾਪਿਆਂ ਨਾਲ ਜ਼ਰੂਰੀ ਸੰਵਾਦ ਬਹੁਤ ਘਟ ਕਰਦੇ ਹਨ। ਇਸ ਦਾ ਨਤੀਜਾ ਇਸ ਖਤਰੇ ਦੇ ਰੂਪ ਵਿੱਚ ਆਉਂਦਾ ਹੈ ਕਿ ਅਕਸਰ ਉਹ ਗੈਰ ਜ਼ਰੂਰੀ ਸਰਗਰਮੀਆਂ ਵਾਲਿਆਂ ਦੇ ਨਿਸ਼ਾਨੇ ਉਤੇ ਜਾ ਉਸ ਦੀ ਲਪੇਟ ਵਿੱਚ ਆ ਜਾਦੇ ਹਨ। ਇੰਟਰਨੈਟ ਉਤੇ ਬੱਚਿਆਂ ਦੇ ਖਿਲਾਫ ਅਪਰਾਧਾਂ ਦੇ ਜੋ ਸਰੂਪ ਸਾਹਮਣੇ ਆਏ ਹਨ, ਉਨ੍ਹਾਂ ਵਿੱਚ ਤਕਨੀਕ ਦੀ ਉਚਿਤ ਸਿਖਲਾਈ ਤੋਂ ਲੈ ਕੇ ਸਾਡਾ ਸਮਾਜਿਕ ਵਰਤਾਓ ਵੀ ਜ਼ਿੰਮੇਵਾਰ ਹੈ, ਜਿਸ ਵਿੱਚ ਬੱਚਿਆਂ ਉਤੇ ਜਾਂ ਤਾਂ ਜ਼ਰੂਰਤ ਤੋਂ ਜ਼ਿਆਦਾ ਦਬਾਅ ਹੁੰਦਾ ਹੈ ਜਾਂ ਫਿਰ ਉਨ੍ਹਾਂ ਦੀਆਂ ਸਰਗਰਮੀਆਂ ਦੇ ਪ੍ਰਤੀ ਉਦਾਸੀਤਨਤਾ ਹੁੰਦੀ ਹੈ। ਤਕਨੀਕ ਆਪਣੇ ਆਪ ਵਿੱਚ ਇਕ ਨਿਰਪੱਖ ਸਾਧਨ ਹੁੰਦਾ ਹੈ, ਪਰ ਉਸ ਦਾ ਇਸਤੇਮਾਲ ਜਿਸ ਮਕਸਦ ਨਾਲ ਕੀਤਾ ਜਾਵੇਗਾ, ਉਸ ਦੇ ਨਤੀਜੇ ਵੀ ਉਸੇ ਅਨੁਸਾਰ ਆਉਣਗੇ।

# ਬਾਲਣ ਦੀ ਫਿਕਰ

ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਦੇ ਕਾਰਨ ਦੇਸ਼ ਵਿੱਚ ਪੈਟਰੋਲ-ਡੀਜ਼ਲ ਦੀਆਂ ਕੀਮਤਾਂ 'ਤੇ ਕੰਟਰੋਲ ਕਰਨਾ ਸਰਕਾਰ ਦੇ ਲਈ ਚੁਣੌਤੀ ਬਣਿਆ ਹੋਇਆ ਹੈ। ਅਜਿਹੇ ਵਿੱਚ ਬਦਲ ਲੱਭੇ ਜਾ ਰਹੇ ਹਨ ਕਿ ਕਿਸ ਤਰ੍ਹਾਂ ਬਾਲਣ ਦੀ ਵਧਦੀਆਂ ਕੀਮਤਾਂ ਨੂੰ ਕਾਬੂ ਕੀਤਾ ਜਾ ਸਕੇ। ਇਸ ਦੇ ਬਦਲ ਦੇ ਰੂਪ ਵਿੱਚ ਪਹਿਲਾਂ ਜਟਰੋਫਾ ਤੋਂ ਤੇਲ ਬਣਾਉਣ ਦੀ ਪਹਿਲ ਹੋਈ ਸੀ। ਇਸ ਦੇ ਲਈ ਕਿਸਾਨਾਂ ਨੂੰ ਵੱਡੇ ਪੈਮਾਨੇ ਉਤੇ ਹੱਲਾਸ਼ੇਰੀ ਦਿੱਤੀ ਗਈ, ਕਈ ਥਾਵਾਂ ਉਤੇ ਇਸ ਦੇ ਪ੍ਰਾਜੈਕਟ ਲਗਾਏ ਗਏ, ਪਰ ਉਸ ਦੇ ਆਸ ਅਨੁਸਾਰ ਨਤੀਜੇ ਨਹੀਂ ਨਿਕਲ ਸਕੇ। ਹੁਣ ਅਥੈਨਾਲ ਨੂੰ ਕਾਰਗਰ ਬਦਲ ਮੰਨਿਆ ਜਾ ਰਿਹਾ ਹੈ। ਸਰਕਾਰ ਇਸ ਦੇ ਉਤਪਾਦਨ ਨੂੰ ਹੱਲਾਸ਼ੇਰੀ ਕਰ ਰਹੀ ਹੈ। ਅਥੈਲਾਨ ਦੀ ਖ਼ਾਸੀਅਤ ਇਹ ਹੈ ਕਿ ਇਸ ਨੂੰ ਪੈਟਰੋਲ ਵਿੱਚ ਮਿਲਾ ਕੇ ਵਰਤਿਆ ਜਾ ਸਕਦਾ ਹੈ ਅਤੇ ਸੁਤੰਤਰ ਰੂਪ ਵਿੱਚ ਵੀ ਇਸ ਨੂੰ ਇਸਤੇਮਾਲ ਕੀਤਾ ਜਾ ਸਕਦਾ ਹੈ। ਫਿਲਹਾਲ ਤੇਲ ਕੰਪਨੀਆਂ ਇਸ ਨੂੰ ਪੈਟਰੋਲ ਵਿੱਚ ਮਿਲਾ ਕੇ ਵੇਚਦੀਆਂ ਹਨ, ਜਿਸ ਨਾਲ ਪੈਟਰੋਲ ਦੀ ਕੀਮਤ ਕੁਝ ਘਟ ਹੋ ਜਾਂਦੀ ਹੈ। ਅਥੈਨਾਲ ਪੈਟਰੋਲ ਤੋਂ ਸਸਤਾ ਪੈਂਦਾ ਹੈ। ਸਰਕਾਰ ਦੇ ਆਂਕੜਿਆਂ ਮੁਤਾਬਿਕ ਹਾਲੇ ਦੇਸ਼ ਵਿੱਚ 8 ਫੀਸਦੀ ਤੱਕ ਅਥੈਨਾਲ ਦੀ ਪੈਟਰੋਲ ਵਿੱਚ ਮਿਲਾਵਟ ਹੁੰਦੀ ਹੈ। 2025 ਤੱਕ ਇਸ ਨੂੰ ਵਧਾ ਕੇ 20 ਫੀਸਦੀ ਦੇ ਪੱਧਰ ਤੱਕ ਪਹੁੰਚਾਉਣ ਦਾ ਨਿਸ਼ਾਨਾ ਹੈ। ਇਸ ਲਈ ਸਰਕਾਰ ਨੇ ਅਥੈਨਾਲ ਦੀ ਕੀਮਤਾਂ ਵਿੱਚ 147 ਰੁਪਏ ਦਾ ਵਾਧਾ ਕੀਤਾ ਹੈ ਤਾਂ ਕਿ ਇਸ ਨਾਲ ਚੀਨੀ ਮਿੱਲਾਂ ਅਥੈਨਾਲ ਉਤਪਾਦਨ ਨੂੰ ਲੈ ਕੇ ਉਤਸ਼ਾਹਿਤ ਹੋਣਗੀਆਂ ਅਤੇ ਉਹ ਕਿਸਾਨਾਂ ਦੇ ਗੰਨੇ ਦੀ ਚੰਗੀ ਕੀਮਤ ਚੁਕਾਉਦ ਦੀ ਸਥਿਤੀ ਵਿੱਚ ਆ ਜਾਣਗੀਆਂ। ਅਥੈਨਾਲ ਦਾ ਉਤਪਾਦਨ ਗੰਨੇ ਤੋਂ ਹੁੰਦਾ ਹੈ। ਚੀਨੀ ਮਿੱਲਾਂ ਵਿੱਚ ਚੀਨੀ ਉਤਪਾਦਨ ਦੇ ਬਾਅਦ ਜੋ ਬਾਕੀ ਸ਼ੀਰਾ ਬਚ ਜਾਂਦਾ ਹੈ, ਉਸੇ ਤੋਂ ਅਥੈਨਾਲ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਦੇਸ਼ ਵਿੱਚ ਅਥੈਨਾਲ ਉਤਪਾਦਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ। ਇਸ ਨੂੰ ਦੇਖਦੇ ਹੋਏ ਕੇਂਦਰੀ ਮੰਤਰੀ ਨਿਤਿਨ ਗਡਕਰੀ ਤਾਂ ਇਥੋਂ ਤੱਕ ਐਲਾਨ ਕਰ ਚੁੱਕੇ ਹਨ ਕਿ ਹੁਣ ਉਹ ਕੰਪਨੀਆਂ ਨੂੰ ਕਾਰਾਂ ਵਿੱਚ ਪੈਟਰੋਲ ਅਤੇ ਅਥੈਨਾਲ ਦੋਵਾਂ ਨਾਲ ਚੱਲਣ ਵਾਲੇ ਇੰਜਣ ਲਗਾਉਣ ਦਾ ਹੁਕਮ ਦੇਣ ਵਾਲੇ ਹਨ। ਭਾਵ ਹੁਣ ਅਜਿਹੇ ਇੰਜਣ ਆਉਣਗੇ ਜੋ ਪੈਟਰੋਲ ਜਾਂ ਅਥੈਨਾਲ ਦੋਵਾਂ ਨਾਲ ਜਾਂ ਫਿਰ ਦੋਵਾਂ ਦੇ ਮਿਸ਼ਰਣ ਨਾਲ ਚੱਲਣਗੇ। ਅਥੈਨਾਲ ਨਾਲ ਹਵਾ ਪ੍ਰਦੂਸ਼ਣ ਵੀ ਘੱਟ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਅਥੈਨਾਲ ਚੂੰਕਿ ਸਸਤਾ ਹੈ, ਇਸ ਲਈ ਗ੍ਰਾਹਕਾਂ ਨੂੰ ਵੀ ਇਸ ਨਾਲ ਕਾਫੀ ਰਾਹਤ ਮਿਲੇਗੀ। ਚੀਨੀ ਮਿੱਲਾਂ ਹਾਲੇ ਤੱਕ ਸ਼ੀਰੇ ਤੋਂ ਸ਼ਰਾਬ ਬਣਾਉਂਦੀਆਂ ਰਹੀਆਂ ਹਨ, ਹੁਣ ਅਥੈਨਾਲ ਉਤਪਾਦਨ ਦਾ ਪ੍ਰਾਜੈਕਟ ਲਗਾ ਕੇ ਹੋਰ ਕਮਾਈ ਕਰ ਸਕਣਗੀਆਂ। ਸੁਭਾਵਿਕ ਹੀ ਇਸ ਨਾਲ ਚੀਨੀ ਮਿੱਲਾਂ ਉਤੇ ਵਧਦੇ ਕਰਜ਼ੇ ਨੂੰ ਲੈ ਕੇ ਲਗਾਤਾਰ ਦਬਾਅ ਬਣਦਾ ਰਿਹਾ ਹੈ ਅਤੇ ਕਈ ਸਾਲਾਂ ਤੱਕ ਕਿਸਾਨਾਂ ਦੇ ਬਕਾਏ ਦਾ ਭੁਗਤਾਨ ਨਹੀਂ ਕਰ ਪਾਉਂਦੀਆਂ, ਉਹ ਆਸਾਨੀ ਨਾਲ ਕਰ ਸਕਣਗੀਆਂ। ਪਰ ਸਰਕਾਰ ਨੇ ਹਾਲ ਤੱਕ ਇਹ ਅਨੁਮਾਨ ਪੇਸ਼ ਨਹੀਂ ਕੀਤਾ ਹੈ ਕਿ ਦੇਸ਼ ਵਿੱਚ ਅਥੈਨਾਲ ਦੀ ਕਿੰਨੀ ਮਾਤਰਾ ਪੈਦਾ ਹੋ ਸਕੇਗੀ। ਚੀਨ ਮਿਲਾਂ ਦਾ ਸੀਜ਼ਨ ਨਿਸ਼ਚਿਤ ਹੈ। ਕਰੀਬ ਅੱਧਾ ਸਾਲ ਉਨ੍ਹਾਂ ਵਿੱਚ ਕੰਮਕਾਜ ਬੰਦ ਰਹਿੰਦਾ ਹੈ, ਇਸ ਲਈ ਕਿ ਗੰਨੇ ਦੀ ਫਸਲ ਕੱਟੇ ਜਾਣ ਦਾ ਮੌਸਮ ਤੈਅ ਹੈ, ਉਹ ਸਾਲ ਭਰ ਉਪਲੱਭਧ ਨਹੀਂ ਹੁੰਦਾ। ਫਿਰ ਗੰਨੇ ਦਾ ਉਤਪਾਦਨ ਪੂਰੇ ਦੇਸ਼ ਵਿੱਚ ਨਹੀਂ ਹੁੰਦਾ।




# ਅੰਮ੍ਰਿਤਸਰ ਤੋਂ ਬਿਹਤਰ ਹਵਾਈ ਸੰਪਰਕ ਬਣਾਉਣ ਲਈ 'ਅੰਮ੍ਰਿਤਸਰ ਵਿਕਾਸ ਮੰਚ' ਵਲੋਂ 'ਗੋ ਫਸਟ' ਨਾਲ ਮੁਲਾਕਾਤ






ਨਿਊਯਾਰਕ (ਰਾਜ ਗੋਗਨਾ )—ਸ੍ਰੀ ਗੁਰੁ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਅਤੇ ਅੰਮ੍ਰਿਤਸਰ, ਪੰਜਾਬ ਖੇਤਰ ਲਈ ਘਰੇਲੂ ਅਤੇ ਅੰਤਰਰਾਸ਼ਟਰੀ ਸੰਪਰਕ ਨੂੰ ਵਧਾਉਣ ਦੇ ਯਤਨਾਂ ਨੂੰ ਜਾਰੀ ਰੱਖਦੇ ਹੋਏ ਅੰਮ੍ਰਿਤਸਰ ਵਿਕਾਸ ਮੰਚ ਅਤੇ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦੇ ਵਫਦ ਨੇ ਸਰਪ੍ਰਸਤ ਕੁਲਵੰਤ ਸਿੰਘ ਅਣਖੀ, ਸਰਪ੍ਰਸਤ ਮਨਮੋਹਨ ਸਿੰਘ, ਸਕੱਤਰ ਯੋਗੇਸ਼ ਕਾਮਰਾ ਅਤੇ ਰਵਰੀਤ ਸਿੰਘ ਸਣੇ ਭਾਰਤ ਦੀ ਘੱਟ ਕਿਰਾਏ ਵਾਲੀ ਏਅਰਲਾਈਨ 'ਗੋ ਫਸਟ' ਦੇ ਉੱਚ ਅਧਿਕਾਰੀਆਂ ਨਾਲ ਅੰਮ੍ਰਿਤਸਰ ਹਵਾਈ ਅੱਡੇ ਵਿਖੇ ਮੁਲਾਕਾਤ ਕੀਤੀ। ਮੰਚ ਦੇ ਸਰਪ੍ਰਸਤ ਮਨਮੋਹਨ ਸਿੰਘ ਬਰਾੜ ਵੱਲੋ ਪ੍ਰੈਸ ਦੇ ਨਾਂ ਇਕ ਬਿਆਨ ਜਾਰੀ ਕਰਦਿਆ ਦੱਸਿਆ ਕਿ ਬੀਤੇ ਦਿਨੀਂ ਗੋ ਫਸਟ ਦੀਆਂ 6 ਨਵੀਆਂ ਉਡਾਣਾਂ ਸ਼ੁਰੂ ਹੋਣ ਉਪਰੰਤ ਮੰਚ ਦੇ ਵਫਦ ਨੇ ਅੰਮ੍ਰਿਤਸਰ ਤੋਂ ਉਡਾਣਾਂ ਨੂੰ ਸ਼ੁਰੂ ਕਰਨ ਦੀ ਸਾਡੀ ਮੰਗ ਪੂਰੀ ਕਰਨ ਲਈ ਗੋ ਫਸਟ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਮੰਚ ਨੇ ਏਅਰਲਾਈਨ ਨੂੰ ਭਾਰਤ ਦੇ ਹੋਰਨਾਂ ਸ਼ਹਿਰਾਂ ਅਤੇ ਵਿਦੇਸ਼ ਦੇ ਹਵਾਈ ਅੱਡਿਆਂ ਲਈ ਵੀ ਉਡਾਣਾਂ ਸ਼ੁਰੂ ਕਰਨ ਸੰਬੰਧੀ ਵਿਸਥਾਰਤ ਅੰਕੜੇ ਪੇਸ਼ ਕੀਤੇ। ਗੌ ਫਸਟ ਨੇ ਦਿੱਲੀ ਲਈ ਤਿੰਨ, ਮੁੰਬਈ ਲਈ ਦੋ, ਅਤੇ ਸ੍ਰੀਨਗਰ ਲਈ ਰੋਜਾਨਾ ਇਕ ਉਡਾਣ ਸ਼ੁਰੂ ਕੀਤੀਆਂ ਹਨ। ਦਿੱਲੀ ਅਤੇ ਮੁੰਬਈ ਲਈ ਉਡਾਣਾਂ, ਯਾਤਰੀਆਂ ਨੂੰ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਲਖਨਊ, ਬਾਗਡੋਗਰਾ, ਗੁਵਾਹਾਟੀ, ਗੋਆ, ਨਾਗਪੁਰ, ਚੇਨਈ, ਵਾਰਾਨਸੀ, ਹੈਦਰਾਬਾਦ ਆਦਿ ਨਾਲ ਬਹੁਤ ਹੀ ਸੁਖਾਲੇ ਸੰਪਰਕ ਨਾਲ ਜੋੜਦੀਆਂ ਹਨ। ਮੀਟਿੰਗ ਦੋਰਾਨ ਵਫਦ ਨੇ ਅੰਕੜੇ ਸਾਂਝੇ ਕਰਦੇ ਹੋਏ ਗੋ ਫਸਟ ਨੂੰ ਅੰਮ੍ਰਿਤਸਰ ਤੋਂ ਦਿੱਲੀ, ਮੁੰਬਈ, ਸ੍ਰੀਨਗਰ ਲਈ ਸਿੱਧਿਆਂ ਉਡਾਣਾਂ ਤੋਂ ਇਲਾਵਾ ਨਾਂਦੇੜ, ਹੈਦਰਾਬਾਦ, ਗੋਆ, ਗੁਵਾਹਾਟੀ, ਪਟਨਾ ਆਦਿ ਸ਼ਹਿਰਾਂ ਨਾਲ ਸਿੱਧੀਆਂ ਉਡਾਣਾਂ ਦੀ ਸੰਭਾਵਨਾ ਬਾਰੇ ਦੱਸਿਆ ਅਤੇ ਨਾਲ ਹੀ ਮਸਕਟ, ਕੁਵੇਤ, ਆਬੂਧਾਬੀ ਲਈ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਕਰਨ ਦੀ ਵੀ ਬੇਨਤੀ ਕੀਤੀ। ਗੋ ਫਸਟ ਦੇ ਕਾਰਪੋਰੇਟ ਮਾਮਲਿਆਂ ਦੇ ਮੁਖੀ ਮੋਹਿਤ ਦਿਵੇਦੀ, ਡਿਪਟੀ ਜਰਨਲ ਮੈਨੇਜਰ ਸੁਮੀਤ ਭੰਡਾਰੀ, ਅਤੇ ਅੰਮ੍ਰਿਤਸਰ ਹਵਾਈ ਅੱਡੇ ਤੇ ਸਟੇਸ਼ਨ ਮੈਨੇਜਰ ਅਮਨ ਕੋਹਲੀ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਉਹ ਇਹਨਾਂ ਹੋਰ ਉਡਾਣਾਂ ਸ਼ੁਰੂ ਕਰਨ ਲਈ ਅੰਕੜਿਆਂ ਦਾ ਮੁਲਾਂਕਣ ਕਰਨਗੇ ਅਤੇ ਆਸ ਕਰਦੇ ਹਾਂ ਕਿ ਭਵਿੱਖ ਵਿਚ ਅਸੀਂ ਆਪਣੀ ਟੀਮ ਨਾਲ ਇਸ ਬਾਰੇ ਵਿਚਾਰ ਕਰਕੇ ਕੋਈ ਫੈਸਲਾ ਕਰਾਂਗੇ।‹2♣›ਮੰਚ ਦੇ ਸਕੱਤਰ ਯੋਗੇਸ਼ ਕਾਮਰਾ ਨੇ ਦੱਸਿਆ ਕਿ ਹਵਾਈ ਅੱਡਾ ਤੋਂ ਗੌ ਫਸਟ ਦੀਆਂ ਉਡਾਣਾਂ ਦਾ ਸ਼ੁਰੂ ਹੋਣਾ ਅੰਮ੍ਰਿਤਸਰ ਵਿਕਾਸ ਮੰਚ ਅਤੇ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਲਈ ਇੱਕ ਹੋਰ ਪ੍ਰਾਪਤੀ ਹੈ। ਇਸ ਤੋਂ ਪਹਿਲਾਂ ਇਸ ਉਪਰਾਲੇ ਸਦਕਾ ਏਅਰ ਏਸ਼ੀਆਂ ਦੀਆਂ 2018 ਵਿੱਚ ਅੰਮ੍ਰਿਤਸਰ ਤੋਂ ਕੁਆਲਾਲੰਪੁਰ ਅਤੇ ਹੋਰ ਘਰੇਲੂ ਤੇ ਅੰਤਰਰਾਸ਼ਟਰੀ ਉਡਾਣਾਂ ਸ਼ੁਰੂ ਹੋਈਆਂ ਹਨ।ਮੰਚ ਨੇ ਗੋ ਫਸਟ ਦੇ ਚੇਅਰਮੈਨ ਨੂੰ ਜਨਵਰੀ 2021 ਵਿੱਚ ਵਿਸਤ੍ਰਿਤ ਜਾਣਕਾਰੀ ਦਿੱਤੀ ਸੀ ਜਿਸ ਉਪਰੰਤ ਗੋ ਫਸਟ ਦੇ ਸੀਨੀਅਰ ਅਧਿਕਾਰੀਆਂ ਦੀ ਟੀਮ ਨੇ ਹਵਾਈ ਅੱਡੇ ਦਾ ਦੌਰਾ ਕੀਤਾ ਅਤੇ ਮੰਚ ਦੇ ਮੈਂਬਰਾਂ ਨਾਲ ਵੀ ਮੁਲਾਕਾਤ ਕੀਤੀ। ਇਸ ਫੇਰੀ ਤੋਂ ਬਾਅਦ ਏਅਰਲਾਈਨ ਮਾਰਚ 2021 ਦੇ ਅਖੀਰ ਤੋਂ ਉਡਾਣਾਂ ਸ਼ੁਰੂ ਕਰਨ ਲਈ ਸਹਿਮਤ ਹੋ ਗਈ ਪਰ ਦੇਸ਼ ਵਿਚ ਫੈਲੇ ਕਰੋਨਾ ਕਾਰਨ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਹੁਣ ਇਨ੍ਹਾਂ ਉਡਾਣਾਂ ਦੇ ਸ਼ੁਰੂ ਹੋਣ ਨਾਲ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਕੋਵਿਡ ਤੋਂ ਬਾਅਦ ਅੰਮ੍ਰਿਤਸਰ ਦੇ ਸੈਰ-ਸਪਾਟੇ ਨੂੰ ਮੁੜ ਸੁਰਜੀਤ ਕਰਨ ਵਿੱਚ ਮਦਦ ਮਿਲੇਗੀ ਜਿਸ ਨਾਲ ਪੰਜਾਬ ਦੀ ਆਰਥਿਕਤਾ ਨੂੰ ਵੀ ਲਾਭ ਹੋਵੇਗਾ।ਮੰਚ ਦੇ ਵਫ਼ਦ ਨੇ ਗੋ ਫਸਟ ਦੇ ਅਧਿਕਾਰੀਆਂ ਨਾਲ ਸਾਡਾ ਪਿੰਡ ਦਾ ਵੀ ਦੌਰਾ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੂਚਨਾ ਦਫਤਰ ਵਿਖੇ ਅਧਿਕਾਰੀਆਂ ਨੂੰ ਸਿਰੋਪਾਓ ਅਤੇ ਧਾਰਮਿਕ ਸਹਿਤ ਦੇ ਕੇ ਸਨਮਾਨਿਤ ਕੀਤਾ ਗਿਆ।

# ਸਾਹਿਤਕ ਸਮਾਗਮ ਦੌਰਾਨ ਲੇਖਕ ਗੁਰਚਰਨ ਸੱਗੂ ਦੀ ਕਿਤਾਬ 'ਵੇਖਿਆ ਸ਼ਹਿਰ ਬੰਬਈ' ਨੂੰ ਕੀਤਾ ਰਿਲੀਜ਼



**ਲੇਖਕ ਗੁਰਚਰਨ ਸੱਗੂ ਕੀ ਕਿਤਾਬ 'ਵੇਖਿਆ ਸ਼ਹਿਰ ਬੰਬਈ' ਨੂੰ ਜਾਰੀ ਕਰਨ ਸਮੇਂ ਰਛਪਾਲ ਸਿੰਘ ਚਕਰ, ਜਨਰਲ ਸਕੱਤਰ ਜਸਵਿੰਦਰ ਸਿੰਘ ਛਿੰਦਾ, ਜੀਵਨ ਕੁਮਾਰ ਗੋਲਡੀ, ਕੈਪਟਨ ਪੂਰਨ ਸਿੰਘ ਗਗੜਾ।**

ਜਗਰਾਉਂ 7 ਨਵੰਬਰ (ਪ੍ਰੀਤਨਾਮਾ ਨਿਊਜ਼ ਬਿਉਰੋ)- ਚੇਅਰਮੈਨ ਰਾਜ ਕੁਮਾਰ ਗੋਇਲ ਮੈਮੋਰੀਅਲ ਟਰੱਸਟ ਮਾਣੂੰਕੇ ਵਲੋਂ ਮਹਿਫ਼ਲ-ਏ-ਅਦੀਬ ਸੰਸਥਾ ਜਗਰਾਉਂ ਅਤੇ ਸ਼ਬਦ ਅਦਬ ਸਾਹਿਤ ਸਭਾ ਮਾਣੂੰਕੇ ਦੇ ਸਹਿਯੋਗ ਨਾਲ ਚੇਅਰਮੈਨ ਰਾਜ ਕੁਮਾਰ ਗੋਇਲ ਲਾਇਬ੍ਰੇਰੀ ਮਾਣੂੰਕੇ ਵਿਖੇ ਪ੍ਰਧਾਨ ਸਾਧੂ ਸਿੰਘ ਸੰਧੂ, ਜੀਵਨ ਕੁਮਾਰ ਗੋਲਡੀ ਅਤੇ ਬਾਈ ਰਛਪਾਲ ਸਿੰਘ ਚਕਰ ਦੀ ਪ੍ਰਧਾਨਗੀ ਹੇਠ ਸਾਹਿਤਕ ਸਮਾਗਮ ਕਰਵਾਇਆ ਗਿਆ। ਜਿਸ ਵਿਚ ਕਵੀ ਦਰਬਾਰ ਦੇ ਨਾਲ-ਨਾਲ ਪ੍ਰਸਿੱਧ ਪ੍ਰਵਾਸੀ ਲੇਖਕ ਗੁਰਚਰਨ ਸੱਗੂ ਦੀ ਵਾਰਤਕ 'ਵੇਖਿਆ ਸ਼ਹਿਰ ਬੰਬਈ' ਨੂੰ ਰਿਲੀਜ਼ ਕੀਤਾ ਗਿਆ। ਸਭ ਤੋਂ ਪਹਿਲਾਂ ਵਿਛੜ ਚੁੱਕ ਸ਼ਾਇਰ ਸੁਖਮਿੰਦਰ ਰਾਮਪੁਰੀ ਅਤੇ ਉੱਘੇ ਸਮਾਜ ਸੇਵੀ ਕਾਮਰੇਡ ਰਵਿੰਦਰਪਾਲ ਰਾਜੂ ਦੇ ਇਕਲੋਤੇ ਸਪੁੱਤਰ ਦੀ ਹੋਈ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਚੇਅਰਮੈਨ ਰਾਜ ਕੁਮਾਰ ਗੋਇਲ ਦੀਆਂ ਸਮਾਜ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ ਗਿਆ। ਉਪਰੰਤ ਲੇਖਕ ਗੁਰਚਰਨ ਸੱਗੂ ਯੂ. ਕੇ. ਦੀ ਕਿਤਾਬ 'ਦੇਖਿਆ ਸ਼ਹਿਰ ਬੰਬਈ' ਨੂੰ ਜਾਰੀ ਕੀਤਾ ਗਿਆ। ਇਸ ਮੌਕੇ ਜਨਰਲ ਸਕੱਤਰ ਜਸਵਿੰਦਰ ਸਿੰਘ ਛਿੰਦਾ ਨੇ ਉਕਤ ਕਿਤਾਬ ਦੇ ਸਬੰਧ ਵਿਚ ਜ਼ਿਕਰ ਕਰਦਿਆਂ ਦੱਸਿਆ ਕੇ ਲੇਖਕ ਗੁਰਚਰਨ ਸੱਗੂ ਦੀ ਇਹ ਕਿਤਾਬ ਉਨ੍ਹਾਂ ਦੇ ਨਿੱਜੀ ਜ਼ਿੰਦਗੀ ਦੇ ਤਜ਼ੁੱਰਬਿਆਂ ਦਾ ਤਰਜ਼ਮਾਂ ਹੈ। ਜਿਸ ਵਿਚ ਉਸ ਨੇ ਕੌੜੀਆਂ-ਮਿੱਠੀਆਂ ਅਤੇ ਸੱਚੀਆਂ ਘਟਨਾਵਾਂ ਦਾ ਖੁੱਲ੍ਹੇ ਦਿਲ ਨਾਲ ਜ਼ਿਕਰ ਕੀਤਾ ਹੈ। ਉਨ੍ਹਾਂ ਕਿਹਾ ਕੇ ਇਹ ਕਿਤਾਬ ਫ਼ਿਲਮੀ ਖੇਤਰ ਵਿਚ ਸੰਘਰਸ਼ ਕਰ ਰਹੇ ਲੋਕਾਂ ਦਾ ਮਾਰਗ ਦਰਸ਼ਕ ਕਰਨ ਵਿਚ ਸਹਾਈ ਹੋਵੇਗੀ ਅਤੇ ਫ਼ਿਲਮੀ ਚਕਾਚੌਂਧ ਵਿਚ ਹੁੰਦੀ ਹਨੇਰਗਰਦੀ ਤੋਂ ਪਰਦਾ ਹਟਾਏਗੀ। ਉਨ੍ਹਾਂ ਨੇ ਲੇਖਕ ਗੁਰਚਰਨ ਸੱਗੂ ਅਤੇ ਉਨ੍ਹਾਂ ਦੇ ਸਾਥੀ ਸੁਰਿੰਦਰ ਮਲਹੋਤਰਾ ਨੂੰ ਸ਼ਬਦਾਂ ਦੀ ਇਸ ਲੋਅ ਨੂੰ ਜਗਾਉਣ ਲਈ ਵਧਾਈਆਂ ਦਿੱਤੀਆਂ। ਇਸ ਉਪਰੰਤ ਰਚਨਾਵਾਂ ਦੇ ਦੌਰ ਦੌਰਾਨ ਉੱਭਰ ਰਹੇ ਗਾਇਕ ਮਨੀ ਹਠੂਰ ਨੇ ਹਰਭਜਨ ਮਾਨ ਦਾ ਗਾਇਕ ਗੀਤ 'ਕਿੱਥੇ ਗਈਆਂ ਮਾਏ ਸਾਡੇ ਹਿੱਸੇ ਦੀਆਂ ਲੋਰੀਆਂ' ਗਾ ਕੇ ਸ਼ੁਰੂਆਤ ਕੀਤੀ। ਕੈਪਟਨ ਪੂਰਨ ਸਿੰਘ ਗਗੜਾ ਨੇ 'ਨਸ਼ੇ ਬਨਾਮ ਪੰਜਾਬੀ' ਕਵਿਤਾ ਰਾਹੀਂ ਨਸ਼ਿਆਂ ਦੀ ਇਸ ਸਮਾਜਿਕ ਬੁਰਾਈ ਖ਼ਿਲਾਫ ਅਵਾਜ਼ ਬੁਲੰਦ ਕੀਤੀ ਅਤੇ ਲਾਇਬ੍ਰੇਰੀ ਲਈ ਆਪਣੀਆਂ ਕਿਤਾਬਾਂ ਭੇਟ ਕੀਤੀਆਂ। ਸਰਦੂਲ ਸਿੰਘ ਲੱਖਾ ਨੇ 'ਮਨਾਵਾਂਗੇ ਪੁੱਤ ਆਪਾਂ ਵੀ, ਆਪਾਂ ਵੀ ਦੀਵਾਲੀ ਮਨਾਵਾਂਗੇ' ਰਾਹੀਂ ਮਹਿੰਗਾਈ ਦੇ ਜ਼ਮਾਨੇ ਵਿਚ ਆਰਥਿਕ ਪੱਖੋਂ ਟੁੱਟ ਰਹੇ ਪਰਿਵਾਰ ਦੇ ਅਧੂਰੇ ਰਹੇ ਚਾਵਾਂ ਦਾ ਦਰਦ ਬਿਆਨ ਕੀਤਾ ਅਤੇ 'ਤੇਰੀਆਂ ਵੀ ਕਿਤੇ ਸਰਕਾਰਾਂ ਹੁੰਦੀਆਂ, ਕਾਹਨੂੰ ਓਏ ਕਿਸਾਨਾਂ ਤੈਨੂੰ ਹਾਰਾਂ ਹੁੰਦੀਆਂ' ਸੁਣਾਈ। ਸ਼ਾਇਰਾ ਦੀਪ ਲੁਧਿਆਣਵੀ ਨੇ 'ਚੱਲ ਰਿਹਾ ਅੰਦੋਲਨ ਸ਼ਾਂਤਮਈ ਸਭ ਕੱਠੇ ਹੋਏ ਕਿਸਾਨ' ਕਵਿਤਾ ਰਾਹੀਂ ਕਿਸਾਨੀ ਸੰਘਰਸ਼ ਦੇ ਦ੍ਰਿੜ ਇਰਾਦੇ ਦੀ ਤਸਵੀਰ ਪੇਸ਼ ਕੀਤੀ। ਗਿਆਨੀ ਜਰਨੈਲ ਸਿੰਘ ਨੇ 'ਠੱਗੀ ਚੋਰੀ ਨਾਲ ਪੈਸਾ ਹਰ ਕੋਈ ਕਮਾ ਲੈਂਦਾ, ਪਰ ਮਿਹਨਤ ਨਾਲ ਕਮਾਉਂਣਾ ਔਖਾ ਹੈ' ਕਵਿਤਾ ਰਾਹੀਂ ਸੱਚ ਬਿਆਨ ਕੀਤਾ। ਕਿਰਤੀ ਸ਼ਾਇਰ ਰਾਮ ਸਿੰਘ ਹਠੂਰ ਨੇ 'ਪਿੰਡਾਂ ਵਿਚੋਂ ਪਿੰਡ ਸੁਣੀਦਾ' ਬੋਲੀਆਂ ਰਾਹੀਂ ਹਰ ਪੱਖੋਂ ਪਛੜ ਚੁੱਕੇ ਅਜੋਕੇ ਪੰਜਾਬ ਦੀ ਕਹਾਣੀ ਬਿਆਨ ਕੀਤੀ। ਡਾਇਰੈਕਟਰ ਕੁਲਦੀਪ ਲੋਹਟ ਨੇ 'ਵਰ੍ਹਾ ਗੁਜ਼ਰਿਆ ਕੰਮ ਧੰਦੇ ਦਾ ਅਖ਼ਿਰ ਮਾਂ ਫਿਰ ਯਾਦ ਹੈ ਆਈ' ਰਾਹੀਂ ਮਾਂ ਦੀ ਮਮਤਾ ਦਾ ਬਾਖ਼ੂਬ ਜ਼ਿਕਰ ਕੀਤਾ। ਜਸਵਿੰਦਰ ਸਿੰਘ ਛਿੰਦਾ ਨੇ ਮਿੰਨੀ ਕਹਾਣੀ 'ਰਿਜ਼ਕ' ਸੁਣਾਈ। ਡਾ ਅਮਨ ਅੱਚਰਵਾਲ ਨੇ 'ਤਕਦੀਰ ਮੇਰੇ ਦੇਸ਼ ਦੀ ਅੱਜ ਪਾ ਰਹੀ ਹੈ ਵਾਸਤੇ' ਗੀਤ ਰਾਹੀਂ ਦੇਸ਼ ਦੇ ਮੌਜੂਦਾ ਮਾਹੌਲ ਦਾ ਵਰਨਣ ਕੀਤਾ। ਆਰਟਿਸਟ ਜਗਤਾਰ ਕਲਸੀ, ਜਗਰਾਜ ਸਿੰਘ ਰਾਜਾ ਨੇ ਵੀ ਆਪਣੇ ਵਿਚਾਰਾਂ ਦੀ ਸਾਂਝ ਪਾਈ। ਗੁਰਜਿੰਦਰ ਸਿੰਘ ਬਿੱਟੂ ਨੇ ਇਸ ਮੌਕੇ ਲਾਇਬ੍ਰੇਰੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕੇ ਇਹ ਲਾਇਬ੍ਰੇਰੀ ਸਵੇਰੇ 10 ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੀ ਰਹੇਗੀ, ਕੋਈ ਵੀ ਪਾਠਕ ਕਿਤਾਬਾਂ ਨਾਲ ਸਾਂਝ ਪਾ ਸਕਦਾ ਹੈ। ਆਖ਼ਿਰ ਵਿਚ ਬਾਈ ਰਛਪਾਲ ਸਿੰਘ ਚਕਰ, ਪ੍ਰਧਾਨ ਸਾਧੂ ਸਿੰਘ ਸੰਧੂ ਅਤੇ ਜੀਵਨ ਕੁਮਾਰ ਗੋਲਡੀ ਨੇ ਸਮੂਹ ਅਦੀਬਾਂ ਅਤੇ ਲੇਖਕ ਗੁਰਚਰਨ ਸੱਗੂ ਦਾ ਉਨ੍ਹਾਂ ਦੀ ਕਿਤਾਬ 'ਵੇਖਿਆ ਬੰਬਈ ਸ਼ਹਿਰ' ਨੂੰ ਜਾਰੀ ਕਰਨ 'ਤੇ ਵਧਾਈਆਂ ਦਿੱਤੀਆਂ ਅਤੇ ਧੰਨਵਾਦ ਕੀਤਾ। ਇਸ ਮੌਕੇ ਲਾਇਬ੍ਰੇਰੀ ਕਮੇਟੀ ਦੇ ਮੀਤ ਪ੍ਰਧਾਨ ਸਤਨਾਮ ਸਿੰਘ ਸੱਤੀ, ਜਨਰਲ ਸਕੱਤਰ ਜਗਰਾਜ ਸਿੰਘ ਰਾਜਾ, ਬਲਜੀਤ ਸਿੰਘ ਝੱਲੀ, ਇੰਦਰਜੀਤ ਸਿੰਘ ਸੰਧੂ, ਹਰਜਿੰਦਰ ਸਿੰਘ, ਮਾ: ਰੇਸ਼ਮ ਸਿੰਘ ਆਦਿ ਵੀ ਹਾਜ਼ਰ ਸਨ।

## ਅਮਰੀਕਾ ਨੂੰ ਪਛਾੜ ਕੇ ਚੀਨ ਬਣਿਆ ਦੁਨੀਆ ਦਾ ਸਭ ਤੋਂ 'ਅਮੀਰ' ਦੇਸ਼

ਵਾਸ਼ਿੰਗਟਨ: ਦੁਨੀਆ ਦਾ ਬੌਸ ਕਹਾਉਣ ਵਾਲਾ ਅਮਰੀਕਾ ਹੁਣ ਹਰ ਮੋਰਚੇ 'ਤੇ ਚੀਨ ਤੋਂ ਪਿੱਛੇ ਖਿਸਕਦਾ ਨਜਰ ਆ ਰਿਹਾ ਹੈ। ਇਸ ਵਾਰ ਚੀਨ ਨੇ ਅਮਰੀਕਾ ਨੂੰ ਪਿੱਛੇ ਛੱਡਦੇ ਹੋਏ ਦੁਨੀਆ ਦੇ ਸਭ ਤੋਂ 'ਅਮੀਰ' ਦੇਸ ਦਾ ਖਿਤਾਬ ਹਾਸਲ ਕਰ ਲਿਆ ਹੈ। ਇੱਥੇ ਦੱਸ ਦਈਏ ਕਿ ਪਿਛਲੇ 20 ਸਾਲਾਂ ਵਿੱਚ ਦੁਨੀਆ ਦੀ ਜਾਇਦਾਦ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ। ਇਸ ਸਭ ਦੇ ਵਿਚਕਾਰ ਸਭ ਤੋਂ ਵੱਡੀ ਅਤੇ ਹੈਰਾਨ ਕਰਨ ਵਾਲੀ ਖਬਰ ਇਹ ਹੈ ਕਿ ਚੀਨ ਕੋਲ ਇਨ੍ਹਾਂ ਜਾਇਦਾਦਾਂ ਦਾ ਇੱਕ ਤਿਹਾਈ ਹਿੱਸਾ ਹੈ। ਦੁਨੀਆ ਭਰ ਦੇ ਦੇਸਾਂ ਦੀ ਬੈਲੇਂਸ ਸੀਟ 'ਤੇ ਨਜਰ ਰੱਖਣ ਵਾਲੀ ਮੈਨੇਜਮੈਂਟ ਕੰਸਲਟੈਂਟ ਮੈਕਿੰਸੀ ਐਂਡ ਕੰਪਨੀ ਦੀ ਖੋਜ ਸ਼ਾਖਾ ਦੀ ਰਿਪੋਰਟ ਮੁਤਾਬਕ ਚੀਨ ਹੁਣ ਦੁਨੀਆ ਦਾ ਸਭ ਤੋਂ ਅਮੀਰ ਦੇਸ ਬਣ ਗਿਆ ਹੈ।

ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਦੁਨੀਆ ਵਿਚ ਸਭ ਤੋਂ ਵੱਧ ਜਾਇਦਾਦ ਵਾਲੇ ਚੀਨ ਅਤੇ ਦੂਜੇ ਨੰਬਰ 'ਤੇ ਮੌਜੂਦ ਅਮਰੀਕਾ ਦੀ ਦੌਲਤ ਦਾ ਵੱਡਾ ਹਿੱਸਾ ਕੁਝ ਅਮੀਰ ਲੋਕਾਂ ਤੱਕ ਹੀ ਸੀਮਤ ਹੈ। ਰਿਪੋਰਟ ਮੁਤਾਬਕ ਇਨ੍ਹਾਂ ਦੋ ਅਮੀਰ ਦੇਸਾਂ ਵਿੱਚ 10 ਫੀਸਦੀ ਆਬਾਦੀ ਕੋਲ ਸਭ ਤੋਂ ਵੱਧ ਦੌਲਤ ਹੈ। ਰਿਪੋਰਟ 'ਚ ਇਹ ਵੀ ਦੱਸਿਆ ਗਿਆ ਹੈ ਕਿ ਇਨ੍ਹਾਂ ਦੇਸਾਂ 'ਚ ਅਮੀਰਾਂ ਦੀ ਗਿਣਤੀ ਤੇਜੀ ਨਾਲ ਵੱਧ ਰਹੀ ਹੈ, ਜਿਸ ਕਾਰਨ ਅਮੀਰ ਅਤੇ ਗਰੀਬ ਦੇਸਾਂ 'ਚ ਵੱਡਾ ਫਰਕ ਦੇਖਣ ਨੂੰ ਮਿਲ ਰਿਹਾ ਹੈ। ਰਿਪੋਰਟ ਮੁਤਾਬਕ ਸਾਲ 2000 ਵਿਚ ਦੁਨੀਆ ਦੀ ਕੁੱਲ ਜਾਇਦਾਦ 156 ਖਰਬ ਡਾਲਰ ਸੀ, ਜੋ ਸਾਲ 2020 ਮਤਲਬ ਕਿ 20 ਸਾਲਾਂ ਬਾਅਦ ਵੱਧ ਕੇ 514 ਖਰਬ ਡਾਲਰ ਹੋ ਗਈ। ਮੈਕਿੰਸੀ ਗਲੋਬਲ ਇੰਸਟੀਚਿਊਟ ਦੇ ਇਕ ਸਹਿਯੋਗੀ ਜਾਨ ਮਿਸਕੇ ਨੇ ਕਿਹਾ ਕਿ ਦੁਨੀਆ ਦੇ ਕਈ ਦੇਸ ਤੇਜੀ ਨਾਲ ਅਮੀਰ ਹੋਏ ਹਨ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਵਿਸਵ ਦੀ ਕੁੱਲ ਦੌਲਤ ਦਾ 68% ਸਥਿਰ ਸੰਪਤੀਆਂ ਦੇ ਰੂਪ ਵਿੱਚ ਮੌਜੂਦ ਹੈ, ਜਦੋਂ ਕਿ ਬਾਕੀ ਵਿੱਚ ਬੁਨਿਆਦੀ ਢਾਂਚਾ, ਮਸੀਨਰੀ ਅਤੇ ਉਪਕਰਨ ਵਰਗੀਆਂ ਚੀਜਾਂ ਸਾਮਲ ਹਨ। ਰਿਪੋਰਟ 'ਚ ਸਭ ਤੋਂ ਹੈਰਾਨੀਜਨਕ ਗੱਲ ਚੀਨ ਨੂੰ ਲੈ ਕੇ ਸਾਹਮਣੇ ਆਈ ਹੈ।

Preetnama

Khara Sach

प्रीतनामा

खरा सच

On our English language New Website
WWW.PREET NEWS.COM

Cheif Editor
Pritpal Kaur
+1 201-312-4180

Vol 4, Issue 127

Website: www.preetnama.com Email preetnamausa@gmail.com

17 Nov to 23 Nov, 2021


# दिल्ली में प्रदूषण बेहद खतरनाक स्थिति पर पहुंचा

**- प्रभुनाथ शुक्ल**

दिल्ली में प्रदूषण बेहद खतरनाक स्थिति में पहुंच गया है। ठंड की दस्तक के साथ ही वायु प्रदूषण ने अपना करिश्मा दिखाना शुरू कर दिया। वायु प्रदूषण अधिक बढ़ने से लोगों की सांसे थमने लगी हैं। यह मसला साल-दर-साल का है, लेकिन दिल्ली को प्रदूषण मुक्त बनाने के लिए किसी ठोस नीति पर अमल नहीं हुआ। सुप्रीमकोर्ट अक्सर वायु प्रदूषण को लेकर तल्ख़ और गंभीर टिप्पणी करती है,लेकिन बात जहां की तहां रह जाती है। दिल्ली दुनिया के 10 प्रदूषित शहरों में सबसे अधिक प्रदूषित है। मुंबई और कोलकाता भी इसमें शुमार है लेकिन दिल्ली जैसे हालात देश के अन्य शहरों के नहीं हैं। प्रदूषण की लड़ाई को राजनीतिक रंग दे दिया गया है। दिल्ली में यमुना की गंदगी, पराली और वायु प्रदूषण जैसे गंभीर मुद्दे भी राजनीति के शिकार हैं। जिसकी वजह से कोई ठोसनीति नहीं बन पा रहीं है। केंद्र और न ही राज्य सरकारों के पास प्रदूषण को नियंत्रित करने के लिए कोई खाका नहीं है। सुप्रीमकोर्ट ने भी माना है कि पराली प्रदूषण की एक वजह हो सकती है, लेकिन सिर्फ पराली जलाने से वायु प्रदूषण बढ़ रहा है ऐसा नहीं है। सीजेआई ने साफ तौर पर कहा कि इसके लिए दूसरे कारण अहम् हैं जिसमें पटाखे, उद्योग-धंधे, निर्माणाधीन कार्य शामिल हैं। दिल्ली में वायु प्रदूषण के हालात इतने बुरे हैं कि सरकार को सात दिन का अवकाश घोषित करना पड़ा है। हवा में एक्यूआई का स्तर 500 तक पहुंच गया है। लॉकडाउन के बाद स्कूल कॉलेज भी खुल गए हैं। इस दौरान बच्चों के लिए सबसे बड़ी मुश्किल है। सीजेआई ने तल्ख टिप्पणी करते हुए कहा है कि लोग जिंदगी कैसे जिएंगे। प्रदूषण पर नियंत्रण करने के लिए तात्कालिक विकल्प खोजने की आवश्यकता है। वायु में बढ़ता प्रदूषण फेफड़ों के संक्रमण बढ़ाएगा और कैंसर जैसी घातक बीमारी का वाहक बनेगा। दिल्ली के हालात इसी तरह बने रहे तो को स्थिति और भी भयानक होगी।

वायु प्रदूषण में पराली की सहभागिता तो 35 फीसदी तक पहुंच गई है। पराली जलाने के हर दिन कई मामले दर्ज किए जा रहे हैं। लेकिन लोगों को प्रदूषण के बजाय सरकारों को वोट बैंक की अधिक चिंता है। दिल्ली में प्रदूषण का मामला पंजाब, हरियाणा और दिल्ली सरकारों के बीच राजनीति का मुद्दा बन गया है। पंजाब में सामने चुनाव है इस हालात में सरकार किसानों पर कड़े कदम नहीं उठा सकती है। कोई भी सरकार किसानों को नाराज कर जोखिम नहीं लेना चाहती है।वायु प्रदूषण पर पृथ्वी विज्ञान मंत्रालय की एक रिपोर्ट चौंकाने वाली है। रिपोर्ट के मुताबित दिल्ली के वायु प्रदूषण में पराली का हिस्सा सिर्फ पांच फीसदी है। इसके बावजूद फिर राजधानी में कोहरा छाया हुआ है। जबकि पीएम 10 का स्तर 320 के करीब और पीएम 2.5 का स्तर 160 के ऊपर दर्ज किया गया।फिर किसानों की पराली कितनी जबाबदेह है यह खुद समझ सकते हैं। दिल्ली की आबोहवा दमघोंटू हो चुकी है। सांस लेना भी मुश्किल हो चला है। कुछ साल पूर्व एक सर्वे की रिपोर्ट में बताया गया था कि प्रदूषण की वजह से 40 फीसदी लोग दिल्ली में रहना नहीं चाहते। जहरीली होती दिल्ली सेहत के लिए बड़ा खतरा बन गई है। धुएं का मेल जनमानस को निगल जाएगा। हालात यहां तक हैं कि 24 घंटे में 20 से 25 सिगरेट से जितना जहरीला धुआं निकला है उतना एक नवजात निगल रहा है। जरा सोचिए, हमने दिल्ली को किस स्थिति में लाकर खड़ा कर दिया है। दुनिया के प्रदूषित शहरों में दिल्ली-एनसीआर अव्वल है। भारी मात्रा में कार्बन उत्सर्जन हो रहा है। हम पराली पर सवाल उठा रहे हैं और किसानों को सुविधाएं देने की बजाय सारा दोष किसानों पर मढ़ रहे हैं।दुनियाभर में बढ़ता पर्यावरण प्रदूषण बड़ी चुनौती बन गया है। दिल्ली में तकरीबन चार साल पूर्व एक करोड़ से अधिक वाहन पंजीकृत थे। इसमें तकरीबन 32 लाख कारें। 66 लाख से अधिक मोटरसाइकिल और स्कूटर थे। दो लाख पच्चीस हजार माल वाहक और 11 लाख से अधिक कैब। जबकि माल वाहक तिपहिया 68 हजार। 35 हजार से अधिक बसें, 31 हजार ई-रिक्शा और 30 हजार मैक्सी कैब शमिल थे। एक रिपोर्ट के अनुसार कुछ साल पूर्व प्रदूषण में इनकी भागीदारी 30 फीसदी से भी अधिक है। कारों से 20 फीसदी प्रदूषण फैलता है। विश्व स्वास्थ्य संगठन ने दुनिया के 20 प्रदूषित शहरों में 13 भारतीय शहरों को पहले से शामिल कर रखा है, जिसमें दिल्ली चार प्रमुख शहरों में शामिल थी।दिल्ली में कुछ वर्ष पूर्व वाहनों से प्रतिदिन 649 टन कार्बन मोनोऑक्साइड और 290 टन हाइड्रोकार्बन निकलता था, जबकि 926 टन नाइट्रोजन और 6.16 टन से अधिक सल्फर डाईऑक्साइड की मात्रा थी। जिसमें 10 टन धूल शामिल है। इस तरह प्रतिदिन तकरीबन 1050 टन प्रदूषण फैल रहा था। आज उसकी भयावहता समझ में आ रही है। उस दौरान देश के दूसरे महानगरों की स्थिति मुंबई में 650, बेंगलूरू में 304, कोलकाता में करीब 300, अहमदाबाद में 290, पुणे में 340, चेन्नई में 227 और हैदराबाद में 200 टन से अधिक प्रदूषण की मात्रा थी।दुनियाभर में 30 करोड़ से अधिक बच्चे वायु प्रदूषण से प्रभावित हैं। 2017 में बढ़ते प्रदूषण की वजह से 12 लाख लोगों की मौत हुई थी। आज की स्थिति और भी भयावह है। प्रदूषण को हमने कभी गम्भीरता से नहीं लिया। सरकारों और संबंधित एजेंसियों का दावा है कि किसानों द्वारा पराली जलाए जाने से स्थिति गंभीर हुई है। पराली हजारों सालों से जल रही है, फिर इतना कोहराम क्यों नहीं मचा। लेकिन आज किसान और पराली पर राजनीति हो रही है।प्रदूषण को हमने कभी गम्भीरता से नहीं लिया। कभी चीन और थाईलैण्ड की स्थिति बेहद बुरी थी। लेकिन वहां की सरकारों ने प्रदूषण रोकने और उद्योग से निकले वाले कार्बन उत्सर्जन को रोकने के लिए गम्भीरता दिखाई। आधुनिक मशीनें लगाकर शुद्ध हवा का विकल्प खोजा। लेकिन भारत इस तरह का कदम उठाने में नाकाम रहा है। देश के एक पूर्व केन्द्रीय स्वास्थ्य मंत्री कहते थे कि प्रदूषण से बचना है तो गाजर खाएं। यह हास्यास्पद है।प्रदूषण को नियंत्रित करने के लिए सख्त फैसले लेने होंगे। तभी इसका समाधान निकलेगा। हमें नये विकल्प की तलाश करनी होगी। वाहनों में डीजल पेट्रोल की खपत कम करनी होगी। डीजल-पेट्रोल का वैकल्पिक उपाय निकालना होगा। जिसकी वजह से कार्बन उत्सर्जन कम होगा। सरकार को सीएनजी ईंधन जैसी व्यवस्था पर विचार करना चाहिए। क्योंकि सीएनजी की जहां लागत कम है दूसरी तरफ वायु को कम करने में भी इसकी अहम भूमिका है।

**प्रदूषण: दिल्ली देश को सिखाए**

कल शाम जैसे ही दुबई पहुंचे, हवाई अड्डे पर ही लगा कि हम किसी नई दुनिया में आ गए। हम पिछले 8-10 दिन से हमारी प्यारी दिल्ली के गैस-चेंबर में बंद पड़े थे। हमारी कोशिश रहती थी कि अपने गुड़गांव के घर में ही कैद रहें। सारे दरवाजे, खिड़कियां और उजालदान लगभग बंद ही रखते रहे और घर में रहते हुए भी मुखपट्टी (मास्क) लगाए रहते थे, हालांकि घर के बाहर और पीछे 20-22 बड़े पेड़ लगे हुए हैं और करीब 200 गमलों में तरह-तरह के पौधे लहलहा रहे हैं। फिर भी ऐसा लगता था कि घर के बाहर निकले तो कहीं ज़हर की नदी में गोता न लगाना पड़ जाए। सड़क के पार का दृश्य इतना धुंधला होता था कि कुछ देखा और न देखा एक बराबर हो जाता था। इसीलिए पिछले 10-12 दिन से घंटे भर का प्रातः-भ्रमण का कार्यक्रम भी लगभग स्थगित रहा लेकिन दुबई की आज सुबह भी क्या सुबह है? इंटरनेट ने बताया कि यहां प्रदूषण अंक सिर्फ 48 है जबकि दिल्ली में वह 500 को छू रहा है। दिल्ली के कुछ इलाकों में रात के वक्त वह 1000 तक चला जाता था। कहा जा रहा है कि दुनिया के 30 सबसे ज्यादा प्रदूषित शहरों में 20 तो अकेले भारत में ही है और दिल्ली उनमें सबसे ज्यादा प्रदूषित है।

# गैंगस्टर बन रहा युवाओं का खतरनाक आकर्षण

पंजाब बहुत ही उपजाऊ प्रांत है, आप जो भी बो दो, बहुत पैदावार होगी, चाहे कोई फसल हो या आतंकवाद या गुंडाराज। हमारे राज्य के लोगों में विलक्षणता है। यहां का युवा वर्ग हमेशा से ही अपनी दलेरी और बहादुरी के लिए जाना जाता है पर हमारे युवाओं में भावुकता और छा जाने की प्रवृति की आधिकता है। भोलापन कहें या भावुकता, पंजाबियों को कभी भी बीच का रस्ता अपनाना नहीं आया।यहां हर चीज का बड़ा दौर आया है, कभी धर्म का, कभी साम्यवाद का, कभी आंदोलन का, कभी नास्तिकता का तो कभी अलगाववाद का पर, पिछले कुछेक सालों में, जिस विशेष शब्द ने नौजवान वर्ग को जबरदस्त रूप से प्रभावित किया है, वह है,गैंगस्टर। जहां और राज्यों में गरीबी और भूख अपराध को जन्म देती है ,वहीं हमारे यहां ज्यादातर संपन्न परिवारों के नौजवान, चोटी के खिलाड़ी, इस गलत रस्ते पर चल निकले हैं। सबसे बड़ी बात प्रशासन का डर लगभग खत्म होने की कगार पर है, अब परसों की अबोहर की घटना ही देखिए, किस तरह मेरे पंजाब के नौजवान, शरेआम, दिनदहाड़े बंदूकों तलवारों से एक दूसरे की जान लेने पर आमादा है, वीडियो देखकर ऐसा लगता है ये कोई बीस साल पहले की यूपी या बिहार की सड़क होगी।आज नौजवानों को भ्रम है कि, जुर्म के रस्ते, वे जल्द ही बड़ा नाम बन जायेंगे। हालांकि कई नौजवानों को तो हालातों ने गैंगस्टर बना दिया,वहीं कुछेक को बुरी संगति लै बैठी तो, कई वाह-वाही में ही बन बैठे। वहीं फुकरापन व सस्ती मशहूरी की लालसा हमारे धुर अंदर तक बस चुकी है। फिल्मकारों ,गीतकारों व गायकों ने, इस संस्कृति को जमकर प्रमोट करते हुए, अपने घर तो भर लिए पर, पंजाब के नौजवान वर्ग को इस गर्त में धकेलने में पूरा योगदान दिया है। एक पंजाबी गीत का मुखड़ा देखिए, जित्थे बंदा मार के कसूर पुछ्दे,जट्टट ओस पिंड तो बिलोंग करदे।नाम और शौहरत की भूख में हमारे भटके हुए युवा, कब कुछेक राजनीतिक लोगों की कठपुतली बन जाते हैं , इन्हें पता ही नहीं चलता। कई बार ये कठपुतलियां जब ,कुछ विशेष लोगों के लिए खतरा बन जाती हैं तो, इन्हें खुद ही झटका दिया जाता है। पंजाब में आपसी गैंगवार से, कितने ही घरों में हमेशा के लिए तमस छा गया क्योंकि मारे गए गैंगस्टरों में से ज्यादातर तो इकलौते थे, वहीं इसमें कितने ही पुलिस के जवानों को भी शहादत देनी पड़ी है। जितने भी नौजवानों ने इस रस्ते को चुना है, सब का अंत मौत बनकर ही सामने आया है और पीछे रोते रह गए वो असहाय बुजुर्ग मां-बाप,कुछेक की नवविवाहित पत्नियां और अंधकारमय भविष्य की ओर अग्रसर कुछ अनाथ बच्चे। ये सिलसिलेवार मौतें आखिर कब तक होती रहेंगी ? हम सभी को और पूरे सिस्टम को मिलकर असाधारण प्रयास करने होंगे ताकि ऐसे हालात ही न ही पैदा हों कि, कोई और युवा गैंगस्टर बने और, उसका भी दर्दनाक अंत हो। युवा वर्ग को नैतिकता का पालन करते हुए, निश्चय ही सही पथ चुनना ही होगा। क्या हमारे देश में महानुभावों की गिनती है जो हमारे बच्चों के आदर्श आज गैंगस्टर बन रहे हैं। सभी नौजवानों को मैं बता दूं कि जुर्म की दुनिया की हर डगर की, आखरी मंजिल हमेशा मौत ही होती है, किसी की चार दिन पहले किसी की चार दिन बाद।

# बच्चों के लिए पौष्टिक दूध जरूरी

बादाम यादाश्त तेज करता है यह तो हम सब जानते हैं और कई शोधों में यह बात साबित भी की गई है पर क्या आपको पता है कि बादाम को दूध में मिलाकर पीने से इसकी पौष्टिकता और बढ़ जाती है। इसके अलावा सर्दी में बादाम वाला दूध पीने से सर्दी नहीं लगती है और शरीर में ताकत भी आती है।

**तेज दिमाग**

डॉक्टर और विशेषज्ञ मानते हैं कि बादाम खाने से दिमागी ताकत बढ़ती है! ऐसा इसलिए है क्योंकि बादाम में प्रोटीन होता हैए जो ब्रेन फंशन को बेहतर बनाता है। प्रोटीन न केवल ऊर्जा देता है बल्कि यह हमारे ब्रेन सेल्स को रिपेयर भी करता है। इसकी वजह से हमारे सोचनेए समझने और फैसले लेने की क्षमता बढ़ती है। ऐसे में यदि आप इसे दूध के साथ मिलाकर पीते हैं तो इसमें मौजूद पौष्टिक तत्वों का स्तर और भी बढ़ जाता है। यानी अगर आप बादाम दूध में मिलाकर बच्चों को पिलाती हैं तो इसका पूरा लाभ उन्हें मिल पाएगा।

**हड्डियां मजबूत होंगी**

बादाम वाला दूध पीने से बच्चों की हड्डियां भी मजबूत होंगी क्योंकि इस मिश्रण से बच्चों को खूब सारा विटामिन डी मिलता है। विटामिन डी की वजह से हड्डियां कैल्शीयम आसान से सोखती हैं। बादाम वाला दूध पीने से बच्चों में अर्थराइटिस और ओस्टियोपरोसिस का खतरा कम होता है।

**प्रतिरोध क्षमता बढ़ती है**

सर्दियों में बच्चों को खांसी जुकाम जैसी छोटी.छोटी परेशानी होती रहत है। ऐसे में बादाम वाला दूध उनकी प्रतिरोधक क्षमता को बढ़ाएगा और उन्हें इस तरह की परेशानियां नहीं होंगी।

**आंखों के लिए भी फायदेमंद**

बादाम वाले दूध में विटामिन ए काफी मात्रा में होता है जो कि आंखों को सेहतमंद रखने के लिए जरूरी है। अगर आप अपने बच्चे को रोजाना बादाम वाला दूध पिलाती हैं तो उन्हें आंखों की समस्या होने की गुंजाइश कम हो जाएगी।

**त्वचा भी हेल्दी**

बादाम वाले दूध में विटामिन ई भी होता है जो त्वचा को रोगमुक्त और स्वस्थ रखता है। इसे पीने से त्वचा में नमी बनी रहती है।

**बच्चों को सर्दियों के मौसम में बचायें**

सर्दियों के मौसम में बच्चों का विशेष ध्यान दिये जाने की जरुरत है। उन्हें पर्याप्त उनी कपड़े पहनायें और खाने का भी विशेष ध्यान रखें। बच्चों की खानपान की आदतों को सही रखना बेहद कठिन है। उन्हें कब क्या खाना है और जो वह खाना चाहते हैं क्या यह उनकी सेहत के लिए अच्छा। इस बात का भी ध्यान रखना बेहद जरूरी है। वर्ना आपके बच्चे बीमार पड़ सकते हैं। सार्दियों के मौसम में मौसमी बीमारियों प्रकोप भी बहुत ज्यादा होता हैं। इसलिए बच्चे को सुरक्षित रखने के लिए आपको कुछ बातों का ध्यान रखना रखना होगा।

बच्चों को तलाभुना या फास्टफूड खिलाने के बजाए पौष्टिक आहार दें। रात को बादाम भिगो दें और सुबह इन्हें घिसकर गुनगुने दूध में डालकर पिलाएं। बच्चों को हर समय कमरे में बिठाने की बजाय धूप में निकलने को कहें। इससे उन्हें विटामिन डी मिलेगा जो हड्डियों को मजबूत बनाता है।

बच्चों को ठंडी चीजें न खाने दें खाने से पहले और बाद में बच्चों के एंटी बैक्टीरियल साबुन से हाथ धुलवाएं ताकि वह कीटाणुओं से बचे रहें।

मोबाइल या कंम्पयूटर पर गेम्स खेलने की बजाय उन्हें बाहर मैदान में खेलने के लिए प्रेरित करें। इससे उनका शारीरिक विकास होगा। जरूरत से ज्यादा गर्म कपड़े पहनाना भी नुक्सानदायक साबित हो सकता है। इसलिए जरूरत अनुसार ही कपड़े पहनाएं।सर्दियों में कई दिन तक एक ही स्वेटर पहनने से उसमें धूल और गंदगी जम जाती है जिससे बीमारी फैलने की आशंका रहती है। जितना हो सके स्वेटर को बदल.बदल कर पहनाएं और धोकर उसे धूप में सुखाएं। अगर सर्दी के कारण बच्चे को प्रतिदिन नहीं नहलाना चाहते तो कम से कम गीले कपड़े से उनका बदन जरूर पोंछे। जिससे वह तरोताजा अनुभव करें और स्वस्थ रहें।

# अगर पापा पढ़ाएं तो आपके बच्चे अधिक होशियार बनते हैं

वैसे तो होमवर्क कराने की जिम्मेदारी हमेशा मां के पास ही होती है पर एक हालिया अध्ययन में यह खुलासा किया गया है कि होमवर्क कराने में यदि पिता मदद करे तो बच्चे ज्यादा पापा के होमवर्क करान से बच्चे होते हैं। खासतौर से बेटियों पर पिता के पढ़ाने का सबसे ज्यादा असर होता है। शोधकताओं का मानना है कि पिता के पढ़ाने का असर बेटे और बेटियों पर अलग.अलग होता है। गणित में कमजोर बेटियां जहां बेहतर हो जाती हैंए वहीं बेटों की भाषा सुधर जाती है। शोध में यह स्पष्ट रूप से कहा गया है कि यह बात हर पिता पर लागू होती है। चाहे वह कम पढ़ा.लिखाए कम अंग्रेजी जानने वाला हो या ज्यादा पढ़ा.लिखा और अंग्रेजी की अच्छी समझ रखने वाला।शोधकर्ताओं के मुताबिक दरअसलए एक पिता जब अपनी बेटियों को पढ़ाता है तो उसमें सकारात्मकता बढ़ती है और खुद पर भरोसा भी मजबूत हो जाता है। इसका असर उनकी पढ़ाई की क्षमता पर दिखने लगता है। आत्मविश्वास बढ़ते ही उनके अंक भी सुधरने लगते हैं। दूसरे विषयों में भी उनका प्रदर्शन सुधरने लगता है। वहीं जो बेटे अपने पिता से पढ़ते हैं उनकी भाषा और आत्मविश्ववास में बड़ा परिवर्तन देखा गया है। शोध के दौरान पिता से पढ़ने वाले बच्चों का आत्मविश्वास ऐसे बच्चों के मुकाबले ज्यादा पाया गया जो अपने पिता से नहीं पढ़ते।शोध की रिपोर्ट में यह भी खुलासा किया गया है कि जो पिता अपने बच्चों के होमवर्क करने में मदद नहीं करते उनके बच्चे बड़े होने पर उनसे खुलकर अपनी बात शेयर नहीं कर पाते।

वेट गेन करने पर डायटिंग शुरू करना और वेट लूज हो जाने पर फिर से अनियमित लाइफस्टाइल फॉलो करना ये सब आपके शरीर के लिए बहुत अधिक नुकसानदायक हो सकता है। वेट गेन और वेट लूज के अनियमित प्लान का जिक्र एक बार फिर काफी तेजी से हो रहा है तो इसका श्रेय जाता है बॉलिवुड ऐक्टर राणा दग्गुबाती को।

# बच्चों के लिए अण्डाहार यानि धीमा जहर!

**अरविन्द प्रेमचंद जैन**

मध्य प्रदेश सरकार मध्यान्ह भोजन में अंडा को प्रदाय करने के सम्बन्ध जो निर्णय लिया हैं वह बच्चों के साथ खिलवाड़ करने की योजना बना रही हैं। इसका भविष्य आने वाले संतति के साथ हृदय रोग किडनी त्वचा रोग का प्रचलन बढ़ेगा।

मध्य सरकार यदि प्रोटीन की पूर्ती के लिए अण्डाहार देना बहुत बड़ी भूल हैं। प्रोटीन के लिए सोयाबीन मूंगफली और चना का मिश्रण या उनकी बर्फी भी प्रोटीन का सबसे अधिक स्त्रोत हैं। सोयाबीन में 100 ग्राम में 45 ग्राम मूंगफली में 100 ग्राम 35 ग्राम और चना में 24 ग्राम प्रोटीन होता हैं यानी 300 ग्राम में 100 ग्राम प्रोटीन होता हैं और आर्थिक रूप से 50 रुपये में 100 ग्राम प्रोटीन और 40 अण्डों में 100 ग्राम प्रोटीन जिसकी लागत 200 रुपये होते हैं और उसके साथ अन्य बीमारियों का जोखिम का होना।  आपने कई लोगों को यह कहते सुना होगा कि अंडे का पीला भाग जिसे जर्दी भी कहते हैं ज्यादा नहीं खाना चाहिए क्योंकि यह शरीर में कलेस्ट्रॉल को बढ़ाता है। वहीं ज्यादातर लोग अंडे के सफेद हिस्से को इसीलिए सुरक्षित मानते हैं क्योंकि इसमें फैट कम होता है और कैलरीज भी कम होती है। मगर क्या आप जानते हैं कि अंडे के सफेद हिस्से का भी ज्यादा सेवन आपके लिए खतरनाक हो सकता है।



**सल्मोना बैक्टीरिया बना सकता है बीमार**

अंडे के सफेद भाग में एक खास बैक्टीरिया हो सकता है जिसे सल्मोना कहते हैं। यह बैक्टीरिया आमतौर पर चिकन की आंतों में पाया जाता हैए लेकिन कई बार यह बैक्टीरिया अंडे के अंदर भी मौजूद हो सकता है। अगर आप इस बैक्टीरिया से प्रभावित अंडे से बना हाफफ्राई या कच्चा अंडा खाते हैं तो नुकसान हो सकता है। इससे बचने के लिए आपको अंडे को उच्च तापमान पर पकाना या उबालना होगा। ऐसा करने से बैक्टीरिया खत्म हो जाता है। अधकच्चे या कम पके अंडों में इस बैक्टीरिया के होने की संभावना बनी रहती है।

**बायोटीन की हो सकती है कमी** ×कच्चे अंडे में एक अन्य बैक्टीरिया के पाए जाने की संभावना रहती है जिसे एल्बुमेन कहते हैं। यह बैक्टीरिया भी सेहत के लिए खतरनाक हो सकता है। अगर आप कच्चा अंडे खाते हैं तो आपके शरीर में ये बैक्टीरिया प्रवेश कर सकता है। यह बैक्टीरिया शरीर में बायोटिन को नष्ट करने लगता है जिसके कारण त्वचा संबंधी कई तरह की समस्याएं हो सकती हैं और बाल झड़ना शुरू हो सकते हैं। बायोटिन एक जरूरी तत्व है जो हमारे शरीर में त्वचा और बालों की ग्रोथ के लिए जरूरी होता है।  हो सकती है ऐलर्जी -एल्बुमेन प्रोटीन के कारण कई लोगों को ऐलर्जी की समस्या भी हो सकती है। इस ऐलर्जी के कारण शरीर में पित्ती त्वचा पर दाने निकलना, सूजन आना नजला सांस की घरघराहट दस्त उल्टी, खांसी ऐंठन छींक आदि समस्याएं हो सकती हैं। इन लक्षणों के दिखने पर डॉक्टर से संपर्क करें।

# बच्चे के लिए घर में बनाएं प्राकृतिक माउथ फ्रेशनर

छोटे बच्चों को भी माउथ फ्रेशनर की आवश्यकता होती है लेकिन बाजार में बिकने वाले माउथ फ्रेशनर उनके लिए नुकसानदेह हो सकते हैं। दरअसल बाजार में बिकने वाले माउथ फ्रेशनर्स में बहुत अधिक मात्रा में रसायन होते हैं। ऐसे में उनके लिए एक ऐसा माउथ फ्रेशनर होना चाहिए जो पूरी तरह प्राकृतिक हो और स्वाद में भी कड़वा न हो। आप चाहें तो अपने बच्चों के लिए घर पर ही माउथ फ्रेशनर तैयार कर सकती हैं। अनार के छिलकों का इस्तेमाल करके माउथ फ्रेशनर बनाया जा सकता है। ये माउथ फ्रेशनर न केवल बच्चों के लिए फायदेमंद रहेगा बल्कि बड़े भी इसका इस्तेमाल कर सकते हैं। अनार के छिलके में एंटी.ऑक्सीडेंट और एंटी.बैक्टीरियल गुण पाया जाता है जो ओरल हेल्थ के लिए अच्छा होता है। अनार के छिलके से तैयार माउथ फ्रेशनर मुंह के अल्सर और मुंह की दुर्गंध को दूर करने का काम करता है। अनार का एंटी.माइक्रोबायल



एक्टिविटी स्ट्रेपटोकोक्स म्यूटेन बैक्टीरिया को पनपने नहीं देता है। कैसे तैयार करें अनार के छिलके का माउथ फ्रेशनर अनार को काटकर उसके दानों को सफाई से निकाल लें। अनार के छिलके को धूप में सूखने के लिए रख दें।जब छिलके पूरी तरह सूख जाएं तो उन्हें पीसकर पाउडर तैयार कर लें।एक गिलास पानी में एक चम्मच इस पाउडर को मिलाकर उबालें। इसे ठंडा होने दें। जब ये घोल ठंडा हो जाए तो इस छान लें। इस तरल को किसी जार या शीशी में भरकर रख दें। आपका माउथ फ्रेशनर तैयार है। बच्चा जब भी कुछ खाए तो उसे माउथ फ्रेशनर से मुंह साफकरने की आदत डालें। ऐसा करने से कैविटी की प्रॉब्लम भी नहीं होगी।

# बच्चों के साथ सोने के होते हैं ये लाभ

आजकल व्यस्त होने के कारण अभिभावक बच्चों के साथ समय नहीं बिता पाते लेकिन रात को पास सोने से इस दूरी को कम किया जा सकता है। साथ ऐसा करने से आपका और आपके बच्चे का स्वास्थ्य भी ठीक रहता है। बच्चों में सुरक्षा का भाव रहता है  सोते समय जब बच्चे के साथ उसके माता.पिता होते हैं तब वह स्वयं को सुरक्षित महसूस करता है। वहीं जो बच्चे अकेले सोते हैं वह खुद को असुरक्षित महसूस करते हैं।

**हेल्दी टाइम रूटीन**-समय पर सोने से न केवल नींद अच्छी आती है बल्कि स्वास्थ्य भी सही रहता है। बच्चों में हेल्दी बैड टाइम रूटीन डालने के लिए अभिभावकों को रात में बच्चों के साथ ही सोना चाहिए।

**मानसिक रूप से मजबूत होते हैं बच्चे**

रात को बच्चों के करीब सोने से बच्चा आपसे अपने दिल की सारी बात बताएगा और किसी बात पर उन्हें कोई परेशानी है तो आपसे कह देंगे और बिना किसी मानसिक परेशानी लिए आराम से सोएगा।

**आत्मसम्मान में वृद्धि**-एक अध्ययन से यह बात सामने आई है कि जो बच्चे अपने मां.बाप के पास सोते है उनमें आत्मसम्मान में वृद्धि होती है व्यवहार की समस्याओं का कम अनुभव होता है। साथियों के दबाव में कम रहते हैं और वह ज्यादा खुश और अपनी जिंदगी से संतुष्ट होते हैं।

# Preetnama
ਡਾਕਟਰ , " ਮ ਮ ਮ ਮ ਮੈਂ ......... ਮੈਂ ਤੁਹਾਡੇ ਪੋਤੇ ਨੂੰ ਬਚਾਅ ਨਹੀਂ ਸਕੀ। ਉਹ........ " ਇਸ ਤੋਂ ਪਹਿਲਾਂ ਕੀ ਉਹ ਕੁੱਝ ਹੋਰ ਬੋਲਦੀ , ਜੋਰਾ ਪਰਿਓ ਨੱਸਾ - ਨੱਸਾ ਆਉਂਦਾ ਹੈ ," ਬੇਬੇ ਬੇਬੇ ............ ਓਹ ਬੇਬੇ ! ...........ਬੇਬੇ ਹ ਹ ਹ ਹ ਰ ਰ ਰ ਨਾਮਾ ਬੇਬੇ ਹਰਨਾਮਾ " । ਮਿੰਦੋ ਕੁੱਝ ਨਹੀਂ ਸਮਜ ਪਾਈ ਕਿ ਹੋਇਆ ਕੀ । " ਵੇ ਮਰਜਾਣਿਆ ! ਹੋਇਆ ਕੀ ਏ ? ਮੈਂਨੂੰ ਕੋਈ ਕੁੱਝ ਦੱਸੇ ਗਾ ਵੀ ? ਕੀ ਹੋਇਆ ਹਰਨਾਮੇ ਨੂੰ ?" ਜੋਰਾ ," ਤੂੰ ਚੱਲ ਬੇਬੇ......... ਛੇਤੀ ਚੱਲ " ਸਾਹੋ ਸਾਹ ਹੋਇਆ ," ਬਸ ਤੂੰ ਛੇਤੀ ਚੱਲ " ਮਿੰਦੋ ਨੂੰ ਬਾਹ ਤੋਂ ਫੱੜ੍ਹ ਕੇ ਕਾਹਲੀ ਨਾਲ਼ , ਉਹਨੂੰ ਹਰਨਾਮੇ ' ਤੇ ਭੋਲ਼ੀ ਕੋਲ਼ ਲੈ ਜਾਂਦਾ ਹੈ। ਡਾਕਟਰ ਵੀ ਪਿੱਛੇ-ਪਿੱਛੇ ਉੱਥੇ ਆ ਪੁੱਜਦੀ ਹੈ। ਅਜੇ ਮਿੰਦੋ ਆਣ ਕੇ ਬੂਹੇ ਤੇ ਖਲੋਈ ਹੀ ਸੀ , ਕਿ ਹਰਨਾਮੇ ਨੂੰ ਵੇਖ ਉਹਦੇ ਰੌਂਗਟੇ ਖੱੜ੍ਹੇ ਹੋ ਗਏ। ਮਿੰਦੋ ਦੇਖ ਕੇ ਦੰਗ ਰਹਿ ਗਈ। ਉਹ ਤਾਂ ਜਿਵੇਂ ਬੁੱਤ ਹੀ ਬਣ ਗਈ ਸੀ । ਅੱਖਾਂ ਵਿੱਚੋਂ ਲਹੂ ਟਪਕ ਰਿਹਾ ਸੀ , ਬਸ ਅੰਦਰ ਨੂੰ ਸਾਹ ਖਿੱਚੀ ਹੌਕਾ ਜਿਹਾ ਲੈ , ਅਚੰਭਿਤ ਹੋਈ ਹਰਨਾਮੇ ਨੂੰ ਵੇਹੰਦੀ ਰਹੀ। ਉਦੋਂ ਹੀ ਉਹਦੇ ਕੰਨੀਂ ਬੋਲ ਪੈਂਦੇ ਹਨ ," ਬੇਬੇ ਮੇਰੀਏ ਆ ਵੇਖ , ਮੇਰੇ ਘਰ ਹੂਰ ਆਈ ਏ , ਆ ਵੇਖ ਤੇ ਸਹੀ ।" ਹਰਨਾਮ ਸਿੰਘ ਹੌਲੀ ਜਿਹੀ ਮਿੰਦੋ ਨੂੰ ਹਲੂਣਾ ਦਿੰਦੇ ਹੋਏ ," ਬੇਬੇ ਕਿੱਥੇ ਗਵਾਚੀ ਏ , ਆ ਵੇਖ ਤਾਂ ਸਹੀ ਮੇਰੇ ਪੁੱਤ ਨੂੰ । " ਮਿੰਦੋ ਸੰਭਲ਼ਦੀ ਹੋਈ ," ਵੇ ਪਰਾਂ ਕਰ , ਇਸ ਕਾਲੀ ਨਜ਼ਰ ਵਾਲੀ ਨੂੰ , ਮੇਰੀਆਂ ਅੱਖਾਂ ਤੋਂ ਪਰੇ ਲੈ ਜਾ ਇਹਨੂੰ । ਇਹ ਪੁੱਤ ਨੀ ਆ , ਇਹ ਤਾਂ ਕਲੰਕ ਏ ਕਲੰਕ । ਬੜਾ ਮਰਦ ਬਣਿਆ ਫ਼ਿਰਦਾ ਏ , ਪੋਤਾ ਤਾਂ ਦੇ ਨੀ ਸਕਿਆ ਮੈਂਨੂੰ , ਆ ਪੱਥਰ ਮਾਰਿਆ ਮੇਰੇ ਮੱਥੇ ਫਿਰ। ਇਹ ਗ੍ਰਹਿ ਆ ਸਮਜਿਆ , ਸਰਾਪ ਏ ਸਰਾਪ , ਕੀਤੇ ਦੱਬ ਆ ਇਸ ਕਲਮੂੰਹੀ ਨੂੰ। ਇਕ ਹੋਰ ਜਮਾਂ ਲਈ , ਇਨ੍ਹਾਂ ਨੇ ਤੇਰੇ ਸਿਰ ਸਵਾਹ ਹੀ ਪਾਉਣੀ ਏ। ਜੇ ਮੈਂਨੂੰ ਪਹਿਲਾਂ ਪਤਾ ਹੁੰਦਾ, ਇਹਨੂੰ ਉਦੋਂ ਹੀ ਕੰਢੇ ਲਾ ਦਿੰਦੀ, ਅੱਜ ਇਹ ਕਲਮੂੰਹੀ ਪੈਦਾ ਹੀ ਨਾ ਹੁੰਦੀ। " ਮੱਘਦੀਆਂ ਅੱਖਾਂ ਨਾਲ਼ ਡਾਕਟਰ ਵੱਲ ਵੇਹੰਦੀ ਹੋਈ ," ਨਾ ਤੂੰ ਤੇ ਕਹਿੰਦੀ ਸੀ ਮੁੰਡਾ ਹਉ , ਆ ਕਿੱਥੋਂ ਆ ਗਿਆ ਪੱਥਰ ਹੁਣ। ਸਾਨੂੰ ਝੂੱਠ ਬੋਲਿਆ ਤੂੰ ................"। ਡਾਕਟਰ ," ਨਹੀਂ ਬੇਬੇ ਨਹੀਂ ,ਮੇਰੀ ਕੋਈ ਗੱਲ਼ਤੀ ਨੀ । ਮੈਂ ਤਾਂ ਆਪ ਨੀ ਹੁਣ ਤਾਈਂ ਸਮਜ਼ ਪਾਈ ਕਿ ਇਹ ਕਿਵੇਂ ਹੋ ਗਿਆ। ਸਾਰੇ ਟੈਸਟ ਹੋਏ , ਰਿਪੋਰਟਾਂ ਤੁਹਾਡੇ ਕੋਲ਼ ਨੇ, ਸੱਭ ਤੁਹਾਡੇ ਸਾਹਮਣੇ ਪ੍ਰਤੱਖ ਸੀ ਕਿ ਮੁੰਡਾ ਹੀ ਹੋਏਗਾ। ਇਹ ਸਭ ਕਿਵੇਂ ਤੇ ਕਿੱਦਾ ਹੋਇਆ ਮੈਂਨੂੰ ਨਹੀਂ ਪਤਾ। ਇਹਨੂੰ ਰੱਬ ਦੀ ਹੀ ਮਰਜੀ ਸਮਜ਼ ਲਓ।" ਮਿੰਦੋ ," ਤੂੰ ਚੁੱਪ ਕਰ , ਹੁਣ ਬਹੁਤੀ ਮੱਤ ਨਾ ਦੇ ਸਾਨੂੰ ................ ਇਹ ਕਲੰਕ ਨੂੰ ਅਸੀਂ ਨੀ ਰੱਖਣਾ , ਖੱਤਮ ਕਰ ਇਹਨੂੰ ।

" ਹਰਨਾਮ ਸਿੰਘ ," ਇਹ ਮੇਰੀ ਧੀ ਏ । ਬੇਬੇ ਹੈ ਤਾਂ ਤੇਰਾ ਹੀ ਖ਼ੂੰਨ ਇਹ ਵੀ , ਏਨਾ ਜ਼ਹਿਰ ਕਿਉਂ ਭਰੀ ਬੈਠੀ ਏ ? ਧੀਆਂ ਆਪਣਾ ਭਾਗ ਆਪ ਲਿਖਵਾ ਕੇ ਲਿਆਉਂਦੀਆਂ ਨੇ, ਜੀਉਂ ਤੂੰ ਲਿਖਵਾ ਕੇ ਲਿਆਈ ਸੇਂ। ਇਹ ਤਾਂ ਦਾਤਾਰ ਵੱਲੋਂ ਨਜ਼ਰਾਨਾ ਏ , ਜਿਹਨੂੰ ਰੋਕਣ ਲਈ ਤੁਸੀਂ ਰੱਲ ਕੇ ਹਰ ਉਹ ਕੰਮ ਕੀਤਾ, ਜੋ ਮੁਨਾਸਬ ਵੀ ਨਹੀਂ ਸੀ। ਪਰ ਇਸ ਪਾਕ ਰੂਹ ਨੂੰ ਕੋਈ ਵੀ ਇਸ ਧਰਤੀ 'ਤੇ ਆਉਣ ਤੋਂ ਨਾ ਰੋਕ ਸਕਿਆ। ਇਹ ਮੇਰੀ ਲਾਡੋ , ਘਰ ਦੇ ਸੁੱਤੇ ਭਾਗ ਜਗਾਉਗੀ , ਮੇਰੀ ਭਾਗਾਂਵਾਲੀ ! "

ਉਸ ਦਿਨ ਤੋਂ ਬਾਅਦ ਉਹਦਾ ਨਾਮ " ਭਾਗਾਂਵਾਲੀ " ਪੈ ਗਿਆ। ਸਾਰੇ ਪਿਆਰ ਨਾਲ਼ ਓਹਨੂੰ "ਭਾਗੋ" ਕਹਿਣ ਲੱਗੇ।ਹਰਨਾਮਾ ਆਪਣੀ ਘਰਵਾਲੀ ਤੇ ਬੱਚੀਆਂ ਨਾਲ ਅਲੱਗ ਰਹਿਣ ਲੱਗਾ। ਭਾਗੋ ਸੋਹਣੀ 'ਤੇ ਅਕਲਮੰਦ ਹੋਣ ਦੇ ਨਾਲ - ਨਾਲ ਪੜ੍ਹਨ ਵਿਚ ਵੀ ਬਹੁਤ ਹੋਸ਼ਿਆਰ ਸੀ। ਆਪਣੀ ਮਿਹਨਤ ' ਤੇ ਲਗਨ ਨਾਲ ਪੜ੍ਹਾਈ ਪੂਰੀ ਕਰਨ ਤੋਂ ਕੁੱਝ ਸਮੇਂ ਉਪਰੰਤ , ਓਹਨੇ ਆਪਣਾ ਜੱਜ ਬਣਨ ਦਾ ਸੁਪਨਾ ਵੀ ਸਾਕਾਰ ਕਰ ਲਿਆ । ਅੱਜ ਓਹਨੂੰ ਇਸ ਮੁਕਾਮ ਤੇ ਦੇਖ ਕੇ ਹਰਨਾਮੇ ਨੇ ਜਦੋਂ ਉਹਦਾ ਮੱਥਾ ਚੁੰਮਿਆ ਤਾਂ ਓਹਦੀਆਂ ਅੱਖਾਂ ਖੁਸ਼ੀ ਨਾਲ ਤਰ ਹੋ ਗਈਆਂ ।

**ਮਨਜੋਤ ਕੌਰ ਜੋਤੀ 8847610639**

# ਮਾਪਿਆਂ ਵਰਗੇ ਅੰਬ

ਪੰਜਾਬ ਦਾ ਦੁਆਬਾ ਤੇ ਦੁਆਬੇ ਦਾ ਜਿਲ੍ਹਾ ਹੁਸ਼ਿਆਰਪੁਰ ਜਿਸ ਨੂੰ ਅੰਬਾਂ ਦਾ ਦੇਸ਼ ਕਿਹਾ ਜਾਂਦਾ ਸੀ.... ਇਥੇ ਹਰ ਪਾਸੇ ਬਾਬਿਆਂ ਵਰਗੇ ਅੰਬਾਂ ਦੇ ਬੂਟੇ ਆਲਾ ਦੁਆਲਾ ਹਰਿਆ ਭਰਿਆ ਬਣਾਈ ਰਖ਼ਦੇ ਸਨ। ਪਿੰਡਾਂ ਦੇ ਬਾਗ਼ਾਂ ਤੋਂ ਇਲਾਵਾ ਸੜ੍ਹਕਾਂ... ਫ਼ਿਰ ਉਹ ਚਾਹੇ ਪਿੰਡਾਂ ਦੀਆਂ ਹੋਣ ਜਾਂ ਜਰਨੈਲੀ... ਅੰਬਾਂ ਨਾਲ ਸੱਜੀਆਂ ਰਹਿੰਦੀਆਂ ਸਨ। ਇਨ੍ਹਾਂ ਸੜ੍ਹਕਾਂ ਤੇ ਚੱਲਣ ਵਾਲੇ ਮੁਸਾਫਰਾਂ ਨੂੰ ਕਦੇ ਮੁੜ੍ਹਕਾ ਨੀ ਆਉਣ ਦਿੱਤਾ ਸੀ ਇਨ੍ਹਾਂ ਅੰਬਾਂ ਨੇ। ਪਰ ਹੁਣ ਹਾਲਾਤ ਬਦਲ ਗਏ ਨੇ ...ਬਹੁਤੇ ਅੰਬ ਤਾਂ ਗਰੀਬੀ ਦੀ ਭੇਂਟ ਚੜ੍ਹ ਗਏ ਤੇ ਬਾਕੀ ਚੌੜ੍ਹੀਆਂ ਸੜ੍ਹਕਾਂ ਦੀ....ਤੇ ਇਸ ਤਰ੍ਹਾਂ ਦੇ ਗੀਤ ਆਮ ਸੁਣਨ ਲਈ ਮਿਲ ਰਹੇ ਹਨ....

ਜੀ ਕਿੱਕਰ, ਨਿੰਮ, ਫਲਾਹ ਤੇ ਜਾਮਣ ਜੜ੍ਹੋਂ ਪੁਟਾ ਸੁੱਟੇ, ਜੰਡ, ਬਰੋਟਾ, ਤੂਤ, ਬੇਰੀਆਂ ਅਸੀਂ ਵਢਾ ਸੁੱਟੇ।

ਨਾ ਪਹਿਲਾਂ ਵਾਲਾ ਰਿਹਾ ਮਾਲਵਾ, ਨਾ ਉਹ ਮਾਝਾ ਜੀ,

ਕਿੱਥੇ ਗਿਆ ਹੁਣ ਅੰਬਾਂ ਵਾਲਾ ਦੇਸ ਦੁਆਬਾ ਜੀ ?

ਸਾਡੇ ਪਿੰਡ ਦੇ ਚੜ੍ਹਦੇ ਪਾਸੇ ਬਾਣੀਆਂ ਦਾ ਬਾਗ ਅੱਜ ਵੀ ਸਾਡੇ ਚੇਤਿਆਂ ' ਚ ਹਰਿਆ ਭਰਿਆ ਉਸੇ ਤਰ੍ਹਾਂ ਵਿਚਰ ਰਿਹਾ ਹੈ। ਪਿੰਡ ਦੇ ਬਾਗ਼ਾਂ ਤੋਂ ਇਲਾਵਾ ਸਾਡਾ ਆਪਣਾ ਵੀ ਤਿੰਨ ਅੰਬਾਂ ਦਾ ਬਾਗ ਸੀ। ਅੰਬ ਬੇਸ਼ੱਕ ਤਿੰਨ ਹੀ ਸਨ ਪਰ ਸਾਡੇ ਲਈ ਉਹ ਬਾਗ ਤੋਂ ਘਟ ਨਹੀਂ ਸੀ। ਅਸੀਂ ਉਨ੍ਹਾਂ ਤਿੰਨਾਂ ਦੇ ਨਾਂ "ਗੋਲਾ, ਸਿੱਪੀ ਤੇ ਛੱਲੀ" ਰੱਖੇ ਹੋਏ ਸਨ। ਗੋਲੇ ਦੇ ਅੰਬ ਗੋਲ ਤੇ ਸੰਧੂਰੀ, ਛੱਲੀ ਦੇ ਲੰਬੇ ਤੇ ਪੀਲੇ ਅਤੇ ਸਿੱਪੀ ਦੇ ਗੂੜ੍ਹੇ ਹਰੇ ਤੇ ਗ਼ਾੜ੍ਹੇ ਰੱਸ ਵਾਲੇ ਹੁੰਦੇ ਸਨ। ਅਸੀਂ ਬੱਚਿਆਂ ਨੇ ਆਪਣੇ ਆਪਣੇ ਅੰਬ ਮੱਲੇ ਹੋਏ ਸਨ ...ਇਕ ਦੂਸਰੇ ਨੂੰ ਆਪਣੇ ਅੰਬ ਦਾ ਅੰਬ ਚੁੱਕਣ ਨਹੀਂ ਸੀ ਦਿੰਦੇ।


ਮੰਮੀ ਹੁਰੀਂ ਗਰਮੀਆਂ ਦੇ ਦਿਨਾਂ ਵਿੱਚ ਆਪਣੀ ਸਿਲਾਈ ਮਸ਼ੀਨ ਵੀ ਬਾਗ ਵਿਚ ਹੀ ਲੈ ਜਾਣੀ ਤੇ ਅੰਬਾਂ ਹੇਠ ਸੀਂਦੇ ਰਹਿਣਾ। ਗਰਮੀਆਂ ਦੀਆਂ ਛੁੱਟੀਆਂ ਬਾਗ ਵਿਚ ਹੀ ਬੀਤਦੀਆਂ ਸਨ ਨਾ ਸਿਰਫ਼ ਸਾਡੀਆਂ ਬਲਕਿ ਮੁਹੱਲੇ ਦੇ ਸਾਰੇ ਬੱਚੇ, ਮਾਸੀਆਂ ਤੇ ਮਾਮਿਆਂ ਦੇ ਬੱਚਿਆਂ ਸਮੇਤ। ਅੰਬਾਂ ਤੇ ਪੀਂਘਾਂ ਪੈ ਜਾਣੀਆਂ ਤੇ ਭੈਣਾ ਨੇ ਅੰਬਾਂ ਦੇ ਪੱਤਿਆਂ ਨੂੰ ਪੈਰ ਲਾ ਕੇ ਮੁੜਨਾ...ਇਨਿਆਂ ਉੱਚੀਆਂ ਹੰਘੌਣੀਆਂ ਉਨ੍ਹਾਂ ਪੀਘਾਂ। ਅਸੀਂ ਸਾਰੇ ਭੈਣ ਭਰਾਵਾਂ ਨੇ ਛੁੱਟੀਆਂ ਦਾ ਕੰਮ ਵੀ ਬਾਗ਼ ਵਿਚ ਹੀ ਕਰਨਾ। ਜਦ ਵੀ ਸਾਡੀ ਪਸੰਦ ਦੇ ਅੰਬ ਦਾ ਅੰਬ ਡਿੱਗਦਾ ਸੀ ਅਸੀਂ ਆਪਣੀਆਂ ਕਾਪੀਆਂ ਕਿਤਾਬਾਂ ਪਰ੍ਹੇ ਸੁੱਟ ਦੌੜ ਕੇ ਚੁੱਕਣਾ ਤੇ ਬਿਨਾ ਧੋਤੇ ਹੀ ਚੂਪ ਲੈਣਾ ..ਅੱਜ ਵਾਂਗ ਹਾਈਜੀਨਕ ਵਿਚਾਰ ਨਹੀਂ ਸਨ ਹੁੰਦੇ ਸਾਡੇ। ਜਦੋਂ ਅਸੀਂ ਸੁੱਤੇ ਉਠਣਾ ..ਮੰਮੀ ਡੈਡੀ ਹੁਣਾਂ ਨੇ ਸਵੇਰੇ ਸਵੇਰੇ ਅੰਬਾਂ ਦੀ ਬਾਲਟੀ ਭਰੀ ਹੁਣੀ ਪਾਣੀ ਪਾ ਕੇ ਤੇ ਲਾਗੇ ਲੁਹਾਂਡਾ ਰੱਖਿਆ ਹੋਣਾ ਗਿਟਕਾਂ ਤੇ ਛਿਲਕੇ ਪਾਉਣ ਲਈ...ਮਜੇ ਦੀ ਗੱਲ ਇਹ ਸੀ ਕਿ ਅਸੀਂ ਸਾਰੇ ਬੱਚੇ ਛਿਲਕੇ ਵੀ ਖਾ ਜਾਂਦੇ ਸੀ। ਕੋਈ ਅੰਬ ਥੋੜ੍ਹਾ ਜਿਹਾ ਵੀ ਖੱਟਾ ਨਿਕਲ ਆਉਣਾ ਤੇ ਅਸੀਂ ਲੁਹਾਂਡੇ ਵਿਚ ਸੁੱਟ ਦੇਣਾ। ਕਿੱਡੀ ਅਮੀਰੀ ਦੇ ਦਿਨ ਹੁੰਦੇ ਸੀ ਉਹ... ਤੇ ਹੁਣ ਬਾਜ਼ਾਰੋਂ ਲਿਆਂਦੇ ਸਰਫੇ ਦੇ ਅੰਬ ਤੇ ਗੈਰ ਕੁਦਰਤੀ ਸੁਆਦ ਕਿੱਥੇ ਮੁਕਾਬਲਾ ਕਰ ਸਕਣਗੇ ਉਨ੍ਹਾਂ ਸੁਆਦਾਂ ਤੇ ਮਿੱਠਾਸਾਂ ਦਾ..। ਜਿਨ੍ਹਾਂ ਚਿਰ ਡਕਾਰ ਨਹੀਂ ਆਉਂਦਾ ਸੀ ..ਅਸੀਂ ਹਟਦੇ ਨਹੀਂ ਸਾਂ ਹੁੰਦੇ ਅੰਬ ਚੂਪਣੋਂ। ਮੰਮੀ ਨੇ ਅੰਬਾਂ ਤੋਂ ਬਾਅਦ ਕੱਚੀ ਲੱਸੀ ਬਣਾ ਕੇ ਦੇਣੀ ਤੇ ਕਹਿਣਾ, "ਪੀ ਲਓ ਪੁੱਤ ਗਰਮੀ ਨੀ ਹੋਣ ਦਿੰਦੀ ਇਹ ਕੱਚੀ ਲੱਸੀ"। ਹਾਏ ਰੱਬਾ ...ਨਾ ਉਹ ਅੰਬ ਰਹੇ, ਨਾ ਕੱਚੀ ਲੱਸੀ ਤੇ ਨਾ ਮੰਮੀ....ਕਿੱਥੇ ਚਲਾ ਗਿਆ ਉਹ ਭਲਿਆਂ ਸਮਿਆਂ ਦਾ ਵੇਲਾ.... ?

ਅੱਜ ਵੀ ਜਦ ਯਾਦ ਆਉਂਦੀ ਹੈ ਉਨ੍ਹਾਂ ਅੰਬਾਂ ਦੀ ...ਦਿਲ ਗਮਗੀਨ ਹੋ ਜਾਂਦਾ ਹੈ।

ਗ਼ਰੀਬੀ ਦੇ ਦਿਨ ਹੁੰਦੇ ਸਨ ਉਹ। ਵੱਡੇ ਵੀਰ ਨੂੰ ਕੋਈ ਰੋਜ਼ਗਾਰ ਨਾ ਮਿਲਿਆ। ਮੰਮੀ ਡੈਡੀ ਨੇ ਪਿੰਡ ਦੇ ਪਟਵਾਰੀ ਦੇ ਕਹਿਣ ਤੇ ਵੀਰ ਨੂੰ ਵਿਦੇਸ਼ ਭੇਜਣ ਦੀ ਸਲਾਹ ਬਣਾ ਲਈ। ਸਾਰੇ ਰਾਜੀ ਸਨ ਪਰ ਗੱਲ ਵਿਦੇਸ਼ ਭੇਜਣ ਲਈ ਲੱਗਣ ਵਾਲੇ ਢੇਰ ਸਾਰੇ ਪੈਸਿਆਂ ਤੇ ਆ ਕੇ ਖੜ੍ਹ ਗਈ। ਜਦ ਸਾਰੇ ਪਾਸੇ ਦੇਖ ਸੁਣ ਲਏ ਤੇ ਕੋਈ ਗੱਲ ਨਾ ਬਣੀ ਤੇ ਫ਼ਿਰ ਲਿਆ ਗਿਆ ਉਹ ਆਤਮਘਾਤੀ ਫੈਸਲਾ.. ਗੋਲੇ, ਛੱਲੀ ਤੇ ਸਿੱਪੀ ਨੂੰ ਵਢਾ ਦੇਣ ਦਾ।

ਅਸੀਂ ਸਾਰੇ ਬੱਚੇ ਬੇਬੱਸ ਹੋ ਗਏ ਤੇ ਆਪਣੇ ਬਚਪਨ ਦੇ ਸਾਂਝੀਵਾਲ ਅੰਬਾਂ ਲਈ ਕੁਝ ਵੀ ਨਹੀਂ ਕਰ ਸਕੇ। ਸੌਦਾ ਹੋ ਗਿਆ...ਉਨ੍ਹਾਂ ਦਰਵੇਸ਼ ਅੰਬਾਂ ਦਾ... ਮਾਤਰ ਇਕੀ ਹਜ਼ਾਰ ਰੁਪਏ ' ਚ..। ਅੱਜ ਮਿਲ ਜਾਵਣ ਤਾਂ ... ਇੱਕੀ ਲੱਖ ਵੀ ਖਰਚ ਦਈਏ ਪਰ ...ਹੁਣ ਕਿੱਥੋਂ ਲੱਭਣੇ ਨੇ ਉਹ ਗੋਲਾ, ਛੱਲੀ ਤੇ ਸਿੱਪੀ.....! ਪਿਆਰੇ ਅੰਬਾਂ ਦੀ ਕਟਾਈ ਸ਼ੁਰੂ ਹੋ ਗਈ ਤੇ ਨਾਲ ਹੀ ਸ਼ੁਰੂ ਹੋ ਗਿਆ ਬਚਪਨ ਤੇ ਬਚਪਨ ਦੀਆਂ ਯਾਦਾਂ ਦਾ ਕਟਾਅ ...ਪਰ ਬੇਬੱਸ ਅਸੀਂ ਬੱਚੇ ਕੁਝ ਵੀ ਕਰ ਸਕਣ ਤੋਂ ਅਸਮਰਥ ਸੀ। ਦੇਖਦੇ ਰਹਿ ਗਏ ਆਪਣੇ ਪਿਆਰੇ ਅੰਬਾਂ ਨੂੰ ਕੱਟ ਤੇ ਵੱਢ ਹੁੰਦੇ। ਜਦ ਕੱਟੇ ਗਏ ਉਹ ਪੀਂਘਾਂ ਵਾਲੇ ਡਾਹਣੇ ਤੇ ਯਾਦ ਆਈਆਂ ਉਹ ਪੱਤਿਆਂ ਨੂੰ ਛੋਹ ਕੇ ਆਉਣ ਵਾਲੀਆਂ ਭੈਣਾਂ ਦੀਆਂ ਉੱਚੀਆਂ ਉਡਾਰੀਆਂ। ਕੱਲੇ ਕੱਲੇ ਅੰਬਾਂ ਦੇ ਪੱਤਿਆਂ ਤੱਕ ਦੀ ਪਹਿਚਾਣ ਸੀ ਸਾਨੂੰ। ਸਾਡੇ ਗੋਲੇ, ਛੱਲੀ ਤੇ ਸਿੱਪੀ ਨੂੰ ਉਨ੍ਹਾਂ ਲੱਦ ਲਿਆ ਸੀ ਵੱਡੀ ਟਰਾਲੀ ' ਚ ਤੇ ਵੱਢ ਟੁਕ ਕੇ ਤੇ ਲੈ ਤੁਰੇ ਸਨ ਮੰਡੀ... ਉਨਾਂ ਦਰਵੇਸ਼ਾਂ ਨੂੰ ਵੇਚਣ ਤੇ ਮੁਨਾਫ਼ੇ ਕਮਾਉਣ ਲਈ ਇਸ ਗੱਲ ਤੋਂ ਬੇਖਬਰ ਕਿ ਜ਼ਿੰਦਗੀ ਦਾ ਸਭ ਤੋਂ ਘਾਟੇ ਵਾਲਾ ਸੌਦਾ ਕਰ ਲਿਆ ਸੀ ਉਨ੍ਹਾਂ ਨੇ। ਮੰਮੀ ਡੈਡੀ ਨੇ ਫੜ੍ਹ ਲਿਆ ਪੈਸਿਆਂ ਦਾ ਭਰਿਆ ਲਿਫ਼ਾਫ਼ਾ ਤੇ ਗੁਆ ਦਿੱਤੇ ਉਹ ਮਾਪਿਆਂ ਵਰਗੇ ਅੰਬ। ਸਾਂਭ ਸਾਂਭ ਰੱਖਦੇ ਸੀ ਉਹ ਪੈਸਿਆਂ ਵਾਲਾ ਲਿਫ਼ਾਫ਼ਾ...ਕਦੀ ਦਾਣਿਆਂ ਵਾਲੀ ਕੋਠੀ ਵਿੱਚ...ਜਿਸ ਵਿਚ ਲੁਕਣ ਮੀਚੀ ਖੇਡਦਿਆਂ ਲੁਕ ਜਾਂਦੇ ਸੀ ਅਸੀਂ ਸਾਰੇ ਭੈਣ ਭਰਾ ਤੇ ਕਦੀ ਕਪੜ੍ਹਿਆਂ ਵਾਲੀ ਬੂਹਾ ਲੱਗੀ ਵਾਰੀ ' ਚ। ਇਨ੍ਹਾਂ ਪੈਸਿਆਂ ਨੂੰ ਸਾਂਭਣਾ ਵੀ ਜੀਅ ਦਾ ਜੰਜਾਲ ਬਣ ਗਿਆ ਸੀ ਮੰਮੀ ਡੈਡੀ ਹੁਣਾਂ ਲਈ। ਵੈਸੇ ਤਾਂ ਮਾਪੇ ਕਦੀ ਬਦਦੁਆ ਨਹੀਂ ਦਿੰਦੇ ਪਰ ਉਨ੍ਹਾਂ ਮਾਪਿਆਂ ਵਰਗੇ ਅੰਬਾਂ ਨੇ ਸ਼ਾਇਦ ਜਰੂਰ ਦਿੱਤੀ ਸੀ। ਵੀਰੇ ਨੂੰ ਵਿਦੇਸ਼ ਭੇਜਣ ਲਈ ਜਿਸ ਏਜੰਟ ਨੂੰ ਦਿੱਤੇ ਸਨ ਪੈਸੇ ਉਹ ਭਗੌੜ੍ਹਾ ਹੋ ਗਿਆ..ਪਿੰਡ ਦੇ ਪਟਵਾਰੀ ਨੇ ਵੀ ਕੋਈ ਪੈਰਵੀ ਨਹੀਂ ਹੋਣ ਦਿੱਤੀ ਤੇ ਡੁੱਬ ਗਏ ਉਹ ਸਾਰੇ ਪੈਸੇ। ਵੀਰਾ ਵੀ ਰਹਿ ਗਿਆ ਆਪਣੇ ਹੀ ਦੇਸ਼ ਤੇ ਪੈਸੇ ਵੀ ਹੱਥੋਂ ਜਾਂਦੇ ਰਹੇ ਤੇ ਅਸੀਂ ਗੁਆ ਲਏ ਸਨ ਹਮੇਸ਼ਾ ਲਈ ਆਪਣੇ ਗੋਲਾ, ਛੱਲੀ ਤੇ ਸਿੱਪੀ...। ਅੱਜ ਵੀ ਜਦ ਯਾਦ ਆਉਂਦੀ ਹੈ ਤੇ ਅਹਿਸਾਸ ਹੁੰਦਾ ਹੈ ਉਨ੍ਹਾਂ ਦੀ ਬਦਦੁਆ ਦਾ ਜੋ ਉਨ੍ਹਾਂ ਦਰਵੇਸ਼ ਅੰਬਾਂ ਨੇ ਦਿੱਤੀ ਸੀ ਸਾਡੇ ਪੂਰੇ ਪਰਿਵਾਰ ਨੂੰ। ਵੀਰਾ ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਵਿਚ ਹੀ ਪਾ ਸਕਿਆ ਸੀ ਇਕ ਸਰਕਾਰੀ ਨੌਕਰੀ ਡਰਾਈਵਰੀ ਦੀ ਤੇ ਉਸੀ ਨੌਕਰੀ ਨੇ ਹੀ ਖੋ ਲਈ ਸੀ ਉਸਦੀ ਜ਼ਿੰਦਗੀ। ਉਨ੍ਹਾਂ ਅੰਬਾਂ ਤੋ ਬਾਅਦ ਉਨ੍ਹਾਂ ਦੀ ਧਰਤੀ ਵੀ ਵੰਡੀ ਗਈ ਸਾਡੇ ਤਿੰਨਾਂ ਭਰਾਵਾਂ ਵਿਚਕਾਰ ਤੇ ਅਸੀਂ ਆਪਣੇ ਆਪਣੇ ਹਿੱਸੇ ਵਿਚ ਘਰ ਬਣਾ ਲਏ। ਮੈਂ ਆਪਣੇ ਹਿੱਸੇ ਵਿੱਚ ਲਗਾਇਆ ਹੈ ਇਕ ਵਿਦੇਸ਼ੀ ਕਿਸਮ ਦੇ ਅੰਬ ਦਾ ਬੂਟਾ ਠੀਕ ਉਸੇ ਜਗ੍ਹਾ ਤੇ ਜਿੱਥੇ ਹੁੰਦੇ ਸਨ ਮੇਰੇ ਗੋਲਾ ਤੇ ਸਿੱਪੀ... ਇਹ ਵਿਦੇਸ਼ੀ ਅੰਬ ਦਾ ਬੂਟਾ ਮੇਰੇ ਬੱਚਿਆਂ ਦੇ ਕੱਦ ਤੋਂ ਵੀ ਛੋਟਾ ਹੈ... ਪਰ ਤਿਆਰ ਹੈ ਆਪਣਾ ਪਹਿਲਾ ਫ਼ਲ੍ਹ ਦੇਣ ਲਈ। ਮੈਂ ਉਦਾਸ ਹਾਂ ਕਿ ਆਪਣੇ ਬੱਚਿਆਂ ਨੂੰ ਕਿਵੇਂ ਸਮਝਾਵਾਂ ਕਿ ਅੰਬਾਂ ਤੇ ਅੰਬਰ ਨੂੰ ਛੋਂਹਦੀਆਂ ਪੀਂਘਾਂ ਵੀ ਪਾਇਆ ਕਰਦੇ ਸੀ ਅਸੀਂ ...ਉਹ ਕਿਸ ਤਰ੍ਹਾਂ ਵਿਸ਼ਵਾਸ ਕਰਨ ਭਲਾ ਮੇਰੀ ਇਸ ਗੱਲ ਦਾ...। ਮੇਰੇ ਕੋਲ ਕੋਈ ਢੰਗ ਨਹੀਂ ਆਪਣੀ ਗੱਲ ਸਮਝਾਉਣ ਦੇ ਲਈ...।

**ਹਰਪਾਲ ਸਿੰਘ ਹੁਸ਼ਿਆਰਪੁਰ**
**9417074669**



# ਤੁਰਦਿਆਂ ਦੇ ਨਾਲ ਤੁਰਦੇ . . .



ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ : 75892- 33437

ਹਰ ਬੰਦਾ ਆਪਣੇ ਜੀਵਨ ਵਿਚ ਆਰਾਮ ਚਾਹੁੰਦਾ ਹੈ/ ਸੁੱਖ ਚਾਹੁੰਦਾ ਹੈ। ਪਰ, ਤਬਦੀਲੀ ਨੂੰ ਕੋਈ ਵੀ ਬੰਦਾ ਸਹਿਜੇ ਹੀ ਸਵੀਕਾਰ ਨਹੀਂ ਕਰਨਾ ਚਾਹੁੰਦਾ। ਅਸਲ ਵਿਚ ਤਬਦੀਲੀ ਆਉਣ ਨਾਲ ਸੁੱਖ-ਆਰਾਮ ਖ਼ਤਮ ਹੁੰਦਾ ਹੈ/ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਮਨੁੱਖ ਕਿਸੇ ਪ੍ਰਕਾਰ ਦੀ ਤਬਦੀਲੀ ਨੂੰ ਮੁੱਢੋਂ ਹੀ ਪ੍ਰਵਾਨ ਨਹੀਂ ਕਰਦਾ।

ਖ਼ੈਰ ! ਇਹ ਵਿਸ਼ਾ ਤਾਂ ਮਨੋਵਿਗਿਆਨ ਨਾਲ ਸੰਬੰਧਤ ਵਿਸ਼ਾ ਹੈ। ਇਸ ਬਾਰੇ ਹੋਰ ਗੂੜ੍ਹ ਗੱਲਾਂ ਵੀ ਕੀਤੀਆਂ ਜਾ ਸਕਦੀਆਂ ਹਨ। ਪਰ, ਸਾਡੇ ਅੱਜ ਦੇ ਲੇਖ ਦਾ ਮੂਲ ਭਾਵ 'ਮਨੁੱਖੀ ਜੀਵਨ ਵਿਚ ਹੁੰਦੀ ਤਬਦੀਲੀ' ਵਿਸ਼ੇ ਨਾਲ ਸੰਬੰਧਤ ਹੈ।

ਮਨੁੱਖ ਚਾਹੁੰਦਾ ਹੈ ਕਿ ਜਿਸ ਤਰ੍ਹਾਂ ਦਾ ਜੀਵਨ ਚੱਲ ਰਿਹਾ ਹੈ/ ਸਦਾ ਇਸੇ ਤਰ੍ਹਾਂ ਚੱਲਦਾ ਰਹੇ। ਪਰ, ਅਜਿਹਾ ਨਹੀਂ ਹੁੰਦਾ। ਜੀਵਨ ਵਿਚ ਬਦਲਾਓ ਲਾਜ਼ਮੀ ਹੁੰਦੇ ਹਨ। ਇਹ ਕੁਦਰਤੀ ਨਿਯਮ ਹਨ। ਇਸ ਨੂੰ ਬਦਲਿਆ ਨਹੀਂ ਜਾ ਸਕਦਾ।

ਹਾਂ, ਇੱਕ ਗੱਲ ਯਕੀਨੀ ਹੈ ਕਿ ਉੱਦਮ ਸਦਕਾ ਹੋਈ ਤਬਦੀਲੀ ਮਨੁੱਖੀ ਜੀਵਨ ਵਿਚ ਸੁੱਖ ਲੈ ਕੇ ਆਉਂਦੀ ਹੈ ਅਤੇ ਆਪ-ਮੁਹਰੇ ਹੋਈ ਤਬਦੀਲੀ ਸਦਾ ਹੀ ਦੁੱਖਾਂ ਦਾ ਕਾਰਣ ਬਣਦੀ ਹੈ।

ਮਨੁੱਖੀ ਮਨ ਅੰਦਰ ਅਜਿਹਾ ਡਰ ਹੈ ਕਿ ਉਹ ਤਬਦੀਲੀ/ ਬਦਲਾਓ ਨੂੰ ਮੁੱਢੋਂ ਹੀ ਸਵੀਕਾਰ ਨਹੀਂ ਕਰਦਾ। ਖ਼ਬਰੇ ! ਇਸੇ ਕਰਕੇ ਬਹੁਤ ਸਾਰੇ ਲੋਕ ਉਮਰ ਦੇ ਵੱਧਣ ਕਾਰਣ ਤਨਾਓ ਵਿਚ ਰਹਿੰਦੇ ਹਨ। ਵਾਲ ਰੰਗਦੇ ਹਨ ਤਾਂ ਕਿ ਵੱਧਦੀ ਉਮਰ ਦਾ ਪਤਾ ਨਾ ਲੱਗੇ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸਾਰੇ ਉਦਾਹਰਣ ਦਿੱਤੇ ਜਾ ਸਕਦੇ ਹਨ ਜਿੱਥੇ ਮਨੁੱਖ, ਤਬਦੀਲੀ ਨੂੰ ਛੁਪਾਉਣ ਲਈ ਯਤਨ ਕਰਦਾ ਵੇਖਿਆ ਜਾ ਸਕਦਾ ਹੈ।

ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿਚ ਕਿਹਾ ਹੈ, 'ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ।' ਭਾਵ ਇਸ ਸੰਸਾਰ ਦਾ ਮੂਲ ਮੰਤਰ ਬਦਲਾਓ ਵਿਚ ਲੁਕਿਆ ਹੋਇਆ ਹੈ। ਪਰ, ਬੰਦਾ ਇਸ ਹਕੀਕਤ ਨੂੰ ਮੰਨਣ ਲਈ ਤਿਆਰ ਨਹੀਂ। ਉਹ ਚਾਹੁੰਦਾ ਹੈ ਕਿ ਵਕਤ ਦਾ ਪਹੀਆ ਸਦਾ ਇਉਂ ਹੀ ਚੱਲਦਾ ਰਹੇ ਅਤੇ ਜੀਵਨ ਵਿਚ ਕੋਈ ਤਬਦੀਲੀ ਨਾ ਹੋਵੇ।

ਇਸੇ ਕਰਕੇ ਸਮਾਜ ਵਿਚ ਰਹਿੰਦੇ ਬਹੁਤ ਸਾਰੇ ਲੋਕ ਆਪਣੇ ਜੀਵਨ ਵਿਚ ਕਦੇ ਕੋਈ ਯਤਨ ਨਹੀਂ ਕਰਦੇ। ਇੱਕੋ ਥਾਂ 'ਤੇ/ ਇੱਕੋ ਜਿਹੀ ਅਵਸਥਾ ਵਿਚ ਜੀਵਨ ਜੀਉਂਦੇ ਰਹਿੰਦੇ ਹਨ। ਪਰ, ਜਿਹੜੇ ਮਨੁੱਖ ਤਬਦੀਲੀ ਨੂੰ ਖਿੜੇ ਮੱਥੇ ਪ੍ਰਵਾਨ ਕਰ ਲੈਂਦੇ ਹਨ; ਉਹ ਸੁਖੀ ਜੀਵਨ ਬਤੀਤ ਕਰਦੇ ਹਨ। ਮਨੁੱਖੀ ਮਨ ਦੀ ਇਸੇ ਅਵਸਥਾ ਨੂੰ ਬਿਆਨ ਕਰਦਿਆਂ ਜਨਾਬ ਰਾਬਿੰਦਰ ਮਸਰੂਰ ਹੁਰਾਂ ਦਾ ਇੱਕ ਸ਼ੇਅਰ ਹੈ;

'ਤੁਰਦਿਆਂ ਦੇ ਨਾਲ ਤੁਰਦੇ ਤਾਂ ਕਿਤੇ ਤਾਂ ਪਹੁੰਚਦੇ।
ਬਿਨ ਤੁਰੇ ਜੋ ਪਹੁੰਚਣਾ, ਚਾਹੁੰਦੇ ਸੀ ਸੜਕਾਂ ਹੋ ਗਏ।' (ਰਾਬਿੰਦਰ ਮਸਰੂਰ)

ਸਮਾਂ ਦੇ ਨਾਲ ਤੁਰਦਿਆਂ ਹੋਇਆ ਮਨੁੱਖ ਕਾਮਯਾਬੀ ਦੀ ਸਿਖ਼ਰ ਨੂੰ ਛੂਹੰਦੇ ਹਨ ਪਰ ਇੱਕੋ ਥਾਵੇਂ ਬੈਠੇ ਮਨੁੱਖ ਅਸਫ਼ਲਤਾ ਦਾ ਮੂੰਹ ਵੇਹਿੰਦੇ ਹੀ ਮਰ- ਖੱਪ ਜਾਂਦੇ ਹਨ। ਇਸ ਕਥਨ ਵਿਚ ਰਤਾ ਭਰ ਨੂੰ ਝੂਠ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਵੀ ਕਿਹਾ ਗਿਆ ਹੈ ਕਿ ਜਿਹੜਾ ਮਨੁੱਖ ਵਕਤ ਦੀ ਚਾਲ ਨੂੰ ਸਮਝ ਲੈਂਦਾ ਹੈ/ ਪਛਾਣ ਲੈਂਦਾ ਹੈ ਉਹੀ ਬੰਦਾ ਅਸਲ ਅਰਥਾਂ ਵਿਚ ਬੰਦਾ ਕਹਾਉਣ ਦਾ ਹੱਕਦਾਰ ਹੈ;

'ਵਖ਼ਤ ਵਿਚਾਰੇ ਸੋ ਬੰਦਾ ਹੋਇ ॥' (ਗੁਰੂ ਗ੍ਰੰਥ ਸਾਹਿਬ ਜੀ)

ਉਹੀ ਬੰਦਾ ਅਸਲ ਅਰਥਾਂ ਵਿਚ ਸੰਪੂਰਨ ਮਨੁੱਖਤਾ ਦੀ ਕਸੌਟੀ ਤੇ ਖ਼ਰਾ ਉਤਰਦਾ ਹੈ ਜਿਹੜਾ ਵਕਤ ਦੀ ਨਬਜ਼ ਨੂੰ ਸਹੀ ਢੰਗ ਨਾਲ ਫੜਨਾ ਜਾਣ ਜਾਂਦਾ ਹੈ/ ਸਮਝ ਲੈਂਦਾ ਹੈ। ਜਿਹੜਾ ਬੰਦਾ ਇਸ ਸੱਚਾਈ ਨੂੰ ਅੱਖੋਂ-ਪਰੋਖੇ ਕਰਦਾ ਹੈ ਉਹ ਬੰਦਾ ਪੂਰਾ ਜੀਵਨ ਪਛਤਾਉਂਦਾ ਰਹਿੰਦਾ ਹੈ। ਪਰ, ਲੰਘਿਆ ਵਕਤ ਮੁੜ ਕਦੇ ਵਾਪਸ ਨਹੀਂ ਆਉਂਦਾ। ਉਸ ਵਕਤ ਸਿਵਾਏ ਪਛਤਾਵੇ ਦੇ ਹੰਝੂਆਂ ਤੋਂ ਕੁਝ ਵੀ ਪੱਲੇ ਨਹੀਂ ਪੈਂਦਾ।

ਇਸ ਕਰਕੇ ਨਵੀਂਆਂ ਰਾਹਾਂ ਦੇ ਮੁਸਾਫ਼ਰ ਬਣਦੇ ਰਹਿਣਾ ਚਾਹੀਦਾ ਹੈ। ਹਾਂ, ਕਦੇ-ਕਦਾਈਂ ਨਵੀਂਆਂ ਰਾਹਵਾਂ ਉੱਪਰ ਵੀ ਅਸਫ਼ਲਤਾ ਮਿਲ ਜਾਂਦੀ ਹੈ ਪਰ, ਇਹ ਅਸਫ਼ਲਤਾ ਸਥਾਈ ਨਹੀਂ ਹੁੰਦੀ; ਕਿਉਂਕਿ ਤੁਰਨ ਦਾ ਸ਼ੌਕੀਨ ਯਾਤਰੂ ਫਿਰ ਤੋਂ ਨਵੀਂ ਰਾਹ ਦੀ ਭਾਲ ਸ਼ੁਰੂ ਕਰ ਦਿੰਦਾ ਹੈ। ਇੱਕ ਰਾਹ ਦੀ ਅਸਫ਼ਲਤਾ ਉਸਨੂੰ ਆਪਣੇ ਨਿਸ਼ਚੇ ਤੋਂ ਡੋਲ ਨਹੀਂ ਸਕਦੀ। ਉਹ ਮੁੜ ਨਵੀਂ ਰਾਹ ਉੱਪਰ ਤੁਰਨ ਦਾ ਹੀਆ ਕਰਨ ਲੱਗਦਾ ਹੈ। ਸੰਸਾਰ ਵਿਚ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਮੌਜੂਦ ਹਨ ਜਦੋਂ ਕਿਸੇ ਮਨੁੱਖ ਨੇ ਆਪਣੀ ਰਾਹ ਨੂੰ ਬਦਲਿਆ ਤੇ ਉਸਨੂੰ ਅਸਫ਼ਲਤਾ ਦਾ ਮੂੰਹ ਵੇਖਣਾ ਪਿਆ ਪਰ, ਉਸਨੇ ਹਾਰ ਨਹੀਂ ਮੰਨੀ ਅਤੇ ਸਫ਼ਲ ਹੋ ਕੇ ਦੁਨੀਆਂ ਲਈ ਪ੍ਰੇਰਣਾਸ੍ਰੋਤ ਬਣਿਆ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਜੀਵਨ ਵਿਚ ਅੱਗੇ ਵੱਧਣ ਲਈ ਮਨੁੱਖ ਨੂੰ ਯਤਨਸ਼ੀਲ ਰਹਿਣਾ ਚਾਹੀਦਾ ਹੈ। ਦੁੱਖ-ਸੁੱਖ ਮਨੁੱਖੀ ਜੀਵਨ ਦਾ ਹਿੱਸਾ ਹਨ। ਇਹਨਾਂ ਤੋਂ ਘਬਰਾਉਣਾ ਨਹੀਂ ਚਾਹੀਦਾ ਬਲਕਿ ਇਹਨਾਂ ਤੋਂ ਸਬਕ ਸਿੱਖਣਾ ਚਾਹੀਦਾ ਹੈ। ਜੀਵਨ ਵਿਚ ਹੋਏ ਪਰਿਵਰਤਨ ਨੂੰ ਖਿੜੇ ਮੱਥੇ ਸਵੀਕਾਰ ਕਰਨਾ ਚਾਹੀਦੀ ਹੈ ਕਿਉਂਕਿ ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ।

# ਕਹਾਣੀ:- ਪਰਦੇਸੀ

ਪਿੰਡ ਦੇ ਕੁਝ ਪਦਵੰਤੇ ਸੱਜਣ ਅਤੇ ਨੌਜਵਾਨ ਮੁੰਡੇ ਕਿਸੇ ਧਾਰਮਿਕ ਕਾਰਜ ਲਈ ਜਰਨੈਲ ਵਲੇਤੀਏ ਦੀ ਕੋਠੀ ਵੱਲ ਆ ਰਹੇ ਸੀ।

ਕੋਠੀ ਦਾ ਦਰਵਾਜਾ ਖੜਕਾ ਕੇ ਅਵਾਜ ਦਿੱਤੀ। ਜਰਨੈਲ ਸਿੰਘ ਜੀ ਘਰੇ ਹੀ ਹੋ ???

ਖੰਗਦਾ ਖੰਗਦਾ ਬਜ਼ੁਰਗ ਬੂਹੇ ਕੋਲ ਆਇਆ ਹਾਂ ਜੀ ਜਥੇਦਾਰ ਸ਼ਾਬ ਦੱਸੋ।

ਜਥੇਦਾਰ:- ਆਹ ਇਕ ਨਵਾਂ ਗੁਰਦੁਆਰਾ ਬਣਾਉਣ ਲੱਗੇ ਹਾਂ ਸੋ ਸੇਵਾ ਚ ਹਿੱਸਾ ਪਾਓ।

ਜਰਨੈਲ ਸਿੰਘ:- ਜਿਹੜੇ ਪਹਿਲੇ 3 ਗੁਰਦਵਾਰੇ ਨੇ ?

ਇਕ ਮੁੰਡਾ ਬੋਲਿਆ:- ਜੀ ਇਕ ਮਜ਼ਹਬੀ ਸਿੰਘਾਂ ਦਾ ਏ, ਇਕ ਇਤਿਹਾਸਿਕ ਏ ਤੇ ਇਕ ਦੂਜੀ ਪੱਤੀ ਵਾਲਿਆ ਦਾ। ਅਪਣਾ ਤਾਂ ਕੋਈ ਵੀ ਹੈਨੀ।

ਜਰਨੈਲ ਹੱਸਦਾ ਹੋਇਆ:- ਜਥੇਦਾਰ ਜੀ ਇਹ ਤਾਂ ਬੱਚੇ ਨੇ,, ਬੇ ਸਮਝ ਨੇ, ਤੁਸੀਂ ਸਮਝਾਓ ਇਹਨਾਂ ਨੂੰ ਕਿ ਜਿਹੜਾ ਹੋਇਆ ਈ ਗੁਰੂ,,,ਦੁਆਰਾ ਓਥੇ ਧਰਮ, ਪੱਤੀ ਕਿਵੇਂ ਆ ਗਈ। ਗ੍ਰੰਥ ਸਾਹਿਬ ਤਾਂ ਇੱਕ ਏ। ਕੀ ਦੂਜੀ ਪੱਤੀ ਦੇ ਗੁਰਰਦੁਆਰੇ ਚ ਬਿਰਾਜਮਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਾਨੂੰ ਅਸ਼ੀਰਵਾਦ ਨਹੀਂ ਦੇਵੇਗਾ ਕਿਉਂਕਿ ਅਸੀਂ ਦੂਜੀ ਪੱਤੀ ਦੇ ਹਾਂ।

ਵਿਚੇ ਗੱਲ ਕੱਟਦਾ ਹੋਇਆ ਜਰਨੈਲ ਬੋਲਿਆ,,,ਤੇ ਸ਼ਾਮੇ ਤੂ ਸਕੂਲ ਕਿਉ ਨਹੀ ਜਾਂਦਾ।

ਸ਼ਾਮਾ:- ਆਪਣੇ ਪਿੰਡੋਂ ਵਾਟ ਹੀ ਬੜੀ ਪਏ ਜਾਂਦੀ ਐ। ਉਪਰੋਂ ਕੋਈ ਸਾਧਨ ਵੀ ਹੈਨੀ।

ਜਰਨੈਲ:-ਹਾਹਾਹਾ,,, ਕਮਾਲ ਏ, ਲੋੜ ਸਕੂਲ ਦੀ ਏ ਤੇ ਤੁਸੀਂ ਹੋਰ ਹੀ ਪਾਸੇ ਤੁਰਦੇ ਫਿਰਦੇ ਹੋ,,,ਹਾਹਾਹਾ

ਨੌਜਵਾਨ ਗੁੱਸੇ ਚ,,, ਚਲੋ ਯਾਰ ਇਹਨੇ ਕੁਛ ਨਹੀਂ ਦੇਣਾ, ਐਵੇਂ ਗੱਲਾਂ ਦਾ ਕੜਾਹ ਬਣਾਈ ਜਾਣਾ, ਆਹ ਸਭ ਪੈਸੇ ਦੌਲਤ ਦਾ ਹੰਕਾਰ ਏ,

ਜਥੇਦਾਰ:- ਜਰਨੈਲ ਸਿੰਘ ਜੀ ਬੜੀਆਂ ਆਸਾਂ ਲੈ ਕੇ ਆਏ ਸੀ, ਪਰ ਬਿਨ ਕਰਮਾਂ ਦੇ ਸੇਵਾ ਨਹੀਂ ਹੁੰਦੀ। ਅੱਜ ਕੀ ਫਾਇਦਾ ਤੁਹਾਡੀ ਐਨੀ ਕਮਾਈ ਕੀਤੀ ਦਾ ਪੈਸੇ ਜੋੜੇ ਦਾ,

ਸਭ ਬਾਹਰ ਨੂੰ ਤੁਰ ਪਏ,,, ਇਕ ਨੌਜਵਾਨ ਬੋਲਿਆ,,, ਜਿਹਨਾਂ ਨੂੰ ਸੋਖਾ ਸਭ ਮਿਲ ਜਾਂਦਾ ਏ,, ਓਹਦੇ ਚ ਏਦਾ ਹੀ ਗਰੂਰ ਆ ਜਾਂਦਾ ਏ।

ਜਰਨੈਲ ਨੇ ਬੂਹਿਓ ਬਾਹਰ ਹੋ ਕਿ ਕਿਹਾ,,, ਇਕ ਮਿੰਟ ਬੇਟਾ ਤੂੰ ਰਾਣੇ ਦਾ ਮੁੰਡਾ ਏ ਨਾ ਜੋ ਪਿਛਲੇ ਹਫਤੇ ਬੜਾ ਬਿਮਾਰ ਸੀ,,,,,ਕੀ ਹਾਲ ਏ ਓਹਦਾ ?

ਸਭ ਇਕ ਵਾਰ ਫਿਰ ਰੁੱਕ ਗਏ, ਤੇ ਉਹ ਨੌਜਵਾਨ ਬੋਲਿਆ:- ਠੀਕ ਨੇ, ਹਸਪਤਾਲ ਮੌਕੇ ਤੇ ਲੈ ਗਿਆ ਸੀ, ਬਚ ਗਏ।

ਜਰਨੈਲ:- ਕਿੰਨੇ ਪੈਸਿਆਂ ਦੀ ਪਰਚੀ ਕੱਟਣੀ ਏ।

ਜਥੇਦਾਰ ਤੇ ਸਾਰੇ ਨੌਜਵਾਨ ਫਿਰ ਥੋੜੇ ਖੁਸ਼ ਤੇ ਠੰਡੇ ਹੁੰਦੇ ਹੋਏ:- ਜੀ ਜਿੰਨੀ ਤੁਹਾਡੀ ਸ਼ਰਧਾ ਏ।

ਜਰਨੈਲ:- ਓਹਨਾ ਨੂ ਅੰਦਰ ਲੈ ਗਿਆ ਤੇ ਚਾਹ ਪਾਣੀ ਪਿਲਾਉਂਦਾ ਫਿਰ ਉਸ ਨੌਜਵਾਨ ਨੂੰ ਕਹਿਣ ਲੱਗਾ:- ਤੇਰੀ ਭੈਣ ਦਾ ਵਿਆਹ ਵੀ ਖਬਰੇ ਪਿਛਲੇ ਮਹੀਨੇ ਹੀ ਸੀ, ਨੌਜਵਾਨ:- ਹਾਂਜੀ, ਸਾਰਾ ਵਿਆਹ ਮੈਂ ਹੀ ਤਾਂ ਭੁਗਤਾਇਆ, ਬੜੀ ਭੱਜ ਦੌੜ ਪਈ।

ਫਿਰ ਜਰਨੈਲ ਨੇ ਲੰਬਾ ਸਾਹ ਲਿਆ ਤੇ ਬੋਲਿਆ:- ਪੁੱਤਰਾ ਮੈਂ ਵੀ ਤੇਰੇ ਕੁ ਜਿੱਡਾ ਸੀ ਜਦ ਘਰ ਦੀ ਗਰੀਬੀ ਕਰਕੇ ਜਿਹੜੀ ਥੋੜੀ ਕੁ ਜਮੀਨ ਸੀ ਉਹ ਗਹਿਣੇ ਧਰ ਕੇ 2 ਨੰਬਰ ਚ ਵਲੈਤ ਚਲੇ ਗਿਆ ਸੀ। ਮਗਰੋਂ ਹੀ ਬਾਪੂ ਨੂੰ attack ਹੋ ਗਿਆ ਰਾਤ ਨੂੰ। ਡੇਰੇ ਤੇ ਘਰ,,,, ਆਸਪਾਸ ਕੋਈ ਨਾ,,, ਬੇਬੇ ਜਦ ਤੱਕ ਡਾਕਟਰ ਨੂੰ ਭੱਜ ਕੇ ਲੈ ਕੇ ਆਈ ਬਾਪੂ ਦੁਨੀਆ ਤੋਂ ਤੁਰ ਗਿਆ ਸੀ। ਜੇ ਮੈ ਹੁੰਦਾ ਤਾਂ ਖਬਰੇ ਤੇਰੇ ਵਾਂਗ ਬਾਪੂ ਨੂੰ ਬਚਾ ਹੀ ਲੈਂਦਾ। ਪਰ ਕੱਚਾ ਕਰਕੇ ਇਧਰ ਆ ਕੇ ਅੰਤਿਮ ਸੰਸਕਾਰ ਨਾ ਕਰ ਸਕਿਆ। ਥੋੜੇ ਹੋਰ ਮਹੀਨੇਆ ਬਾਦ ਇਕ ਨੇਕ ਜਿਹਾ ਮੁੰਡਾ ਦੇਖ ਕੇ ਘਰਦਿਆ ਤੇ ਰਿਸ਼ਤੇਦਾਰਾਂ ਨੇ ਭੈਣ ਦੇ ਵਿਆਹ ਦਾ ਦਿਨ ਰੱਖਤਾ। ਤਦ ਵੀ ਜਮੀਨ ਤਾਂ ਗਹਿਣੇ ਪੇਈ ਛੁਟ ਗਈ ਸੀ ਪਰ ਭੈਣ ਦੇ ਵਿਆਹ ਦਾ ਖਰਚਾ,,, ਮੇਰੇ ਪੈਰਾਂ ਦੀ ਜੰਜੀਰ ਬਣ ਗਿਆ। ਕੁਝ ਸਾਲਾਂ ਬਾਅਦ ਬੇਬੇ ਪੂਰੀ ਹੋ ਗਈ। ਪਰ ਰਿਸ਼ਤੇਦਾਰਾਂ ਨੇ ਫਿਰ ਰੋਕਤਾ ਕਿ ਇਹ ਤਾਂ ਮਿੱਟੀ ਏ, ਤੂੰ ਹੁਣ ਆ ਕੇ ਕੀ ਕਰੇਂਗਾ। ਤੂੰ ਚੁੱਪ ਕਰਕੇ ਆਪਣੀ ਕਮਾਈ ਕਰ।

,,,,, ਸੋ ਕਮਾਈ ਕੀਤੀ। ਦੌਲਤ ਕਮਾਈ, ਜਮੀਨ ਜਾਇਦਾਦ ਬਣਾਈ, ਵਿਆਹ ਕਰਵਾਇਆ, ਕੋਠੀਆ ਗੱਡੀਆਂ ਵਾਲੇ ਹੋ ਗਏ। ਪਰ ਪੁੱਤਰਾਂ ਇਹ ਸਭ ਸੋਖਾ ਨਹੀਂ ਮਿਲਿਆ। ਅੱਜ ਜਿਸਨੂੰ ਤੁਸੀਂ ਜਰਨੈਲ ਵਲੇਤਿਆ ਕਹਿੰਦੇ ਹੋ ਉਸ ਵੇਲੇ ਇਕ #ਪਰਦੇਸੀ ਸੀ, ਜਿਸਨੂੰ ਤਨਖਾਹ ਬੇਸ਼ਕ ਇਸ ਮੁਲਕ ਤੋਂ ਵੱਧ ਮਿਲਦੀ ਸੀ, ਪਰ ਮੈਨੂੰ ਓਧਰ ਜਾ ਕੇ ਇਹ ਅਹਿਸਾਸ ਹੋ ਗਿਆ ਸੀ ਕਿ ਇਹ ਜਿਆਦਾ ਤਨਖਾਹ ਸਿਰਫ ਕੰਮ ਦੀ ਨਹੀਂ।

,,,,,, ਬਲਕਿ ਓਹਨਾ ਮੇਲਿਆਂ, ਤਿਉਹਾਰਾਂ, ਖੁਸ਼ੀਆਂ ਗਮੀਆ, ਮੌਤਾਂ ਵਿਆਹਾਂ ਦੀ ਵੀ ਹੁੰਦੀ ਏ ਜਿਸਨੂੰ ਅਸੀਂ ਕਦੇ ਦੇਖ ਨਹੀਂ ਪਾਉਂਦੇ। ਜਿਸ ਵਿਚ ਅਸੀਂ ਕਦੇ ਸ਼ਾਮਿਲ ਨਹੀਂ ਹੋ ਪਾਉਂਦੇ।

ਸੋ ਪੁੱਤਰਾਂ ਅੱਗੇ ਤੋਂ ਕਿਸੇ #ਪਰਦੇਸੀ× ਨੂੰ ਇਹ ਗੱਲ ਨਾ ਕਹੀਂ ਜੋ ਗੇਟ ਕੋਲ ਮੈਨੂੰ ਕਿਹਾ ਸੀ ਕਿ ਇਹਨੂੰ ਸੌਖੀ ਦੌਲਤ ਸ਼ੋਹਰਤ ਮਿਲ ਗਈ।

ਐਨਾ ਕਹਿ ਕੇ ਜਰਨੈਲ ਸਿੰਘ ਨੇ ਅੱਖਾਂ ਮੱਲਦੇ ਹੋਏ ਜਥੇਦਾਰ ਨੂੰ 10,000 ਰੁਪਏ ਫੜਾ ਦਿੱਤੇ।

ਜਥੇਦਾਰ ਤੇ ਸਾਰੇ ਨੌਜਵਾਨ ਬੜੀ ਨਿਮਰਤਾ, ਤੇ ਅਫਸੋਸੇ ਜਿਹੇ ਮੂੰਹ ਨਾਲ ਜਰਨੈਲ ਸਿੰਘ ਵੱਲ ਦੇਖ ਰਹੇ ਸੀ।

ਜਰਨੈਲ ਸਿੰਘ:- ਚੰਗਾ ਜੀ ਸਤ ਸ਼੍ਰੀ ਅਕਾਲ, ਤੁਸੀਂ ਜਾ ਸਕਦੇ ਹੋ। ਪਰ ਜੇ ਇਹ ਪੈਸਾ ਤੁਸੀਂ ਕਿਸੇ ਸਕੂਲ, ਹਸਪਤਾਲ ਜਾਂ ਕਿਸੇ ਗਰੀਬ ਬੱਚੀ ਦੇ ਵਿਆਹ ਤੇ ਲੱਗਾ ਦਿੰਦੇ,,,,, ਮੇਨੂ ਜਾਪਦਾ ਵਾਹਿਗੁਰੂ ਜਿਆਦਾ ਖੁਸ਼ ਹੁੰਦਾ।ਤੇ ਮੈਂ 10 ਹਜਾਰ ਦੀ ਜਗਾਹ 10 ਲੱਖ ਵੀ ਲੱਗਾ ਦਿੰਦਾ।

ਬਿਨਾਂ ਕੁਝ ਬੋਲੇ ਜਰਨੈਲ ਦੀ ਪਰਚੀ ਕੱਟ ਕੇ ਸਾਰੇ ਉਥੋਂ ਤੁਰ ਪਏ।

ਜਰਨੈਲ ਵਲੈਤੀਆ ਸਮਝ ਗਿਆ ਸੀ ਕਿ ਇਹਨਾਂ ਨੂੰ ਪਿੰਡ ਅਤੇ ਬੱਚੇਆਂ ਦੇ ਭਵਿੱਖ ਦਾ ਕੋਈ ਫਿਕਰ ਨਹੀਂ।ਬਲਕਿ ਗੁਰਰਦੁਆਰੇ ਚ ਰੱਖੀ ਜਾਣ ਵਾਲੀ ਗੋਲਕ ਇਹਨਾਂ ਨੂੰ ਜਿਆਦਾ ਫਾਇਦੇਮੰਦ ਲੱਗ ਰਹੀ ਏ।

**ਰਾਜ ਬਾਜਵਾ**
**+917837399109**

# ਤਰੱਕੀ

ਬੱਸ ਸਟਾਪ ਤੋਂ ਬੱਸ ਤੁਰਨ ਦੇ ਨਾਲ ਹੀ ਕੰਡਕਟਰ ਟਿਕਟਾਂ ਕੱਟਣ ਲਈ ਤਿਆਰ ਹੋ ਗਇਆ ਸੀ। ਸਵਾਰੀਆਂ ਤੋ ਪੈਸੇ ਲੈ ਕੇ ਝੋਲੇ ਚ ਪਾਈ ਜਾ ਰਿਹਾ ਸੀ। ਕਿਸੇ ਨੂੰ ਟਿਕਟ ਦੇ ਦਿੰਦਾਂ ਕਿਸੇ ਨੂੰ ਨਾਂ ਦਿੰਦਾਂ। ਟਿਕਟਾਂ ਕੱਟਦਾ ਉਹ ਬੱਸ ਦੇ ਵਿਚਕਾਰ ਚਲਾ ਗਿਆ।ਅਚਾਨਕ ਉਸ ਦੇ ਮੋਬਾਇਲ ਤੇ ਇੱਕ ਫੋਨ ਆ ਗਿਆ,ਫੋਨ ਸੁਣਨ ਤੋਂ ਬਾਅਦ ਉਹ ਇੱਕਦਮ ਪਿੱਛੇ ਨੂੰ ਆ ਗਿਆ। ਬਈ ਜਿਸ ਕਿਸੇ ਨੂੰ ਟਿਕਟ ਨਹੀ ਮਿਲੀ ਉਹ ਮੰਗ ਕੇ ਟਿਕਟਾਂ ਲੈ ਲਵੋ,ਉਸਨੇ ਉੱਚੀ ਉੱਚੀ ਬੋਲ ਕੇ ਉਹਨਾਂ ਸਭ ਲੋਕਾਂ ਨੂੰ ਵੀ ਟਿਕਟਾਂ ਦੇ ਦਿੱਤੀਆਂ ਜਿਹਨਾਂ ਤੋਂ ਪੈਸੇ ਲੈ ਕੇ ਉਹ ਪਹਿਲਾਂ ਅੱਗੇ ਲੰਘ ਗਿਆ ਸੀ,ਪਰ ਟਿਕਟਾਂ ਨਹੀ ਦਿੱਤੀਆਂ ਸਨ।ਪੂਰੀ ਬੱਸ ਦੀਆਂ ਟਿਕਟਾਂ ਕੱਟਣ ਤੋਂ ਬਾਅਦ ਉਹ ਪਿਛਲੀ ਸੀਟ ਤੇ ਬੈਠ ਗਿਆ,ਅਤੇ ਪਹਿਲਾਂ ਹੀ ਉੱਥੇ ਬੈਠੇ ਆਪਣੇ ਇੱਕ ਹੋਰ ਸਟਾਫ ਮੈਬਰ ਨੂੰ ਕਹਿਣ ਲੱਗਾ,ਬਈ ਮੋਬਾਇਲ ਦਾ ਬਹੁਤ ਫਾਇਦਾ ਹੈ।

ਅੱਗੇ ਬੱਸ ਸਟੈਂਡ ਤੇ ਚੈਕਰ ਖੜੇ ਨੇ,ਮੈਨੂੰ ਸੱਤ ਵੀਹ ਤੇ ਤੁਰੀ ਬੱਸ ਵਾਲੇ ਦਾ ਫੋਨ ਆ ਗਿਆ ਸੀ। ਇਸੇ ਕਰਕੇ ਸਭ ਨੂੰ ਟਿਕਟਾਂ ਦੇ ਦਿੱਤੀਆਂ। ਉਹ ਦੋਵੇ ਉੱਚੀ-ਉੱਚੀ ਹੱਸ ਰਹੇ ਸਨ। ਸੱਤ ਵੀਹ ਵਾਲੀ ਬੱਸ ਇਸ ਬੱਸ ਤੋਂ ਪਹਿਲਾਂ ਤੁਰੀ ਹੋਣੀ ਤੇ ਉਸ ਬੱਸ ਵਾਲੇ ਕੰਡਕਟਰ ਨੇ ਅੱਗੇ ਖੜੇ ਚੈੱਕਰਾਂ ਦੀ ਜਾਣਕਾਰੀ ਇਸ ਨੂੰ ਦਿੱਤੀ ਹੋਣੀ। ਹੁਣ ਜਦੋਂ ਅੱਗੇ ਬੱਸ ਚੈੱਕ ਹਊ ਸਭ ਕੁੱਝ ਠੀਕ ਮਿਲੂ,ਚੈੱਕਰ ਵੀ ਰਿਪੋਟ ਠੀਕ ਭਰਨਗੇ ਤੇ ਕੁੱਝ ਕੁ ਸਾਲਾਂ ਬਾਅਦ ਕੰਡਕਟਰ ਦੀ ਵੀ ਤਰੱਕੀ ਲਾਜਮੀ ਹਊ। ਕਿਉਕਿ ਇੱਕ ਦੂਜੇ ਦੀ ਜੇ ਇਸੇ ਤਰਾਂ ਕੰਡਕਟਰ ਮੱਦਦ ਕਰਦੇ ਰਹੇ ਤਾਂ ਇਨਾਂ ਦੀ ਗਲਤ ਰਿਪੋਟ ਬਣ ਹੀ ਨਹੀ ਸਕਦੀ। ਪਰ ਅਜਿਹੀ ਹਾਲਤ ਵਿੱਚ ਸਾਡਾ ਮੁਲਕ ਕਿਹੋ ਜਿਹੀ ਤਰੱਕੀ ਕਰੂ ਮੈਨੂੰ ਕੁੱਝ ਸਮਝ ਨਾਂ ਆਈ।

**ਗੁਰਪ੍ਰੀਤ ਸਿੰਘ ਤੰਗੋਰੀ**
**9872010560**

# ਪਿੰਡਾਂ ਵਾਲਾ ਰੰਗਲਾ ਬਚਪਨ



ਜਦੋਂ ਗੱਲ ਪਿੰਡਾਂ ਦੀ ਹੋਵੇ ਤਾਂ ਅਕਸਰ ਹੀ ਪਿੱਪਲ , ਬੋਹੜ , ਖੂਹ , ਗਲੀਆਂ , ਖੁੱਲ੍ਹੇ - ਡੁੱਲ੍ਹੇ ਹਰਿਆਵਲੇ ਖੇਤ , ਬਲ਼ਦ , ਬੈਲਗੱਡੀਆਂ , ਸੁਹਾਗੇ , ਦੌਣ ਵਾਲੇ ਮੰਜੇ , ਛੱਪੜ , ਟੋਭੇ , ਮੱਝਾਂ , ਸੱਥਾਂ , ਖਾਲ਼ਿਆਂ , ਕੁੱਪ , ਕੁੰਨੂ , ਚਾਟੀਆਂ , ਮਧਾਣੀਆਂ ਤੇ ਪਿੰਡਾਂ ਵਿਚਲੇ ਧਰਮ - ਅਸਥਾਨਾਂ ਦੀ ਯਾਦ ਤੇ ਦ੍ਰਿਸ਼ ਅੱਖਾਂ ਦੇ ਸਾਹਮਣੇ ਸਰੋਸਰੀ ਆ ਜਾਂਦੇ ਹਨ। ਅਜਿਹੇ ਸੁਹਾਵਣੇ ਸਥਾਨ @ਤੇ ਬਿਤਾਇਆ ਬਚਪਨ ਵੀ ਸੱਚਮੁੱਚ ਹੀ ਰੰਗਲਾ ਤੇ ਯਾਦਾਂ ਭਰਿਆ ਹੁੰਦਾ ਹੈ। ਲੱਗਭੱਗ ਤਿੰਨ ਕੁ ਦਹਾਕੇ ਪਹਿਲਾਂ ਸਾਡੇ ਪਿੰਡਾਂ ਵਿਚਲਾ ਬਚਪਨ ਸੱਚਮੁੱਚ ਅਨੋਖਾ ਅਤੇ ਅਨੰਦਦਾਇਕ ਸੀ। ਕੱਚੇ ਕੋਠਿਆਂ @ਤੇ ਯਾਰਾਂ ਬੇਲੀਆਂ ਨਾਲ ਬੈਠ ਕੇ ਪੜ੍ਹਨਾ , ਫ਼ਸਲਾਂ ਦੀ ਕਟਾਈ ਤੋਂ ਬਾਅਦ ਖੁੱਲ੍ਹੇ - ਡੁੱਲ੍ਹੇ ਖੇਤਾਂ ਵਿੱਚ ਜਾਂ ਚਰਾਂਦਾਂ ਆਦਿ ਵਿੱਚ ਪਤੰਗ ਉਡਾਉਣਾ , ਦਾਦਾ - ਦਾਦੀ ਜੀ ਤੇ ਨਾਨਾ - ਨਾਨੀ ਜੀ ਪਾਸੋਂ ਬਾਤਾਂ , ਬੁਝਾਰਤਾਂ ਤੇ ਰਾਜਿਆਂ - ਪਰੀਆਂ ਦੀਆਂ ਕਹਾਣੀਆਂ ਸੁਣਨਾ , ਬਰਸਾਤ ਦੇ ਦਿਨਾਂ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਬਣਾਉਣੀਆਂ , ਬਾਜ਼ੀਆਂ ਅਤੇ ਛਿੰਝਾਂ ਦੇ ਨਜ਼ਾਰੇ ਲੈਣਾ ਆਦਿ ਪਿੰਡਾਂ ਦੇ ਰੰਗਲੇ ਬਚਪਨ ਦੀ ਗਵਾਹੀ ਭਰਦੇ ਸਨ। ਉਦੋਂ ਕੁੱਕੜਾਂ ਦੀਆਂ ਲੜਾਈਆਂ ਦੇਖਣੀ ਅਤੇ ਕਰਵਾਉਣੀਆਂ , ਉੱਚੇ - ਲੰਮੇ ਖਜੂਰਾਂ ਦੇ ਦਰੱਖਤਾਂ ਨੂੰ ਢੀਮਾਂ ਮਾਰ - ਮਾਰ ਕੇ ਖਜੂਰਾਂ ਤੋੜਨ ਤੇ ਖਾਣ ਦਾ ਲੁਤਫ਼ ਉਠਾਉਣਾ , ਦਰੱਖਤਾਂ @ਤੇ ਲੱਗੇ ਪੰਛੀਆਂ ਦੇ ਅਣਗਿਣਤ ਅਤੇ ਅਦਭੁੱਤ ਆਲ੍ਹਣਿਆਂ ਨੂੰ ਦੇਖ ਕੇ ਅਨੰਦ ਵਿਭੋਰ ਹੋਣਾ ਅਤੇ ਪਿੰਡ ਦੇ ਸਾਂਝੇ ਸਥਾਨਾਂ @ਤੇ ਜਾਂ ਦੇਸੀ ਅੰਬ ਦੇ ਦਰਖ਼ਤ ਹੇਠਾਂ ਲੱਗੀ ਹੋਈ ਦਾਣੇ ਭੁੰਨਣ ਵਾਲ਼ੀ ਭੱਠੀ @ਤੇ ਮੱਕੀ ਦੇ ਦਾਣੇ ਭੁੰਨਾ ਕੇ ਖਾਣਾ ਆਦਿ ਸੱਚਮੁੱਚ ਹੀ ਬਚਪਨ ਨੂੰ ਰੰਗਲਾ ਬਣਾ ਦਿੰਦੇ ਸਨ। ਖੁੱਲ੍ਹੇ - ਡੁੱਲ੍ਹੇ ਖੇਤਾਂ ਵਿੱਚ ਵਹਾਈ ਕਰਨ ਦੇ ਸਮੇਂ ਬਲਦਾਂ ਨਾਲ ਜੋੜੇ ਸੁਹਾਗੇ ਦੇ ਝੂਟੇ , ਕਿਸੇ ਹਵਾਈ ਜਹਾਜ਼ਧੇ ਝੂਟਿਆਂ ਤੋਂ ਘੱਟ ਨਹੀਂ ਸਨ ਹੁੰਦੇ। ਨਾਨਕੇ - ਘਰ ਜਾ ਕੇ ਬੱਚੇ ਮਾਮੇ ਨਾਲ ਖੇਤਾਂ ਵਿੱਚ ਸੁਹਾਗਾ ਝੂਟਣ ਲਈ ਅਕਸਰ ਜ਼ਿੱਦ ਕਰਦੇ ਹੁੰਦੇ ਸਨ। ਗਰਮ ਪਿੱਠੂ , ਚੋਰ ਸਿਪਾਹੀ , ਗੁੱਲੀ ਡੰਡੇ , ਲੁਕਣ ਮੀਚੀ , ਰਾਜੇ ਦਾ ਵਜ਼ੀਰ ਆਦਿ ਖੇਡਾਂ ਬਚਪਨ ਦੀ ਜਿੰਦ - ਜਾਨ ਹੁੰਦੀਆਂ ਸਨ। ਬੱਚੇ ਸ਼ੌਕ - ਸ਼ੌਕ ਵਿੱਚ ਮੰਜਿਆਂ ਦੀਆਂ ਦੌਣਾਂ ਕੱਸਦੇ , ਬੋਰੀਆਂ ਵਿੱਚ ਪਾ ਕੇ ਸੁੱਕੀਆਂ ਹੋਈਆਂ ਮੱਕੀ ਦੀਆਂ ਛੱਲੀਆਂ ਨੂੰ ਡੰਡਿਆਂ ਨਾਲ ਕੁੱਟਦੇ , ਮਿੱਟੀ ਤੇ ਰੇਤ ਵਿੱਚ ਖੇਡਦੇ ਤੇ ਮਿੱਟੀ - ਰੇਤ ਦੇ ਘਰ ਬਣਾਉਂਦੇ ਹੁੰਦੇ ਸਨ। ਪਿੰਡਾਂ ਦੇ ਛੱਪੜਾਂ - ਟੋਭਿਆਂ ਕਿਨਾਰੇ ਬਚਪਨ ਵਿੱਚ ਕੀਤੀਆਂ ਅਠਖੇਲੀਆਂ , ਮੱਝਾਂ ਦੀਆਂ ਪੂਛਾਂ ਪਕੜ ਕੇ ਝੂਟੇ ਲੈਣਾ ਤੇ ਮੱਝਾਂ @ਤੇ ਬੈਠ ਕੇ ਲੁਤਫ਼ ਉਠਾਉਣਾ , ਪਿੰਡਾਂ ਵਿੱਚ ਲੱਗੇ ਵੇਲਣਿਆਂ ਕੋਲ ਜਾ ਕੇ ਗਰਮਾ - ਗਰਮ ਤਿਆਰ ਕੀਤੇ ਗੁੜ ਦਾ ਅਨੰਦ ਪਿੰਡਾਂ ਵਾਲੇ ਬਚਪਨ ਦੀ ਰੂਹ ਹੁੰਦੇ ਸਨ। ਬਾਪੂ ਦੀ ਘੂਰੀ ਵੀ ਇਸ ਰੰਗਲੇ ਪੇਂਡੂ ਬਚਪਨ ਦਾ ਅਨਿੱਖੜਵਾਂ ਅੰਗ ਸੀ। ਬੱਚੇ ਵੱਡੇ - ਵਡੇਰਿਆਂ ਤੋਂ ਅੱਖ ਬਚਾ ਕੇ ਖੰਡ ਦੀਆਂ ਫੱਕੀਆਂ ਮਾਰਦੇ , ਦੂਰ - ਦੁਰਾਡੇ ਖੇਡਣ ਚਲੇ ਜਾਂਦੇ ਤੇ ਬੇਰ ਜਾਂ ਗਰੂਨੇ ਤੋੜਨ ਲਈ ਜਾਂਦੇ ਹੁੰਦੇ ਸਨ। ਗਰੂਨੇ , ਡੁੱਟਾਂ , ਚਿੱਬੜ ਤੇ ਬੇਰ ਆਦਿ ਉਸ ਰੰਗਲੇ ਤੇ ਖੁਸ਼ਨੁਮਾ ਬਚਪਨ ਦੇ ਖ਼ਾਸ ਤੇ ਸਵਾਦਲੇ ਫਲ ਹੁੰਦੇ ਸਨ। ਆਵਾਜਾਈ ਅਤੇ ਹੋਰ ਸ਼ੋਰ - ਸ਼ਰਾਬੇ ਨਹੀਂ ਸਨ ਹੁੰਦੇ , ਜਿਸ ਕਰਕੇ ਧਾਰਮਿਕ ਅਸਥਾਨਾਂ ਵਿੱਚੋਂ ਆਉਂਦੀ ਮਧੁਰ , ਅਲੌਕਿਕ ਤੇ ਰੂਹਾਨੀ ਆਵਾਜ਼ ਮਨ ਨੂੰ ਸਕੂਨ ਦੇ ਕੇ ਟੁੰਬ ਜਾਂਦੀ ਹੁੰਦੀ ਸੀ। ਉਦੋਂ ਟੈਲੀਵਿਜ਼ਨ ਪਿੰਡ ਵਿੱਚ ਕਿਸੇ ਇੱਕ - ਅੱਧੇ ਵਿਰਲੇ ਬੰਦੇ ਕੋਲ਼ ਹੀ ਹੁੰਦਾ ਸੀ। ਜਿਸ ਕਰਕੇ ਐਤਵਾਰ ਦੇ ਪ੍ਰੋਗਰਾਮ ਜਾਂ ਹੋਰ ਫ਼ਿਲਮੀ ਪ੍ਰੋਗਰਾਮ , ਨਾਟਕ ਤੇ ਚਿੱਤਰਹਾਰ ਆਦਿ ਦੇਖਣ ਲਈ ਬੱਚਿਆਂ ਵਿੱਚ ਬਹੁਤ ਜ਼ਿਆਦਾ ਚਾਅ ਤੇ ਮਲਾਰ ਹੁੰਦਾ ਸੀ ਅਤੇ ਕਾਫ਼ੀ ਇਕੱਠ ਵੀ ਹੁੰਦਾ ਸੀ , ਖ਼ਾਸ ਕਰਕੇ ਐਤਵਾਰ ਵਾਲ਼ੇ ਦਿਨ ਰਮਾਇਣ ਤੇ ਮਹਾਂਭਾਰਤ ਦੇਖਣ ਸਮੇਂ। ਪਿੰਡ ਵਿੱਚ ਕਿਸੇ ਲੜਕੇ ਦੇ ਵਿਆਹ ਤੋਂ ਪੰਦਰਾਂ - ਵੀਹ ਦਿਨ ਪਹਿਲਾਂ ਹੀ ਬੱਚੇ ਵੀ.ਸੀ.ਆਰ. ਵਿੱਚ ਫ਼ਿਲਮ ਦੇਖਣ ਅਤੇ ਸੰਬੰਧਿਤ ਵਿਆਹ ਦੀ ਮੂਵੀ ਦੇਖਣ ਪ੍ਰਤੀ ਬਹੁਤ ਉਤਸ਼ਾਹਿਤ ਹੋਏ ਹੁੰਦੇ ਰਹਿੰਦੇ ਸਨ। ਵਿਆਹ ਦੀ ਮੂਵੀ ਵਿੱਚ ਆਪਣੀ ਫੋਟੋ ਦੇਖ ਕੇ ਮਨ ਨੂੰ ਬਹੁਤ ਅਨੰਦ ਮਿਲਦਾ ਸੀ। ਹਿੰਦੀ ਜਾਂ ਪੰਜਾਬੀ ਫ਼ਿਲਮਾਂ ਵਿੱਚ ਕਿਸੇ ਨਾਇਕ ਦੇ ਸੱਟ - ਚੋਟ ਲੱਗਣ ਜਾਂ ਉਸ ਦੇ ਮਾਰੇ ਜਾਣ ਦਾ ਦ੍ਰਿਸ਼ ਦੇਖ ਕੇ ਸਾਰਿਆਂ ਦਾ ਮਨ ਭਾਵੁਕ ਹੋ ਜਾਂਦਾ ਸੀ। ਬਲਦਾਂ ਦੇ ਗਲਾਂ ਵਿੱਚ ਟੁਣਕ ਦੀਆਂ ਘੰਟੀਆਂ ਅਤੇ ਤਰੇਲ - ਤੁਪਕਿਆਂ ਨਾਲ ਭਿੱਜੇ ਘਾਹ ਅਤੇ ਦਰੱਖਤਾਂ ਦੇ ਪੱਤੇ ਪਿੰਡਾਂ ਵਿਚਲੀ ਸ਼ੁੱਧਤਾ ਅਤੇ ਸ਼ਾਂਤੀ ਦੀ ਗਵਾਹੀ ਭਰਦੇ ਹੁੰਦੇ ਸਨ। ਵਿਹੜੇ ਖੁੱਲ੍ਹੇ - ਡੁੱਲ੍ਹੇ ਹੁੰਦੇ ਸਨ ਅਤੇ ਪਿੱਪਲਾਂ - ਬੋਹੜਾਂ ਥੱਲੇ ਤਰ੍ਹਾਂ - ਤਰ੍ਹਾਂ ਦੀਆਂ ਖੇਡਾਂ ਬੱਚੇ ਅਕਸਰ ਖੇਡਦੇ ਹੁੰਦੇ ਸਨ। ਗਡੀਰਨਾ ਵੀ ਬਚਪਨ ਦਾ ਪੱਕਾ ਸਾਥੀ ਹੁੰਦਾ ਸੀ , ਜਿਸ ਨੂੰ ਕਿ ਭੁੱਲਿਆ ਨਹੀਂ ਜਾ ਸਕਦਾ। ਬੱਚੇ ਨਜ਼ਦੀਕੀ ਕਸਬਿਆਂ ਵਿੱਚ ਮੇਲੇ ਆਦਿ ਦੇਖਣ ਲਈ ਕਾਫ਼ੀ ਝੂਰਦੇ ਹੁੰਦੇ ਸਨ ਅਤੇ ਬੜੀ ਖੁਸ਼ੀ ਦੇ ਨਾਲ ਚਾਈਂ - ਚਾਈਂ ਮੇਲਾ ਦੇਖਣ ਜਾਂਦੇ ਹੁੰਦੇ ਸਨ। ਉਦੋਂ ਹਰ ਬੱਚੇ ਨੂੰ ਆਪਣੇ ਘਰ ਵਿਖੇ ਮਾਮੇ ਦੇ ਆਉਣ ਦੀ ਬੜੀ ਬੇਸਬਰੀ ਅਤੇ ਉਮੀਦ ਨਾਲ ਤਾਂਘ ਤੇ ਆਸ ਹੁੰਦੀ ਸੀ ; ਕਿਉਂਕਿ ਮਾਮਾ ਸ਼ੁਰੂ ਤੋਂ ਹੀ ਸਾਡੇ ਸੱਭਿਆਚਾਰ ਵਿੱਚ ਖੁਸ਼ੀਆਂ ਤੇ ਭਾਵਨਾਵਾਂ ਦਾ ਪ੍ਰਤੀਕ ਜੋ ਰਿਹਾ ਹੈ। ਠੰਢ ਦੇ ਦਿਨਾਂ ਵਿੱਚ ਲੱਕੜ ਦੇ ਵੱਡੇ ਝੁੰਡਿਆਂ ਦੀ ਅੱਗ ਸੇਕਣੀ ਤੇ ਕੋਸੀ - ਕੋਸੀ ਧੁੱਪ ਸੇਕਣ ਦਾ ਪਿੰਡਾਂ ਵਿੱਚ ਬਚਪਨ @ਚ ਇੱਕ ਵੱਖਰਾ ਹੀ ਨਜ਼ਾਰਾ ਸੀ। ਪੀਂਘਾਂ ਝੂਟਣਾ , ਭੁਕਨੇ ਖਾਣਾ ਅਤੇ ਕਾਂਚੇ ( ਬੰਟੇ ) ਖੇਡਣਾ ਸੱਚਮੁੱਚ ਰੰਗਲੇ ਬਚਪਨ ਦੀ ਮਹਾਨਤਾ ਸੀ। ਸੱਚਮੁਚ ਬੀਤੇ ਸਮੇਂ ਦੌਰਾਨ ਪਿੰਡਾਂ ਵਿਚਲੇ ਰੰਗਲੇ ਬਚਪਨ ਦੀ ਕੋਈ ਰੀਸ ਨਹੀਂ ਸੀ , ਜਿਸ ਵਿੱਚ ਕਿ ਹਾਸੇ - ਠੱਠੇ , ਸੁੱਖ , ਅਨੰਦ , ਖੁਸ਼ੀਆਂ , ਤਾਂਘ , ਆਸ , ਆਪਸੀ ਪਿਆਰ ਅਤੇ ਭਾਵਨਾਵਾਂ ਨੂੰ ਵਾਰ - ਵਾਰ ਤਵੱਜੋ ਦਿੱਤੀ ਗਈ ਸੀ। ਕਾਸ਼ !!!ਸਾਡੇ ਬਚਪਨ ਦੇ ਉਹ ਅਮੋਲਕ ਤੇ ਪਿਆਰੇ ਦਿਨ ਅੱਜ ਇੱਕ ਵਾਰ ਫਿਰ ਵਾਪਸ ਆ ਜਾਂਦੇ , ਕਾਸ਼ !!! ਇੰਝ ਹੋ ਸਕਦਾ ਹੁੰਦਾ !!!...

**ਲੇਖਕ ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
9478561356

# ਪ੍ਰਧਾਨ ਜੀ !

## ਵਿਅੰਗ

ਪਿਛਲੇ ਕੁਝ ਕੁ ਸਾਲਾਂ ਚ, ਖਾਸਕਰ ਪੰਜਾਬ ਚ ਇਕ ਵਿਸ਼ੇਸ਼ ਕਿਸਮ ਦੀ ਪ੍ਰਜਾਤੀ ਪੈਦਾ ਹੋਈ ਏ, ਨਾਮ ਏ @ਪ੍ਰਧਾਨ ਜੀ@। ਇਹ ਪ੍ਰਜਾਤੀ ਹਰੇਕ ਗਲੀ, ਮੁਹੱਲੇ, ਪਿੰਡ, ਮੰਡੀ ਤੇ ਸ਼ਹਿਰ ਚ, ਹਰੇਕ ਜਾਤੀ, ਧਰਮ ਤੇ ਖੇਤਰ ਚ ਖੁੰਭਾਂ ਵਾਂਗ ਪਨਪ ਚੁੱਕੀ ਏ। ਇਸ ਵਿਸ਼ੇ ਤੇ ਲਿਖਣ ਦਾ ਮਤਲਬ, ਇਹ ਨਹੀਂ ਹੈ ਕਿ ਮੈਂ ਪ੍ਰਧਾਨ ਜੀ ਹੁਰਾਂ ਨੂੰ ਮਾੜਾ ਸਮਝਦਾ ਹਾਂ, ਸਗੋਂ ਮੈਨੂੰ ਤਾਂ ਬਹੁਤੇ ਸ਼ਰੀਫ ਤੇ ਭੋਲੇ-ਭਾਲੇ ਪ੍ਰਧਾਨ ਜੀ ਹੁਰਾਂ ਨਾਲ ਦਿਲੋਂ ਹਮਦਰਦੀ ਏ, ਹੋ ਸਕਦਾ ਏ ਮੈਂ ਜਾ ਮੇਰਾ ਕੋਈ ਪਰਿਵਾਰਕ ਮੈਂਬਰ ਵੀ, ਪ੍ਰਧਾਨ ਜੀ ਹੀ ਹੋਵੇ, ਪਰ ਇਕ ਗੱਲ ਯਾਦ ਰੱਖਣਾ ਹਰੇਕ ਪ੍ਰਧਾਨ ਜੀ ਨਾਂ ਤਾਂ ਬੇਈਮਾਨ ਏ ਤੇ ਨਾਂ ਹੀ ਹਰੇਕ ਇਮਾਨਦਾਰ। ਪ੍ਰਧਾਨ ਜੀ ਬਣਨ ਲਈ, ਅੱਤ ਦਾ ਆਤਮਵਿਸ਼ਵਾਸ਼ ਜਾਂ ਸ਼ਰਮਰਹਿਤ ਹੋਣਾ, ਫੁਕਰੇ ਤੇ ਕੌਲੀਚੱਟ ਚਮਚਿਆਂ ਦਾ ਨਿੱਘਾ ਸਾਥ, ਬਜ਼ੁਰਗਾਂ ਦਾ ਕਮਾਇਆ ਪੈਸਾ ਜਾਂ ਵੱਡੇ ਬੰਦਿਆਂ ਦੀ ਚਾਪਲੂਸੀ ਕਰਨ ਦਾ ਬੇਸ਼ਕੀਮਤੀ ਹੁਨਰ, ਵਰਗੀਆਂ ਯੋਗਤਾਵਾਂ ਹੋਣਾ ਬੇਹੱਦ ਲਾਜ਼ਮੀ ਹੈ, ਬਾਕੀ ਤੁਹਾਡਾ ਬੌਧਿਕ ਪੱਧਰ ਜਾਂ ਯੋਗਤਾ, ਕੋਈ ਖਾਸ ਮਾਇਨੇ ਨ੍ਹੀਂ ਰੱਖਦੀ। ਅਸਲ ਚ ਪ੍ਰਧਾਨ ਜੀ, ਉਹ ਭੋਲੇ-ਭਾਲੇ ਲੋਕ ਹੁੰਦੇ ਨੇਂ, ਜਿੰਨਾਂ ਨੂੰ ਵਹਿਮ ਹੁੰਦਾ ਏ ਕਿ ਉਹਨਾਂ ਤੋਂ ਚੁਸਤ-ਚਲਾਕ, ਇਸ ਧਰਤੀ ਤੇ ਦੂਜਾ ਜੰਮਿਆ ਈ ਕੋਈ ਨ੍ਹੀਂ, ਇਸ ਭੋਲੇਪਨ ਜਾਂ ਸਾਫ ਸ਼ਬਦਾਂ ਚ ਆਖਾਂ ਤਾਂ ਮੂਰਖਤਾ ਕਾਰਨ, ਇੰਨਾਂ ਨੂੰ ਚਲਾਕ ਲੋਕ ਤੇ ਰਾਜਨੀਤਕ ਪਾਰਟੀਆਂ, ਸੰਸਥਾਵਾਂ ਆਦਿ, ਆਪਣੇ ਹਿੱਤਾਂ ਦੀ ਪੂਰਤੀ ਲਈ, ਉਦੋਂ ਤੀਕ ਰੱਜ ਕੇ ਵਰਤਦੇ ਨੇਂ, ਜਦੋਂ ਤੀਕ ਪ੍ਰਧਾਨ ਜੀ ਹੁਰਾਂ ਦੇ ਆਰਥਿਕ ਲਾਟੂ ਦੀ ਰੌਸ਼ਨੀ ਮੱਧਮ ਨਾਂ ਪੈਜੇ। ਪ੍ਰਧਾਨ ਜੀ ਨੂੰ ਵਹਿਮ ਹੁੰਦਾ ਏ ਕਿ, ਇਹ ਲੋਕ ਇੰਨਾਂ ਦੇ ਸ਼ੁਭਚਿੰਤਕ ਨੇਂ, ਪਰ ਅਸਲ ਚ ਪ੍ਰਧਾਨ ਜੀ ਦੀ ਅਸਲ ਹੈਸੀਅਤ, ਇਹਨਾਂ ਲਈ, ਸੋਨੇ ਦੇ ਆਂਡੇ ਦੇਣ ਵਾਲੀ ਇਕ ਮੁਰਗੀ ਤੋਂ ਵੱਧ ਨਹੀਂ ਹੁੰਦੀ। ਹਾਲਾਂਕਿ ਕੁਝ ਕੁ ਪ੍ਰਧਾਨ ਜੀ ਹੁਰਾਂ ਦੇ ਕੰਮ ਸੂਤਰ ਵੀ ਆਏ ਨੇ ਤੇ ਰੋਲ-ਗਿਦੋਲ ਚ ਉਹਨਾਂ ਵੱਡੀਆਂ ਪ੍ਰਾਪਤੀਆਂ ਵੀ ਹਾਸਲ ਕੀਤੀਆਂ ਨੇਂ ਪਰ ਉਹਨਾਂ ਦੀ ਗਿਣਤੀ, ਉਂਗਲਾਂ ਤੇ ਵੀ ਕੀਤੀ ਜਾ ਸਕਦੀ ਏ। ਤੁਹਾਡੇ ਪਿੰਡਾਂ, ਸ਼ਹਿਰਾਂ ਚ, ਕੱਪੜਿਆਂ ਵਾਂਗ ਆਪਣੀ ਲੋੜ ਅਨੁਸਾਰ ਨਿੱਤ ਪਾਰਟੀਆਂ ਬਦਲਣ ਵਾਲੇ, ਵੱਡੇ-ਵੱਡੇ ਹੋਰਡਿੰਗਸ ਤੇ ਲੋਕਲ ਅਖਬਾਰਾਂ ਚ ਆਪਣੀ ਚਿੱਟੇ ਕੁੜਤੇ-ਪਜਾਮੇ ਵਾਲੀਆਂ ਸ਼ਾਨਦਾਰ ਤਸਵੀਰਾਂ ਰਾਹੀਂ, ਤੁਹਾਨੂੰ ਹਰੇਕ ਵਾਰ-ਤਿਓਹਾਰ ਦੀਆਂ ਵਧਾਈਆਂ ਦੇ ਕੇ, ਐਮ ਐਲ ਏ ਦੀਆਂ ਟਿਕਟਾਂ ਪੱਕੀਆਂ ਕਰਨ, ਜਾਂ ਮੰਤਰੀ ਸਾਬ੍ਹ ਦੇ ਦਿਲ ਚ ਥਾਂ ਬਣਾਉਣ ਦੇ ਇਛੁੱਕ ਲੋਕ, ਆਮ ਨ੍ਹੀਂ ਹੁੰਦੇ, ਪ੍ਰਧਾਨ ਜੀ ਹੁੰਦੇ ਨੇਂ। ਇਹ ਵੀ ਤਾਂ ਸੱਚ ਏ ਕਿ, ਪੰਜਾਬ ਦੇ ਇੰਨਾਂ ਪ੍ਰਧਾਨ ਜੀ ਹੁਰਾਂ ਦੇ ਸਿਰ ਤੇ ਈ, ਕਿੰਨੇ ਈ ਲੋਕਾਂ ਦਾ ਰੁਜ਼ਗਾਰ ਚੱਲਦਾ ਏ, ਹਾਲਾਂਕਿ ਜਿਆਦਾਤਰ ਪ੍ਰਧਾਨ ਜੀ ਹੁਰੀਂ ਆਪ ਬੇਰੁਜ਼ਗਾਰ ਈ ਹੁੰਦੇ ਨੇਂ, ਪਰ ਪ੍ਰਧਾਨ ਜੀ ਹੁਰੀਂ, ਹਰੇਕ ਥਾਂ ਤੇ ਵੀ ਆਈ ਪੀ ਟ੍ਰੀਟਮੈਂਟ ਲੈਣ ਦੀ ਤਾਂਘ ਚ ਈ ਰਹਿੰਦੇ ਨੇਂ। ਕਈ ਸਾਲ ਪਹਿਲਾਂ, ਮੇਰੀ ਵੋਟ ਬਣਾਉਣ ਦੀ ਬੀ ਐਲ ਓ ਡਿਊਟੀ ਦੌਰਾਨ, ਵੋਟ ਬਣਵਾਉਣ ਆਏ ਚਾਰ ਕੁ ਲੋਕਾਂ ਨੂੰ, ਮੈਂ ਲੋੜੀਂਦੇ ਸਬੂਤਾਂ ਸੰਬੰਧੀ ਕਾਗਜਾਤ ਲੈ ਕੇ ਆਉਣ ਲਈ ਆਖ ਦਿੱਤਾ ਪਰ ਉਹ ਮਹਾਂਪੁਰਸ਼ ਕਾਗਜਾਤ ਦੀ ਥਾਂ ਤੇ ਇਕ @ਪ੍ਰਧਾਨ ਜੀ@ ਨੂੰ ਨਾਲ ਲੈ ਆਏ, ਸਕੂਲ ਦੇ ਗੇਟ ਤੋਂ ਈ ਗਰਮ ਪ੍ਰਧਾਨ ਜੀ ਦੇ ਸ਼ਬਦ ਮੇਰੇ ਕੰਨਾਂ ਚ ਪੈ ਗਏ, ÷ਲੈ ਆਪਣੇ ਬੰਦਿਆਂ ਦੀ ਵੋਟ ਨ੍ਹੀਂ ਬਣਾਂਵਦਾ, ਮੈਂ ਐਮ ਅਲ ਨੂੰ ਆਖ, ਪਠਾਨਕੋਟ ਧੱਕ ਦੇਣਾ ਏ, ਇੰਨੂੰ÷। ਪਰ ਮੈਨੂੰ ਪਤਾ ਸੀ, ਕਿੱਥੋਂ ਵੱਢਿਆਂ, ਖੂਨ ਨ੍ਹੀਂ ਆਉਣਾ,। ਮੈਂ ਕੋਲ ਆਉਂਦਿਆਂ ਈ ਕਿਹਾ,÷ਮਹਿੰਦਰ, ਕੁਰਸੀ ਲਿਆ, ਪ੍ਰਧਾਨ ਜੀ ਲਈ÷। ਇੰਨੀਂ ਭੀੜ ਚ ਸਪੈਸ਼ਲ ਕੁਰਸੀ ਮਿਲਣ ਨਾਲ, ਪ੍ਰਧਾਨ ਜੀ ਨੂੰ ਅੰਦਰੋ ਫੀਲ ਗੁਡ ਹੋਇਆ, ਨਾਲ ਦੀ ਨਾਲ ਈ ਬੋਰੋਸਿਲ ਦੇ ਡੂਢ ਸੋ ਰੁਪਈਆਂ ਆਲੇ ਕੱਚ ਦੇ ਪਾਰਦਰਸ਼ੀ ਗਿਲਾਸ ਚ ਆਇਆ ਪਾਣੀ ਪੀ, ਪ੍ਰਧਾਨ ਜੀ ਠੰਡੇ ਹੋ ਕਹਿੰਦੇ,÷ਮਾਸਟਰ ਸਾਬ੍ਹ, ਆ ਆਪਣੇ ਬੰਦੇ ਬੋਟ ਬਣਾਵਣ ਆਏ ਰਏ ਨੇਂ ਥੋਡੇ ਕੋਲ, ਰੋਲਾ ਕੀ ਏ÷ ? ਮੈਂ ਕਿਹਾ,÷ਪ੍ਰਧਾਨ ਜੀ, ਤੁਸੀਂ ਤਾਂ ਚੰਡੀਗੜ੍ਹ ਤੱਕ ਦੇ ਕੰਮਾਂ ਦੇ ਜਾਣੀ ਜਾਣ ਓ, ਅੱਜਕੱਲ੍ਹ ਸਾਰਾ ਓਨਲਾਇਨ ਸਿਸਟਮ ਏ, ਪਛਾਣ ਪੱਤਰ ਦਾ ਨੰਬਰ ਜਰੂਰੀ ਏ, ਬਸ ਓ ਫੋਟੋਕਾਪੀ ਨਾਲ ਲਾਉਣੀ ਏ, ਫਾਰਮ ਮੈਂ ਆਪੇ ਭਰ ਦਿੰਨਾ÷। ÷ਜਦੋਂ ਅਫਸਰ ਸਾਬ੍ਹ ਆਂਹਦੇ ਨੇਂ ਤਾਂ ਥੋਨੂੰ ਗੋਲੀ ਪੈਂਦੀ ਏ, ਫਟੋਸਟੇਅ ਕਰਾ ਤੇ ਲਿਆਓ, ਸਾਰਿਆਂ ਦੇ ਬੋਟ ਬਣ ਜਾਸਣ, ਮੈਂ ਬੈਠਾਂ÷ ਉਹਨਾਂ ਬੰਦਿਆਂ ਨੂੰ ਆਖਦਿਆਂ, ਸੋਨੇ ਦੀਆਂ ਦੋ ਮੁੰਦਰੀਆਂ ਤੇ ਕੜਾ ਪਾਇਆ ਹੱਥ, ਮੇਰੇ ਨਾਲ ਗਰਮਜੋਸ਼ੀ ਨਾਲ ਮਿਲਾਉਂਦਿਆਂ ਪ੍ਰਧਾਨ ਜੀ ਨੇਂ ਖੁਸ਼ੀ-ਖੁਸ਼ੀ ਵਿਦਾਇਗੀ ਲਈ।

ਕੁਝ ਕੁ ਵਿਸ਼ੇਸ਼ ਪ੍ਰਧਾਨ ਜੀ , ਦਲਾਲ ਵੀ ਹੁੰਦੇ ਨੇਂ, ਮੱਝਾਂ-ਗਾਵਾਂ ਜਾਂ ਕਾਰਾਂ-ਟਰੈਕਟਰਾਂ ਦੇ ਨ੍ਹੀਂ, ਇਹ ਦਲਾਲੀ ਕਰਦੇ ਨੇਂ ਆਪਸੀ ਝਗੜਿਆਂ ਜਾਂ ਵਿਵਾਦਾਂ ਦੇ ਨਿਪਟਾਰੇ ਦੀ, ਨੌਕਰੀਆਂ ਦਿਵਾਉਣ ਜਾਂ ਬਦਲੀਆਂ ਕਰਵਾਉਣ ਦੀ, ਸਰਕਾਰੀ ਠੇਕਿਆਂ ਆਦਿ ਦੀ ਇਹਨਾਂ ਦੇ ਕਾਲੇ ਕੰਮਾਂ ਦੀ ਲਿਸਟ ਬਹੁਤ ਲੰਮੀ ਏ। ਇਸ ਕਿਸਮ ਦੇ ਪ੍ਰਧਾਨ ਜੀ ਹੁਰਾਂ ਨੇਂ, ਆਮ ਲੋਕਾਂ ਦੇ ਸੁਪਨਿਆਂ ਦਾ ਕਤਲ ਕਰਦਿਆਂ, ਭ੍ਰਿਸ਼ਟਚਾਰ ਦੇ ਬੂਟੇ ਨੂੰ, ਆਪਣੀਆਂ ਕਾਲੀਆਂ-ਕਰਤੂਤਾਂ ਦੀ ਯੂਰੀਆ ਦਾ ਛਿੱਟਾ ਲਗਾਤਾਰ ਦੇ-ਦੇ ਕੇ, ਵੱਡਾ ਦਰਖਤ ਬਣਾ ਦਿੱਤਾ ਏ। ਕੁਝ ਕੁ ਪ੍ਰਧਾਨਾਂ ਦਾ ਕੰਮ ਹੁੰਦਾ ਏ, ਆਪਣੇ ਪਿੰਡ-ਸ਼ਹਿਰ ਚ ਹਰ ਸਮੇਂ ਤਨਾਅਪੂਰਨ ਮਾਹੌਲ ਰੱਖਣ ਦਾ, ਇਹ ਸਿਰਫ ਵਿਰੋਧ ਲਈ ਵਿਰੋਧ ਕਰਨ ਤੇ ਆਪਣੀ ਹਾਜ਼ਰੀ ਦਿਖਾਉਣ ਹਿੱਤ ਈ, ਪਿੰਡ-ਸ਼ਹਿਰ ਦੇ ਭਲੇ ਦਾ, ਕੋਈ ਵੀ ਕੰਮ ਨ੍ਹੀਂ ਹੋਣ ਦਿੰਦੇ, ਪਰ ਜਦੋਂ ਇੰਨਾਂ ਨਾਲ ਸੈਟਿੰਗ ਹੋ ਜਾਂਦੀ ਏ ਤਾਂ ਬੇਸ਼ਰਮੀ ਨਾਲ ਉਸੇ ਕੰਮ ਦੀ ਤਰੀਫ ਸਰਵਜਨਕ ਤੌਰ ਤੇ ਕਰਨ ਲੱਗ ਜਾਂਦੇ ਨੇਂ, ਜਿਸਦੇ ਖਿਲਾਫ ਇੰਨਾਂ ਧਰਨਾ ਤੀਕ ਲਾਇਆ ਹੁੰਦਾ ਏ। ਕਈ ਪ੍ਰਧਾਨ ਜੀ, ਪ੍ਰਤਿਭਾਵਾਨ ਲੋਕਾਂ ਨੂੰ ਪਿੱਛੇ ਧੱਕ, ਕਿਸੇ ਹੋਰ ਦੀ ਮਿਹਨਤ ਦਾ ਸੇਹਰਾ ਆਪਣੇ ਸਿਰ ਬੰਨ੍ਹਣ ਚ ਭੋਰਾ ਵੀ ਸ਼ਰਮ ਨ੍ਹੀਂ ਕਰਦੇ, ਉਥੇ ਹੀ ਬਹੁਤ ਸਾਰੇ ਪ੍ਰਧਾਨ ਜੀ ਹੁਰਾਂ ਨੇ ਆਪਣੇ ਪਿਓ-ਦਾਦਿਆਂ ਦੀਆਂ ਮਿਹਨਤਾਂ ਨਾਲ ਬਣਾਈਆਂ ਜ਼ਮੀਨਾਂ- ਜਾਇਦਾਦਾਂ, ਸਿਰਫ ਫੋਕੀ ਚੌਧਰ ਲਈ, ਪਾਰਟੀਆਂ ਦੀਆਂ ਟਿਕਟਾਂ ਪ੍ਰਾਪਤ ਕਰਨ ਜਾਂ ਸਰਪੰਚੀ-ਐਮ ਐਲ ਏ ਦੀਆਂ ਚੋਣਾਂ ਚ ਬਰਬਾਦ ਕੀਤੀਆਂ ਨੇਂ ਤੇ ਕਰ ਰਹੇ ਨੇਂ, ਜਿਹੜੇ ਬਜ਼ੁਰਗਾਂ ਨੇ ਠਿਆਨੀ-ਠਿਆਨੀ ਜੋੜ, ਭੁੱਖੇ-ਭਾਣੇ ਰਹਿੰਦਿਆਂ, ਸਾਰੀ ਉਮਰ ਬਲਦਾਂ ਨਾਲ ਬਲਦ ਬਣ ਖੇਤ ਬਣਾਏ, ਉਨਾਂ ਦੇ ਪੋਤੇ ਕੁਝ ਪ੍ਰਧਾਨ ਜੀ, ਫੁਕਰਾਪੰਥੀ ਚ, ਉਹਨਾਂ ਈ ਖੇਤਾਂ ਚ, ਜਦੋਂ ਪਾਣੀ ਨਾਲ ਭਰੇ ਵਾਹਣ ਚ ਤੀਹ-ਤੀਹ ਲੱਖ ਦੀਆਂ ਗੱਡੀਆਂ ਵਾੜ, ਵੀਡਿਓ ਬਣਾਉਂਦੇ ਨੇਂ ਤਾਂ ਸਿਰਫ ਗੱਡੀ ਈ ਚਿਕੜ ਨਾਲ ਨ੍ਹੀਂ ਲਿਬੜਦੀ, ਸਗੋਂ ਲਾਹਣਤਾਂ ਨਾਲ ਪ੍ਰਧਾਨ ਜੀ ਹੁਰਾਂ ਦੀ ਸ਼ਖਸੀਅਤ ਵੀ ਹਮੇਸ਼ਾਂ ਲਈ ਲਿਬੜ ਜਾਂਦੀ ਏ। ਕਈ ਪ੍ਰਧਾਨ ਜੀ ਹੋਰਾਂ ਦੇ ਵਿਸ਼ੇਸ਼ ਚਰਿੱਤਰ ਦੇ ਦਰਸ਼ਨ, ਜਿੱਥੇ ਉਨਾਂ ਦੀ ਵਾਇਰਲ ਆਡਿਓ-ਵੀਡਿਓ ਰਾਹੀਂ ਹੁੰਦੇ ਨੇਂ, ਉੱਥੇ ਈ ਕੁਝ ਕੁ ਪ੍ਰਧਾਨ ਜੀ, ਸ਼ਰੇਆਮ ਛਿੱਤਰ ਪਰੇਡ ਦੀ ਰੱਜਵੀਂ ਸੋਗਾਤ ਪ੍ਰਾਪਤ ਕਰ ਚੁੱਕੇ ਹਨ। ਮਤਲਬ ਪ੍ਰਸਤੀ ਦੇ ਇਸ ਦੌਰ ਚ, ਕੁਝ ਪ੍ਰਧਾਨ ਜੀ ਇਸ ਤਰਾਂ ਦੇ ਵੀ ਨੇਂ, ਜੋ ਲੋਕਾਂ ਦੀ ਸੇਵਾ ਲਈ ਤਨ-ਮਨ-ਧਨ ਤੋਂ ਸਮਰਪਿਤ ਨੇਂ ਪਰ ਇੰਨਾਂ ਦੀ ਗਿਣਤੀ ਬਹੁਤ ਘੱਟ ਏ, ਜਿੰਨਾਂ ਦਾ ਉਦੇਸ਼ ਸਿਰਫ ਮਨੁੱਖਤਾ ਤੇ ਲੋਕ ਭਲਾਈ ਈ ਹੁੰਦਾ ਏ, ਪਰ ਆਮ ਲੋਕ, ਰਾਜਨੀਤਕ ਦਲ ਤੇ ਸੰਸਥਾਵਾਂ ਵੀ, ਇੰਨਾਂ ਪ੍ਰਧਾਨਾਂ ਨੂੰ ਖਾਸ ਤਵੱਜੋਂ ਨ੍ਹੀਂ ਦਿੰਦੀਆਂ ਕਿਉਂਕਿ ਇਹਨਾਂ ਦੀ ਇਮਾਨਦਾਰੀ ਤੇ ਨੈਤਿਕਤਾ ਕਾਰਨ, ਇਹ ਕਿਸੇ ਦੇ ਵੀ ਖਾਂਚੇ ਚ ਫਿੱਟ ਨਹੀਂ ਬੈਠਦੇ। ਸਾਡੇ ਲਈ, ਸਾਡੇ ਆਪਣੇ ਤੋਂ ਵੱਡਾ ਕੋਈ ਹੋਰ ਜੱਜ ਨਹੀਂ ਹੁੰਦਾ, ਸਾਡੇ ਸਾਰਿਆਂ ਚ ਈ ਪ੍ਰਧਾਨ ਜੀ ਬੈਠਾ ਏ, ਕਿਸੇ ਚ ਘੱਟ ਤੇ ਕਿਸੇ ਚ ਵੱਧ ਪਰ ਕਿਹੜਾ ਇਹ ਸਿਰਫ ਅਸੀਂ ਜਾਣਦੇ ਆਂ। @ਪ੍ਰਧਾਨ ਜੀ@ ਦੀ ਨੈਤਿਕ ਉਪਾਧੀ, ਜੋ ਹੌਲੀ-ਹੌਲੀ ਮਜ਼ਾਕ ਦਾ ਪਾਤਰ ਬਣਦੀ ਜਾ ਰਹੀ ਏ, ਇਸ ਸ਼ਬਦ ਦੀ ਮਰਿਆਦਾ ਤੇ ਨੈਤਿਕਤਾ ਨੂੰ ਕਾਇਮ ਰੱਖਣ ਦੀ ਜਿੰਮੇਵਾਰੀ, ਸਾਡੀ ਸਾਰਿਆਂ ਦੀ ਹੀ ਹੈ, ਸੋ ਆਓ ਆਪਾਂ ਸਾਰੇ ਈ ਫੁਕਰਾਪੰਥੀ ਤੋਂ ਬਚਦਿਆਂ, ਨੈਤਿਕਤਾ ਦਾ ਪਾਲਣ ਕਰਨ ਦਾ ਪ੍ਰਣ ਲਈਏ।

**ਅਸ਼ੋਕ ਸੋਨੀ, ਕਾਲਮ ਨਵੀਸ**
**ਖੂਈ ਖੇੜਾ, ਫਾਜ਼ਿਲਕਾ**
9872705078

# ਪੱਕੀ ਨੌਕਰੀ

ਜੀਤੋ ਦਰਵਾਜੇ ਚ ਬੈਠੀ ਪੋਤੇ ਨੂੰ ਲੋਰੀਆਂ ਸੁਣਾ ਰਹੀ ਸੀ । ਲਾਈਟ ਨਾ ਹੋਣ ਕਰਕੇ ਉਹ ਦਰਵਾਜੇ ਚ ਆ ਬੈਠੀ । ਕੋਲੋਂ ਲੰਘਦੀ ਬੰਤੋ ਨੇ ਜੀਤੋ ਨੂੰ ਵੇਖ ਟਿੱਚਰ ਕਰਦਿਆਂ ਕਿਹਾ " ਕਰੀਂ ਜਾਂਦੀ ਐ ਭੈਣੇ ਪੱਕੀ ਨੌਕਰੀ "

" ਹਾਂ , ਭੈਣੇ ਜੇ ਨੌਕਰੀ ਕਰਾਂਗੇ ਤਾਂ ਹੀ ਰੋਟੀ ਮਿਲੂ, ਵਿਹਲਿਆਂ ਨੂੰ ਕੌਣ ਦਿੰਦਾ।" ਜੀਤੋ ਨੇ ਜਵਾਬ ਦਿੱਤਾ।

" ਭੈਣੇ ਔਰਤ ਦੀ ਵੀ ਕੀ ਜੂਨ ਹੁੰਦੀ ਐ , ਪਹਿਲਾਂ ਪੇਕੇ ਘਰ , ਫਿਰ ਸਹੁਰੇ ਘਰ , ਫਿਰ ਬੱਚੇ ,ਤੇ ਫਿਰ ਪੋਤੇ ਦੋਹਤੇ ਨੂੰ ਪਾਲਣ ਪੋਸਣ ਚ ਹੀ ਲੰਘ ਜਾਂਦਾ ਐ। ਨੇ ਮੰਜੇ ਤੇ ਬੈਠਦਿਆਂ ਕਿਹਾ।

" ਗੱਲ ਤਾਂ ਤੇਰੀ ਪੱਕੀ ਐ ਭੈਣੇ , ਪੇਕੇ ਘਰ ਤਾਂ ਕੁਆਰੇ ਹੁੰਦੇ ਬਹੁਤ ਕੰਮ ਕੀਤਾ , ਮਾਪਿਆਂ ਨੇ ਨੌਕਰੀ ਵਾਲਾ ਮੁੰਡਾ ਲੱਭਿਆ , ਸੋਚਿਆ ਹੁਣ ਵਿਹਲੇ ਬੈਠ ਖਾਇਆ ਕਰੇਗੀ ਸਾਡੀ ਧੀ, ਪਰ ਕਰਮਾਂ ਚ ਵਿਹਲ ਕਿੱਥੇ" ਜੀਤੋ ਨੇ ਔਖਾ ਜਿਹਾ ਸਾਹ ਲਿਆ।

" ਤਿੰਨ ਤੇਰੇ ਪੁੱਤ ਨੇ ਸੁੱਖ ਨਾਲ ਅਫਸਰ ਲੱਗੇ ਨੇ , ਨੂੰਹਾਂ ਤੇ -ਧੀ ਜਵਾਈ ਵੀ ਤੇਰੇ ਨੌਕਰੀ ਕਰਦੇ ਨੇ। ਕਿਉਂ ਐਵੇਂ ਦੁੱਖੀ ਜੀ ਹੋਈ ਜਾਂਦੀ ਐਂ।" ਬੰਤੋ ਨੇ ਜੀਤੋ ਦਾ ਮਨ ਹੌਲਾ ਕਰਨ ਲਈ ਹੋਂਸਲਾ ਜਿਹਾ ਦਿੱਤਾ।

" ਭੈਣੇ ਮਾਪਿਆਂ ਨੇ ਤਾਂ ਨੌਕਰੀ ਵਾਲਾ ਮੁੰਡਾ ਹੀ ਲੱਭਿਆ ਸੀ , ਪਰ ਸਰਕਾਰ ਤਿੰਨ ਤਿੰਨ ਮਹੀਨੇ ਤਨਖਾਹਾਂ ਨਹੀਂ ਦਿੰਦੀ , ਘਰ ਦਾ ਖਰਚਾ ਚਲਾਉਣ ਲਈ ਮੱਝਾਂ ਰੱਖੀਆਂ, ਦੁੱਧ ਘਿਓ ਵੇਚ ਵੇਚ ਬੱਚਿਆਂ ਦੀਆਂ ਫੀਸਾਂ ਭਰਨੀਆਂ, ਪੁੱਛ ਨਾ ਘਰਵਾਲੇ ਦੀ ਪੱਕੀ ਨੌਕਰੀ ਕਾਹਦੀ , ਪੱਕੀ ਨੌਕਰੀ ਤਾਂ ਮੇਰੀ ਸੀ ਜੋ ਸਵੇਰੇ ਹੀ ਗੁਰਦੁਆਰੇ ਦੇ ਭਾਈ ਜੀ ਦੇ ਬੋਲ ਸੁਣ ਉਠ ਪੈਣਾ ਤੇ ਰਾਤ ਤੱਕ ਗੋਹੇ ਕੂੜੇ ਚ ਲੱਗੇ ਰਹਿਣਾ।"

" ਭੈਣੇ ਛੱਡ ਪਿਛਲੇ ਦੁੱਖ , ਖੁਸ ਰਿਹਾ ਕਰ ਹੁਣ ਤਾਂ ਤੇਰੇ ਵੀ ਪੁੱਤ ਪੈਸਿਆਂ ਵਾਲੇ ਹੋ ਗਏ ਨੇ"।

" ਬੰਤੋ ਕੀ ਦੱਸਾਂ ਤੈਨੂੰ ? ਹੋ ਤਾਂ ਕੰਮਾਂ ਕਾਰਾਂ, ਕੋਠੀਆਂ ਵਾਲੇ ਗਏ ਨੇ ਪਰ ਆਪਣੇ ਸਮਿਆਂ ਵਾਲਾ ਪਿਆਰ ਖਤਮ ਹੋ ਗਿਆ, ਇਕ ਘਰ ਚ ਹੀ ਕਈ ਪਰਿਵਾਰਾਂ ਨੇ ਨਿਭਾ ਕਰ ਲੈਣਾ। " ਜੀਤੋ ਨੇ ਕਿਹਾ।

" ਛੱਡ ਭੈਣੇ ਹੁਣ ਨੀ ਇੱਕਠੇ ਰਹਿੰਦੇ, ਚਾਹੇ ਇੱਕ ਐ, ਚਾਹੇ ਦੋ ਆ, ਘਰ ਘਰ ਏਹੋ ਰੀਤ ਚੱਲ ਪਈ ਐ" ਬੰਤੋ ਨੇ ਜੀਤੀ ਦਾ ਮਨ ਹੌਲਾ ਕਰਨਾ ਚਾਹਿਆ।

" ਪਹਿਲਾਂ ਤਾਂ ਸਰਦਾਰ ਜੀ ਕਈ ਸਾਲ ਬਿਮਾਰੀ ਨਾਲ ਲੜਦੇ ਰਹੇ, ਫਿਰ ਉਹਨਾਂ ਦੇ ਜਾਣ ਮਗਰੋਂ ਤਿੰਨੋਂ ਪੁੱਤ ਅੱਡ ਅੱਡ ਹੋ ਗਏ, ਧੀਆਂ-ਪੁੱਤਰਾਂ ਵਾਲੇ ਹੋ ਗਏ ਪਰ ਇਹਨਾਂ ਦੇ ਆਪਸੀ ਕਲੇਸ ਤੇ ਪੈਸੇ ਦੇ ਮੋਹ ਨੇ ਮੈਨੂੰ ਹੋਰ ਔਖਾ ਕਰ ਦਿੱਤਾ। ਜੇ ਕਿਸੇ ਇੱਕ ਦੇ ਘਰ ਕੁੱਝ ਟਾਈਮ ਵੱਧ ਰੁੱਕ ਜਾਵਾਂ ਤਾਂ ਜਿਵੇਂ ਅਫਸਰ ਆਪਣੇ ਮੁਲਜਮਾਂ ਨੂੰ ਲੇਟ ਆਏ ਤੋਂ ਝਿੜਕਦਾ ਇੰਝ ਝਿੜਕਦੇ ਨੇ।" ਜੀਤੋ ਦੀਆਂ ਵਿੱਚ ਹੰਝੂ ਆ ਗਏ।

"ਭੈਣੇ ਜਿੰਨਾ ਦੇ ਧੀ ਪੁੱਤ ਨਹੀਂ ਉਹ ਵੀ ਪੁੱਤ ਬਿਨਾਂ ਦੁੱਖੀ ਨੇ ਤੇ ਜਿੰਨਾ ਦੇ ਹਨ ਉਹ ਉਹਨਾਂ ਦੇ ਕਲੇਸ ਤੋਂ ਦੁਖੀ ਨੇ।

" ਨਾਨਕ ਦੁਖੀਆ ਸਭ ਸੰਸਾਰ" ਇਹ ਪੱਕੀ ਨੌਕਰੀ ਤਾਂ ਹੁਣ ਸਿਵਿਆਂ ਤੱਕ ਹੀ ਕਰਨੀ ਪਵੇਗੀ "। ਜੀਤੋ ਦੀਆਂ ਅੱਖਾਂ ਵਿਚ ਪਾਣੀ ਭਰਿਆ ਵੇਖ ਬੰਤੀ ਨੇ ਕਿਹਾ।

" ਗੱਲ ਤਾਂ ਤੇਰੀ ਠੀਕ ਐ ਭੈਣੇ , ਕਰਨੀ ਹੀ ਪੈਣੀ ਐ , ਚਾਹੇ ਕੱਚੀ ਹੋਵੇ ਚਾਹੇ ਪੱਕੀ ਐ ਇਹ ਤਾਂ ਸਿਵਿਆਂ ਤੱਕ ਹੀ ਕਰਨੀ ਪੈਣੀ ਹੈ।" ਜੀਤੋ ਇਨ੍ਹਾਂ ਕਹਿੰਦੀ ਹੋਈ ਅੱਖਾਂ ਚੋ ਹੰਝੂ ਪੂੰਝਦੀ ਹੋਈ ਸੋਚਾਂ ਚ ਗਵਾਚ ਗਈ।

ਐਨੇ ਨੂੰ ਉਸ ਦੀ ਨੂੰਹ ਘਰ ਆ ਜਾਂਦੀ ਹੈ ਤੇ ਜੀਤੋ ਪੋਤੇ ਨੂੰ ਫੜਾ ਦੂਜੇ ਮੁੰਡੇ ਦੇ ਘਰ ਵੱਲ ਤੁਰ ਪੈਂਦੀ ਹੈ।ਅੱਜ ਇਹੋ ਹਾਲ ਕੱਲੇ ਜੀਤੋ ਤੇ ਬੰਤੋ ਦੇ ਨਹੀਂ,ਪੂਰੀ ਦੁਨੀਆਂ ਜੀਤੋ ਤੇ ਬੰਤੋ ਵਾਲੇ ਦੁੱਖ ਸਹਿ ਰਹੀ ਹੈ।ਇਸ ਮੋਹ ਮਾਇਆ ਨੇ ਦੁਨੀਆ ਦੀ ਸਾਂਝ ਨੂੰ ਖਤਮ ਕਰ ਦਿੱਤਾ ਹੈ।

**ਅਸਿ. ਪ੍ਰੋਫੈਸਰ ਗੁਰਮੀਤ ਸਿੰਘ**
**ਸਰਕਾਰੀ ਕਾਲਜ ਮਾਲੇਰਕੋਟਲਾ**
94175-45100

# ਹਾਸ਼ਮ ਫਤਿਹ ਨਸੀਬ ਤਿਨ੍ਹਾਂ ਨੂੰ, ਜਿਨ੍ਹਾਂ ਹਿੰਮਤ ਯਾਰ ਬਣਾਈ

ਪਿਆਰੇ ਬੱਚਿਓ! ਹਿੰਮਤ ਕਹਿਣ ਨੂੰ ਤਾਂ ਇੱਕ ਛੋਟਾ ਜਿਹਾ ਸ਼ਬਦ ਹੈ ਪਰ ਜੋ ਵਿਅਕਤੀ ਹਿੰਮਤ ਕਰ ਲੈਂਦਾ ਹੈ, ਉਹ ਜ਼ਿੰਦਗੀ ਵਿੱਚ ਭਾਵੇਂ ਕੋਈ ਵੀ ਔਖੀ ਤੋਂ ਔਖੀ ਮੰਜ਼ਿਲ ਹੋਵੇ ਉਸ ਉੱਪਰ ਫਤਿਹ ਪ੍ਰਾਪਤ ਕਰ ਹੀ ਲੈਂਦਾ ਹੈ।

ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜੋ ਖੁਦ ਮਿਹਨਤ ਨਹੀਂ ਕਰਦੇ ਜਾਂ ਹਿੰਮਤ ਨਹੀਂ ਕਰਦੇ ਕੁਝ ਕਰਨ ਦੀ ਅਤੇ ਇਹ ਕਹਿ ਕੇ ਪਿੱਛੇ ਹੱਟ ਜਾਂਦੇ ਹਨ ਕਿ ਮੇਰੇ ਤੋਂ ਤਾਂ ਇਹ ਕੰਮ ਹੋ ਹੀ ਨਹੀਂ ਸਕਦਾ, ਮੇਰੇ ਕੋਲ ਪੈਸਿਆਂ ਦੀ ਘਾਟ ਹੈ, ਮੈਂ ਕਿੱਥੇ ਪੜ੍ਹ ਸਕਦਾ ਹਾਂ, ਦੂਜੇ ਤਾਂ ਪ੍ਰਾਈਵੇਟ ਸਕੂਲ ਵਿੱਚ ਪੜ੍ਹਦੇ ਹਨ ਮੇਰਾ ਉਹਨਾਂ ਨਾਲ ਮੁਕਾਬਲਾ ਕਿੱਥੇ ?

ਅਜਿਹੇ ਵਿਦਿਆਰਥੀ ਦੂਜਿਆਂ ਬਾਰੇ ਕਹਿੰਦੇ ਹਨ ਕਿ ਉਸਦਾ ਤਾਂ ਦਿਮਾਗ ਹੀ ਤੇਜ਼ ਚਲਦਾ, ਮੈਂ ਉਸ ਨੂੰ ਕਿਵੇਂ ਪਿੱਛੇ ਛੱਡ ਸਕਦਾ ਹਾਂ, ਪ੍ਰੰਤੂ ਇਹ ਸਾਰੇ ਤਰਕ ਜਾਂ ਦਲੀਲਾਂ ਬੇ ਬੁਨਿਆਦ ਹਨ।

ਹਰ ਕੰਮ ਕਰਨ ਲਈ ਪਹਿਲਾਂ ਕੋਸ਼ਿਸ਼ ਕਰਨੀ ਪੈਂਦੀ ਹੈ, ਗਿਆਨ ਜਾਂ ਸਫਲਤਾ ਅਜਿਹੀ ਚੀਜ਼ ਨਹੀਂ ਜਿਸ ਨੂੰ ਪੈਸੇ ਨਾਲ ਖਰੀਦਿਆ ਜਾ ਸਕੇ।ਇਸ ਲਈ ਆਪਣੇ ਘਰ ਦੀ ਗ਼ਰੀਬੀ ਨੂੰ ਆਪਣੀ ਅਸਫ਼ਲਤਾ ਦਾ ਕਾਰਨ ਦੱਸਣਾ ਫਜ਼ੂਲ ਹੈ।

ਜੇਕਰ ਅਸੀਂ ਗੱਲ ਕਰੀਏ ਬੁੱਧੀ ਦੀ ਤਾਂ ਪਰਮਾਤਮਾ ਨੇ ਸਭ ਨੂੰ ਦਿਮਾਗ ਦਿੱਤਾ ਹੈ ਕੋਈ ਇਸਦੀ ਸੁਚੱਜੀ ਵਰਤੋਂ ਕਰਕੇ ਮੰਜ਼ਿਲਾਂ ਸਰ ਕਰ ਲੈਂਦਾ ਹੈ ਤੇ ਕੋਈ ਆਪਣੀ ਕਿਸਮਤ ਜਾਂ ਨਸੀਬਾਂ ਨੂੰ ਕੋਸਦਾ ਰਹਿੰਦਾ ਹੈ ਤੇ ਆਪਣਾ ਸਾਰਾ ਦਿਮਾਗ ਸ਼ਰਾਰਤਾਂ ਕਰਨ ਜਾਂ ਦੂਜਿਆਂ ਵਿੱਚ ਨੁਕਸ ਲੱਭਣ ਵਿੱਚ ਲਗਾ ਦਿੰਦਾ ਹੈ। ਸਾਡੇ ਸਾਹਮਣੇ ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਹਨ ਜਿਹੜੇ ਲੋਕਾਂ ਨੇ ਕਦੇ ਵੀ ਆਪਣੀ ਗ਼ਰੀਬੀ ਆਪਣੀ ਸਰੀਰਕ ਜਾਂ ਦਿਮਾਗ਼ੀ ਕਮਜ਼ੋਰੀ ਨੂੰ ਆਪਣੀ ਸਫਲਤਾ ਦੇ ਰਸਤੇ ਵਿੱਚ ਰੁਕਾਵਟ ਨਹੀਂ ਬਣਨ ਦਿੱਤਾ।

ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਜ਼ਰੂਰੀ ਹੈ ਦੱਬ ਕੇ ਮਿਹਨਤ ਕਰਨ ਅਤੇ ਦ੍ਰਿੜ੍ਹ ਇਰਾਦਾ ਰੱਖਣ ਦੀ। ਠੀਕ ਹੀ ਕਿਹਾ ਗਿਆ ਹੈ ਕਿ:-

ਔਖੀ ਗੱਲ ਨਾ ਕੋਈ ਜਹਾਨ ਉੱਤੇ,
ਪਰ ਕਰਨਾ ਸਦਾ ਆਰੰਭ ਔਖਾ।
ਹੋਵੇ ਹੌਸਲਾ ਤਾਂ ਚੁੱਕ ਪਹਾੜ ਦੇਈਏ,
ਬਿਨਾਂ ਹੌਸਲੇ ਚੁੱਕਣਾ ਖੰਭ ਔਖਾ।

ਸੋ ਪਿਆਰੇ ਵਿਦਿਆਰਥੀਓ ਹੌਸਲਾ ਰੱਖੋ, ਕੁਝ ਕਰਨੇ ਦਿਖਾਉਣ ਦਾ।ਜੀਅ ਜਾਨ ਲਗਾ ਕੇ ਮਿਹਨਤ ਕਰੋ। ਅਜਿਹੀ ਕੋਈ ਵੀ ਮੰਜ਼ਿਲ ਨਹੀਂ, ਜਿਸਨੂੰ ਤੁਸੀਂ ਪ੍ਰਾਪਤ ਨਾ ਕਰ ਸਕੋ।ਸੋਚ ਕੇ ਦੇਖੋ ਕਿ ਚੰਨ ਤੇ ਪੈਰ ਰੱਖਣ ਵਾਲਾ ਐਵਰੈਸਟ ਦੀ ਚੋਟੀ ਨੂੰ ਸਰ ਕਰਨ ਵਾਲਾ ਵੀ ਤਾਂ ਸਾਡੇ ਵਰਗਾ ਇਨਸਾਨ ਹੀ ਸੀ।

**ਹਰਦੀਪ ਕੌਰ ਛਾਜਲੀ**
ਮੋ. 8427360033

# ਪੜ੍ਹ ਲਿਖ ਕੇ ਵੀ ਅਸੀਂ ਅਨਪੜ੍ਹ ਕਿਉਂ ਰਹਿ ਜਾਂਦੇ ਹਾਂ...

ਮੌਜ਼ੂਦਾ ਯੁੱਗ ਵਿਗਿਆਨ ਦਾ ਯੁੱਗ ਹੈ। ਇਸ ਯੁੱਗ ਵਿੱਚ ਮਨੁੱਖ ਬਹੁਤ ਅੱਗੇ ਵੱਧ ਰਿਹਾ ਹੈ। ਪੜ੍ਹਾਈ ਦਾ ਖੇਤਰ ਵਿਸ਼ਾਲ ਹੋ ਰਿਹਾ ਹੈ। ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ। ਲੋਕ ਨਵੇਂ ਨਵੇਂ ਢੰਗ ਅਪਣਾ ਰਹੇ ਹਨ। ਨਵੀਆਂ ਨਵੀਆਂ ਮਸ਼ੀਨਾਂ ਦੀ ਵਰਤੋਂ ਹੋ ਰਹੀ ਹੈ। ਵਿਸ਼ਵੀਕਰਣ ਹੋ ਗਿਆ ਹੈ। ਸੰਸਾਰ ਇੱਕ ਹੋ ਰਿਹਾ ਹੈ, ਦੂਰੀਆਂ ਘੱਟ ਰਹੀਆਂ ਹਨ।

ਇਸਦੇ ਨਾਲ ਲੋਕਾਂ ਦੀ ਸੋਚ ਵੀ ਵਿਸ਼ਾਲ ਹੋ ਰਹੀ ਹੈ। ਹਰ ਗੱਲ ਦੇ ਪਿੱਛੇ ਤਰਕ ਲੱਭਿਆ ਜਾਣ ਲੱਗਾ ਹੈ।

ਪਰ ਸਾਡੇ ਭਾਰਤ ਵਿੱਚ ਹਜ਼ੇ ਵੀ ਲੋਕਾਂ ਦੀ ਸੋਚ ਚੰਗੀ ਤਰ੍ਹਾਂ ਵਿਕਸਿਤ ਨਹੀਂ ਹੋਈ ਹੈ। ਬਹੁਤ ਸਾਰੇ ਲੋਕ ਹਜ਼ੇ ਵੀ ਗ੍ਰਹਿ ਪੁੱਛ ਕੇ ਤੇ ਸ਼ਗਨ- ਅਪਸ਼ਗਨ ਦੇਖ ਕੇ ਕੰਮ ਕਰਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕ ਮੱਥੇ ਟੇਕਣ ਤੇ ਅੰਨ੍ਹੇਵਾਹ ਸਮਾਂ ਖ਼ਰਾਬ ਕਰਦੇ ਹਨ।

ਮੇਰੇ ਕਹਿਣ ਦਾ ਭਾਵ ਇਹ ਨਹੀਂ ਹੈ ਕਿ ਸ਼ਰਧਾ ਨਾ ਰੱਖੋ। ਜਿਸ ਸਰਬ ਉੱਚ ਸ਼ਕਤੀ ਨੇ ਸਾਨੂੰ ਬਣਾਇਆ ਹੈ, ਇਸ ਪੂਰੀ ਕਾਇਨਾਤ ਨੂੰ ਸਿਰਜਿਆ ਹੈ,ਉਸਨੂੰ ਮੰਨਣਾ ਬਹੁਤ ਜ਼ਰੂਰੀ ਹੈ। ਪਰ ਸ਼ਰਧਾ ਤੇ ਅੰਧਸ਼ਰਧਾ ਵਿੱਚ ਫ਼ਰਕ ਹੁੰਦਾ ਹੈ। ਪਰਮਾਤਮਾ ਨੂੰ ਮੰਨਣ ਲਈ ਪੰਖਡ ਦੀ ਜ਼ਰੂਰਤ ਨਹੀਂ ਹੈ।ਅਸੀਂ ਉਸ ਪਰਮਾਤਮਾ ਨੂੰ ਹੀ ਚੜ੍ਹਾਵੇ ਚੜਾਉਂਦੇ ਹਾਂ। ਸੋਚਣ ਵਾਲੀ ਗੱਲ ਹੈ ਕਿ ਜਿਸ ਪਰਮ ਸ਼ਕਤੀ ਨੇ ਐਡੀ ਵੱਡੀ ਸ੍ਰਿਸ਼ਟੀ ਦੀ ਉੱਤਪਤੀ ਕੀਤੀ ਉਹਨੂੰ ਅਸੀਂ ਕੀ ਦੇ ਸਕਦੇ ਹਾਂ ? ਕੀ ਉਸਨੇ ਸਾਨੂੰ ਕੁੱਝ ਦੇਣ ਯੋਗ ਬਣਾਇਆ ਹੈ ? ਅਸੀਂ ਤਾਂ ਉਸਦੇ ਦਰ ਤੇ ਮੰਗਤੇ ਹਾਂ ਫੇਰ ਪਤਾ ਨਹੀਂ ਕਿਵੇਂ ਅਸੀਂ ਦਾਤੇ ਬਣੀ ਫਿਰਦੇ ਹਾਂ!

ਅਸੀਂ ਪੰਡਤਾਂ ਕੋਲ਼ ਜਾ ਕੇ ਗ੍ਰਹਿ ਪੁੱਛਦੇ ਹਾਂ। ਫ਼ੇਰ ਉਹਨਾਂ ਗ੍ਰਹਿਆਂ ਦਾ ਆਪਣੇ ਜੀਵਨ ਤੇ ਅਸਰ ਘੱਟ ਕਰਨ ਬਾਰੇ ਉਪਾਅ ਪੁੱਛਦੇ ਹਾਂ। ਕਮਾਲ ਦੀ ਗੱਲ ਹੈ ਕਿ ਜੇਕਰ ਪਰਮਾਤਮਾ ਨੇ ਗ੍ਰਹਿ ਬਣਾਏ ਹਨ ਤਾਂ ਅਸੀਂ ਕਿਵੇਂ ਉਹਨਾਂ ਦਾ ਅਸਰ ਘੱਟ ਵੱਧ ਕਰ ਸੱਕਦੇ ਹਾਂ। ਇਹ ਸੱਭ ਕੁਦਰਤੀ ਤੌਰ ਤੇ ਪਹਿਲਾਂ ਹੀ ਤੈਅ ਹੈ, ਸਾਡੀ ਐਨੀ ਔਕਾਤ ਹੀ ਨਹੀਂ ਕਿ ਅਸੀਂ ਇਸ ਸੱਭ ਨੂੰ ਬਦਲ ਸਕੀਏ। ਫਿਰ ਕਿਉਂ ਆਪਾਂ ਥਾਂ ਥਾਂ ਜਾ ਕੇ ਮੱਥੇ ਘਸਾਂਦੇ ਹਾਂ। ਰੱਬ ਨੂੰ ਮੰਨਣ ਦਾ ਨਾਟਕ ਕਰਦੇ ਹਾਂ।

ਸਾਡੇ ਦੇਸ਼ ਵਿੱਚ ਵੱਡੇ ਵੱਡੇ ਗੁਰੂ ਪੀਰ ਹੋਏ ਹਨ ਜਿਹਨਾਂ ਨੇ ਸਾਰੀ ਜ਼ਿੰਦਗੀ ਸਾਨੂੰ ਸਹੀ ਰਾਹ ਦਿਖਾਉਣ ਵਿੱਚ ਲਗਾ ਦਿੱਤੀ। ਅਸੀਂ ਉਹਨਾਂ ਦੇ ਉਪਦੇਸ਼ ਮੰਨੇ ਨਹੀਂ। ਬੱਸ ਉਹਨਾਂ ਦੀ ਪੂਜਾ ਭਗਤੀ ਸ਼ੁਰੂ ਕਰ ਦਿੱਤੀ। ਉਹ ਜਿਹਨਾਂ ਗਲਤ ਧਾਰਨਾਵਾਂ ਦਾ ਵਿਰੋਧ ਕਰਦੇ ਰਹੇ ਅਸੀਂ ਉਹਨਾਂ ਹੀ ਗੱਲਾਂ @ਚ ਪੈ ਗਏ। ਅਸੀਂ ਉਹਨਾਂ ਗੁਰੂ ਪੀਰਾਂ ਦੇ ਨਾਂ @ਤੇ ਧਰਮ ਸਥਾਨ ਬਣਾ ਲਏ, ਉਹਨਾਂ ਦੇ ਨਾ ਤੇ ਵੰਡੀਆਂ ਪਾ ਲਈਆਂ। ਉਹਨਾਂ ਬਾਰੇ ਕਿਸੇ ਨੇ ਜੇ ਕੁੱਝ ਚੰਗਾ ਮਾੜਾ ਕਹਿ ਦਿੱਤਾ ਤਾਂ ਅਸੀਂ ਮਰਨ ਮਰਾਣ ਤੱਕ ਜਾਂਦੇ ਹਾਂ ਜਿਵੇਂ ਅਸੀਂ ਆਪਣੇ ਮੰਨੇ ਰੱਬ ਦੇ ਬਹੁਤ ਵਫ਼ਾਦਾਰ ਹੋਈਏ।

ਅਸੀਂ ਧਾਰਮਿਕ ਆਗੂਆਂ ਦੇ ਮਗਰ ਲੱਗ ਕੇ ਪਾਣੀ ਹਵਾ ਨੂੰ ਵੀ ਰੱਜ ਕੇ ਦੂਸ਼ਿਤ ਕਰ ਦਿੱਤਾ। ਕਦੇ ਪਾਣੀ ਵਿੱਚ ਨਾਰੀਅਲ ਤਾਰਦੇ ਹਾਂ ਤੇ ਕਦੇ ਹਵਾ ਵਿਚ ਧੂਫ਼ ਧੁੱਖਾਂਦੇ ਹਾਂ। ਕਿੰਨੀ ਬਰੀਕ ਬੁੱਧੀ ਦੇ ਮਾਲਕ ਹਾਂ ਅਸੀਂ।

ਬੇਸ਼ੱਕ ਅਸੀਂ ਬਹੁਤ ਪੜ੍ਹ ਲਿਖ ਗਏ ਹਾਂ, ਆਧੁਨਿਕ ਹੋ ਗਏ ਹਾਂ ਪਰ ਪਤਾ ਨਹੀਂ ਪੁਰਾਣੀ ਤੇ ਆਦਿ- ਮਾਨਵ ਵਾਲ਼ੀ ਸੋਚ ਨੂੰ ਕਦੋਂ ਛੱਡਾਂਗੇ।

ਪਰਮਾਤਮਾ ਨੂੰ ਮੰਨਣਾ ਹੈ ਤਾਂ ਉਹਦੀ ਕੁਦਰਤ ਨੂੰ ਮੰਨੋਂ। ਉਸਦੀ ਪੂਜਾ ਨਾਂ ਕਰੋ ,ਉਸਦਾ ਖਿਆਲ ਰੱਖੋ। ਉਹਨੂੰ ਸਾਫ਼ ਸੁਥਰਾ ਰੱਖੋ। ਚੰਗੇ ਕਰਮ ਕਰੋ, ਮਾਨਵ ਦਯਾ ਰੱਖੋ ਅਤੇ ਜੀਵ ਦਯਾ ਰੱਖੋ। ਸੋਹਣੇ ਕਰਮ ਕਰੋਗੇ ਤਾਂ ਸਾਇਦ ਉਸਦੀ ਡਾਇਰੀ ਵਿੱਚ ਕੁੱਝ ਚੰਗੇ ਅੱਖਰ ਉੱਕਰ ਜਾਣ ਸਾਡੇ ਲਈ। ਸੋ ਲੋੜ ਹੈ ਪੜ੍ਹ ਲਿਖ ਕੇ ਸਮਝਦਾਰ ਬਣਨ ਦੀ ਨਾ ਕਿ ਪੜ੍ਹੇ ਲਿਖੇ ਬੇਵਕੂਫ਼ ਬਣਨ ਦੀ।

**ਮਨਜੀਤ ਕੌਰ ਲੁਧਿਆਣਵੀ**,

# ਵਿਧਾਨ ਸਭਾ ਸੈਸ਼ਨ- ਨਿਰੀ ਨੌਟੰਕੀ

ਵਿਧਾਨ ਸਭਾ ਆਮ ਲੋਕਾਂ ਵੱਲੋਂ ਚੁਣ ਕੇ ਭੇਜੇ ਗਏ ਨੁਮਿੰਦਿਆਂ ਦੀ ਉਹ ਜਗ੍ਹਾ ਹੁੰਦੀ ਹੈ ਜਿਸ ਉੱਤੇ ਉਹਨਾਂ ਨੂੰ ਬਹੁਤ ਆਸਾਂ ਹੁੰਦੀਆਂ ਹਨ। ਉਹ ਇੱਕ ਰਾਜ ਦੀ ਸਰਬ ਉੱਚ ਸਭਾ ਹੁੰਦੀ ਹੈ। ਜਿੱਥੇ ਰਾਜ ਵਿਚਲੀ ਜਨਤਾ ਦੀਆਂ ਸਮੱਸਿਆਵਾਂ ਨਾਲ ਸਬੰਧਤ ਮੁੱਦਿਆਂ ਬਾਰੇ ਚਰਚਾ ਹੁੰਦੀ ਹੈ,ਮਤੇ ਪਾਸ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਲਾਗੂ ਕੀਤਾ ਜਾਂ ਕਰਵਾਇਆ ਜਾਂਦਾ ਹੈ। ਸਾਡੇ ਸੂਬੇ ਦੀ ਸੱਤਾਧਾਰੀ ਧਿਰ ਵਾਲੀ ਸਰਕਾਰ ਦੀ ਪਾਰਟੀ ਸਾਢੇ ਚਾਰ ਸਾਲ ਸੁੱਸਰੀ ਵਾਂਗ ਸੁੱਤੀ ਰਹੀ ਅਤੇ ਚੋਣਾਂ ਨੇੜੇ ਆਉਂਦੀਆਂ ਵੇਖ ਕੇ ਅਚਾਨਕ ਮੁੱਖ ਮੰਤਰੀ ਬਦਲਣ ਦੀ ਲੋੜ ਮਹਿਸੂਸ ਹੋਈ। ਸਾਡੇ ਨਵੇਂ ਮੁੱਖ ਮੰਤਰੀ ਸਾਹਿਬ ਘੱਟ ਸਮੇਂ ਵਿੱਚ ਆਮ ਜਨਤਾ ਲਈ ਕਿਹੜੀਆਂ ਕਿਹੜੀਆਂ ਨਵੀਆਂ ਨੀਤੀਆਂ ਲੈਣ ਕੇ ਆਉਣਗੇ ਅਤੇ ਕਿਹੜੀਆਂ ਕਿਹੜੀਆਂ ਲਾਗੂ ਕਰਨਗੇ ? ਉਹਨਾਂ ਦੇ ਭਾਸ਼ਣ ਤੇ ਵਾਅਦੇ ਸੁਣ ਕੇ ਤਾਂ ਸਿਰਫ ਇੰਝ ਲੱਗਦਾ ਹੈ ਕਿ ਜਨਤਾ ਨੂੰ ਲਾਲੀਪਾਪ ਦੇ ਕੇ ਵਿਰਾਇਆ ਜਾ ਰਿਹਾ ਹੈ। ਆਮ ਜਨਤਾ ਦੀਆਂ ਸਧਰਾਂ ਨੂੰ ਕੁਚਲਿਆ ਜਾ ਰਿਹਾ ਹੈ ਅਤੇ ਉਹਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਵੈਸੇ ਵੀ ਇਹ ਸਭ ਵਾਇਦੇ ਸਿਰਫ ਵਾਇਦੇ ਬਣ ਕੇ ਹੀ ਰਹਿ ਜਾਂਦੇ ਹਨ। ਇਹਨਾਂ ਦੇ ਭਾਸ਼ਣ ਸਿਰਫ਼ ਇੱਕ ਚੋਣ ਪ੍ਰਚਾਰ ਹੀ ਜਾਪਦੇ ਹਨ। ਇਸੇ ਦੌਰਾਨ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਇਆ ਗਿਆ। ਇਹ ਸੈਸ਼ਨ ਇਸ ਨਵੀਂ ਬਣੀ ਸਰਕਾਰ ਦਾ ਪਹਿਲਾ ਅਤੇ ਆਖਰੀ ਸੈਸ਼ਨ ਸੀ। ਵਿਧਾਨ ਸਭਾ ਦੇ ਇਸ ਵਿਸ਼ੇਸ਼ ਸੈਸ਼ਨ ਵਿੱਚ ਕੀ ਖਾਸ ਸੀ ? ਪਹਿਲਾਂ ਵੀ ਸੈਸ਼ਨ ਹੁੰਦੇ ਹਨ। ਉਹਨਾਂ ਵਿੱਚ ਵੀ ਬਿਲ ਪਾਸ ਹੁੰਦੇ ਹਨ।ਬਣਦਾ ਕੀ ਹੈ ? ਕੁਝ ਨਹੀਂ। ਹੁਣ ਵੀ ਬਾਰਡਰਾਂ ਦੇ ਫ਼ਾਸਲੇ ਵਧਾਉਣ ਬਾਰੇ, ਬਿਜਲੀ ਸਮਝੌਤਿਆਂ ਬਾਰੇ, ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਬਾਰੇ ਖ਼ੂਬ ਸ਼ੋਰ ਮਚਾਉਂਦੇ ਰਹੇ ਤੇ ਸਾਡੀਆਂ ਅੱਖਾਂ ਵਿੱਚ ਧੂੜ ਪਾਉਂਦੇ ਰਹੇ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ। ਇੱਕ ਦੂਜੇ ਉੱਤੇ ਨਿਰੀ ਦੂਸ਼ਣਬਾਜ਼ੀ ਅਤੇ ਬਹਿਸਬਾਜ਼ੀ ਦੇਖਣ ਤੋਂ ਇਲਾਵਾ ਜਨਤਾ ਦੇ ਹੱਥ ਪੱਲੇ ਕੁਝ ਨਹੀਂ ਪਿਆ। ਵਿਧਾਨ ਸਭਾ ਦਾ ਵੀ ਕੋਈ ਪ੍ਰੋਟੋਕਾਲ ਹੁੰਦਾ ਹੈ, ਸੀਮਾ ਹੁੰਦੀ ਹੈ।ਉਸ ਸੀਮਾ ਦਾ , ਪ੍ਰੋਟੋਕਾਲ ਦਾ ਧਿਆਨ ਕਿਉਂ ਨਹੀਂ ਰੱਖਿਆ ਜਾਂਦਾ ? ਵਿਧਾਨ ਸਭਾ ਵਿੱਚ ਨੇਤਾਵਾਂ ਦੁਆਰਾ ਬੋਲੀ ਜਾਣ ਵਾਲੀ ਭਾਸ਼ਾ, ਉਹਨਾਂ ਦੇ ਭਾਸ਼ਣ ਸੁਣ ਕੇ ਸ਼ਰਮ ਆਉਂਦੀ ਹੈ ਕਿ ਅਸੀਂ ਆਪਣੀ ਵੋਟ ਕਿਹੜੇ ਕੀਲੇ ਟੰਗ ਦਿੱਤੀ ਹੈ ? ਨੇਤਾਵਾਂ ਦੇ ਵਿਚਾਰ , ਉਹਨਾਂ ਦਾ ਵਿਹਾਰ ਅਤੇ ਉਹਨਾਂ ਦੇ ਗਿਆਨ ਦਾ ਚਾਨਣ ਵੇਖ ਕੇ ਅੱਖਾਂ ਅੱਗੇ ਹਨੇਰਾ ਆਉਂਦਾ ਹੈ। ਕੀ ਇਸ ਨੂੰ ਅਸੀਂ ਡੈਮੋਕਰੇਸੀ ਮੰਨ ਸਕਦੇ ਹਾਂ ? ਐਨੀ ਅਨੁਸ਼ਾਸਨਹੀਣਤਾ ਜੇ ਸਾਡੇ ਰਾਜ ਦੀ ਵਿਧਾਨ ਸਭਾ ਵਿੱਚ ਹੈ ਤਾਂ ਸਕੂਲਾਂ, ਦਫ਼ਤਰਾਂ ਅਤੇ ਹੋਰ ਅਦਾਰਿਆਂ ਤੋਂ ਅਸੀਂ ਕੀ ਆਸਾਂ ਰੱਖ ਸਕਦੇ ਹਾਂ ? ਇੱਕ- ਦੂਜੇ ਖ਼ਿਲਾਫ਼ ਉਹੀ ਘਿਸੇ-ਪਿਟੇ ਨਾਹਰੇ ,ਉਹੀ ਹੇਰਾਫੇਰੀਆਂ,ਉਹੀ ਚਾਰ ਮਸਲੇ ਵਾਰ-ਵਾਰ ਉਠਾਉਣਾ, ਇੱਕ ਦੂਜੇ ਤੇ ਇਲਜ਼ਾਮ ਲਗਾਉਣੇ ਅਤੇ ਸਾਡਾ ਆਪਣੇ ਘਰਾਂ ਵਿੱਚ ਬੈਠ ਕੇ ਟੀ. ਵੀ ਉੱਪਰ ਤਮਾਸ਼ਾ ਵੇਖਣਾ। ਦੋਸਤੋ ਆਪਾਂ ਇਹ ਕੋਈ ਨਾਟਕ ਨਹੀਂ ਦੇਖ ਰਹੇ। ਇਹ ਜਨਤਾ ਨੂੰ ਖੁਦ ਵਿਚਾਰਨਾ ਪਵੇਗਾ। ਇਹਨਾਂ ਦੀਆਂ ਚਾਲਾਂ ਨੂੰ ਸਮਝਣਾ ਪਵੇਗਾ।ਇਹ ਸਭ ਅੰਦਰਖਾਤੇ ਮਿਲੇ ਹੁੰਦੇ ਹਨ ।ਸਾਡੀਆਂ ਭਾਵਨਾਵਾਂ ਨੂੰ ਭੜਕਾਉਣਾ ਅਤੇ ਆਪਣਾ ਮਤਲਬ ਕੱਢਣਾ ਹੀ ਇਹਨਾਂ ਦਾ ਮੁੱਖ ਮੰਤਵ ਹੁੰਦਾ ਹੈ।

ਸਾਡੇ ਸੂਬੇ ਦੇ ਵਿਸ਼ੇਸ਼ ਇਜਲਾਸ ਵਿੱਚ ਮੁੱਖ ਮੰਤਰੀ ਜੀ ਵੱਲੋਂ ਭਾਸ਼ਣ ਹੀ ਵਿਰੋਧੀ ਪਾਰਟੀਆਂ ਉੱਪਰ ਦੂਸ਼ਣਬਾਜ਼ੀ ਨਾਲ ਆਰੰਭਿਆ ਗਿਆ।ਜੋ ਦੋਸ਼ ਉਹਨਾਂ ਵੱਲੋਂ ਵਿਧਾਨ ਸਭਾ ਦੇ ਸੈਸ਼ਨ ਵਿੱਚ ਲਗਾਏ ਜਾ ਰਹੇ ਸਨ,ਉਹੀ ਦੋਸ਼ ਉਹਨਾਂ ਦੀ ਪਾਰਟੀ ਨੇ ਵੋਟਾਂ ਮੰਗਣ ਵੇਲੇ ਵੀ ਲਾਏ ਸਨ। ਫਿਰ ਐਨੇ ਘੱਟ ਸਮੇਂ ਵਾਲੇ ਸੈਸ਼ਨ ਵਿੱਚ ਉਹੀ ਗੱਲਾਂ ਨੂੰ , ਉਹੀ ਦੋਸ਼ਾਂ ਨੂੰ ਕਿਉਂ ਦੁਹਰਾਇਆ ਜਾਂਦਾ ਹੈ। ਮੁੱਖ ਮੰਤਰੀ ਸਾਹਿਬ, ਪਿਛਲੇ ਸਾਢ ਚਾਰ ਸਾਲ ਤੋਂ ਤੁਹਾਡੀ ਪਾਰਟੀ ਦੀ ਸਰਕਾਰ ਸੀ। ਤੁਸੀਂ ਉਹਨਾਂ ਉੱਪਰ ਮੁਕੱਦਮੇ ਦਰਜ ਕਿਉਂ ਨਹੀਂ ਕੀਤੇ ? ਜੇ ਆਮ ਜਨਤਾ ਦੋਸ਼ੀਆਂ ਖਿਲਾਫ ਮੁਕੱਦਮੇ ਦਰਜ ਕਰਕੇ ਇਨਸਾਫ਼ ਲੈਣਾ ਜਾਣਦੀ ਹੈ ਤਾਂ ਤੁਸੀਂ ਲੀਡਰਾਂ ਖਿਲਾਫ ਕਿਉਂ ਕਾਨੂੰਨੀ ਚੁੱਪ ਵੱਟੀ ਹੋਈ ਹੈ ? ਵਿਰੋਧੀ ਧਿਰ ਦੇ ਆਗੂ ਵੱਲੋਂ ਸੀ.ਐੱਮ ਵੱਲ ਵਧਣਾ ਅਤੇ ਬਚਾਅ ਵਿੱਚ ਪਾਰਟੀ ਦੇ ਪ੍ਰਧਾਨ ਵੱਲੋਂ ਭੱਜ ਕੇ ਆਉਣਾ ਅਤੇ ÷ਜਾ ਓਏ ਤਸਕਰਾ÷ ਵਰਗੀ ਸ਼ਬਦਾਵਲੀ ਵਰਤਣਾ,ਸਾਡਾ ਮੂਕ ਦਰਸ਼ਕ ਬਣ ਕੇ ਇਹ ਸਾਰਾ ਨਾਟਕ ਦੇਖ ਕੇ ਮਨੋਰੰਜਨ ਕਰਨਾ। ਕੀ ਸਾਡੀ ਵਿਧਾਨ ਸਭਾ ਇਹੋ ਜਿਹੀਆਂ ਫ਼ਿਲਮਾਂ ਦੇ ਪ੍ਰਦਰਸ਼ਨ ਦਾ ਜ਼ਰੀਆ ਬਣ ਕੇ ਹੀ ਰਹਿ ਗਿਆ ਹੈ ? ਕਿੱਥੇ ਗਏ ਬੇ ਰੁਜ਼ਗਾਰ ਅਧਿਆਪਕਾਂ ਦੀਆਂ ਮੰਗਾਂ ਵਾਲੇ ਧਰਨਿਆਂ ਦੇ ਨਤੀਜੇ, ਕਿੱਥੇ ਗਈਆਂ ਵੱਖ-ਵੱਖ ਵਰਗਾਂ ਦੀਆਂ ਮੁਸ਼ਕਲਾਂ, ਕਿੱਥੇ ਗਈਆਂ ਕਿਸਾਨੀ ਧਰਨੇ ਤੇ ਹੋਈਆਂ ਸ਼ਹਾਦਤਾਂ ? ਕਿੱਥੇ ਗਏ ਆਮ ਆਦਮੀ ਦੇ ਅਧਿਕਾਰਾਂ ਦੇ ਮੁੱਦੇ ? ਇਹਨਾਂ ਸਿਆਸੀ ਲੀਡਰਾਂ ਤੋਂ ਜਵਾਬ ਕੌਣ ਮੰਗੇਗਾ ?

ਮੇਰੇ ਵੀਰੋ-ਭੈਣੋ ਜਾਗੋ ! ਇਹ ਨੌਟੰਕੀਆਂ ਵੇਖਣੀਆਂ ਬੰਦ ਕਰੋ। ਇਹੋ ਜਿਹੇ ਨੇਤਾ ਜਦ ਵੋਟਾਂ ਮੰਗਣ ਆਉਣ, ਉਹਨਾਂ ਦੇ ਗਲਾਂ ਵਿੱਚ ਕਿਹੜੇ ਹਾਰ ਪਾਉਣੇਂ ਹਨ ਇਹ ਤੁਸੀਂ ਆਪ ਤੈਅ ਕਰਨਾ ਹੈ। ਆਪਣੀ ਜੇਬ ਦੇਖੋ,ਆਪਣਾ ਆਲਾ ਦੁਆਲਾ ਦੇਖੋ, ਕੀ ਬਦਲਾਅ ਕੀਤਾ ਹੈ ਉਸ ਨੇ, ਜਿਸ ਨੂੰ ਤੁਸੀਂ ਚੁਣ ਕੇ ਭੇਜਿਆ ਸੀ ? ਸਾਡਾ ਲੋਕਤੰਤਰਿਕ ਢਾਂਚਾ ਪੂਰੀ ਤਰ੍ਹਾਂ ਸਰਾਪਿਆ ਹੋਇਆ ਹੈ ਜਿਸ ਦਾ ਨਤੀਜਾ ਆਮ ਆਦਮੀ ਨੂੰ ਹੀ ਭੁਗਤਣਾ ਪੈਂਦਾ ਹੈ।

**ਬਰਜਿੰਦਰ ਕੌਰ ਬਿਸਰਾਓ...**
9988901324



# ਪੰਜਾਬ ਦੇ ਕਾਂਗਰਸੀ ਆਪਣਾ ਆਲ੍ਹਣਾ ਬਣਾਉਣ ਅਤੇ ਢਾਹੁਣ ਵਿੱਚ ਮੋਹਰੀ

ਪੰਜਾਬ ਕਾਂਗਰਸ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਦਾ ਪੰਜਾਬ ਵਿਧਾਨ ਸਭਾ ਦੇ ਇਜਲਾਸ ਵਿੱਚ ਇਕਸੁਰਤਾ ਨਾਲ ਨਿਭਣਾ ਸ਼ੁਭ ਸੰਕੇਤ ਦੇ ਰਿਹਾ ਹੈ। ਪ੍ਰੰਤੂ ਪਿਛਲੇ ਸਮਝੌਤਿਆਂ ਦੇ ਮੱਦੇ ਨਜ਼ਰ ਇਸ ਇਕਸੁਰਤਾ ਦਾ ਲੰਬੇ ਸਮੇਂ ਲਈ ਚਲਣਾ ਅਸੰਭਵ ਲਗਦਾ ਹੈ। ਕਿਉਂਕਿ ਪੰਜਾਬ ਕਾਂਗਰਸ ਵਿੱਚ ਕੁਰਸੀ ਯੁਧ ਦਾ ਘਮਾਸਾਨ ਜ਼ੋਰ ਸ਼ੋਰ ਨਾਲ ਚਲਦਾ ਰਿਹਾ ਹੈ। ਮੁੱਖ ਮੰਤਰੀ ਬਦਲਣ ਤੋਂ ਬਾਅਦ ਵੀ ਉਹੀ ਖਿਚੋਤਾਣ ਬਰਕਰਾਰ ਰਹੀ ਹੈ। ਕਾਂਗਰਸੀ ਨੇਤਾ ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਹਥਿਆਉਣ ਤੋਂ ਬਾਅਦ ਖੁਦ ਵੀ ਸਾਰੇ ਉਸੇ ਕੁਰਸੀ ‘ਤੇ ਟਪੂਸੀ ਮਾਰਕੇ ਚੜ੍ਹਨ ਲਈ ਜਦੋਜਹਿਦ ਕਰ ਰਹੇ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਕੁਰਸੀ ਖਾਲੀ ਨਹੀਂ ਪ੍ਰੰਤੂ ਨੇਤਾ ਮੁੱਦਿਆਂ ਦੀ ਆੜ ਵਿੱਚ ਕੁਰਸੀ ਦੀ ਲੜਾਈ ਵਿੱਚ ਉਲਝੇ ਪਏ ਹਨ। ਮੁੱਖ ਮੰਤਰੀ ਨੂੰ ਬਦਲਣ ਦੀ ਮੰਗ ਸਮੇਂ, ਉਨ੍ਹਾਂ ਵੱਲੋਂ ਉਠਾਏ ਗਏ ਮੁੱਦੇ ਖੂਹ ਖਾਤੇ ਪੈ ਗਏ ਲਗਦੇ ਹਨ। ਉਨ੍ਹਾਂ ਨੂੰ ਉਦੋਂ ਵੀ ਪਤਾ ਸੀ ਕਿ ਇੰਨੇ ਥੋੜ੍ਹੇ ਸਮੇਂ ਵਿੱਚ ਸਾਰੇ ਵਾਅਦੇ ਪੂਰੇ ਨਹੀਂ ਕੀਤੇ ਜਾ ਸਕਣਗੇ ? ਮੁੱਖ ਮੰਤਰੀ ਦੀ ਕੁਰਸੀ ਖੋਹਣ ਵਿੱਚ ਤਾਂ ਸਾਰੇ ਇਕਜੁੱਟ ਸਨ ਪ੍ਰੰਤੂ ਕੁਰਸੀ ‘ਤੇ ਕਾਬਜ਼ ਹੋਣ ਲਈ ਅੱਡੋ ਫਾਟੀ ਹੋ ਕੇ ਤਰਲੋਮੱਛੀ ਹੋ ਰਹੇ ਹਨ। ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿੱਚ ਸਰਕਾਰ ਨੂੰ ਵਿਰੋਧੀਆਂ ਵੱਲੋਂ ਨਿੰਦਣਾ ਤਾਂ ਕੁਦਰਤੀ ਹੈ ਪ੍ਰੰਤੂ ਆਪਣਿਆਂ ਵੱਲੋਂ ਲੱਤਾਂ ਖਿਚਣ ਤੋਂ ਲੋਕਾਂ ਵਿੱਚ ਪ੍ਰਭਾਵ ਚਲਿਆ ਗਿਆ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਕਰਕੇ ਨਹੀਂ ਹਟਾਇਆ ਗਿਆ ਸਗੋਂ ਕੁਰਸੀ ਪ੍ਰਾਪਤ ਕਰਨਾ ਮੁੱਖ ਮੰਤਵ ਸੀ। ਚਰਨਜੀਤ ਸਿੰਘ ਚੰਨੀ ਨੇ ਆਮ ਆਦਮੀ ਦਾ ਮੁੱਖ ਮੰਤਰੀ ਬਣਕੇ ਆਮ ਆਦਮੀ ਪਾਰਟੀ ਦਾ ਏਜੰਡਾ ਖੋਹ ਲਿਆ ਹੈ। ਨਵਜੋਤ ਸਿੰਘ ਸਿੱਧੂ ਨੇ ਮੁੱਖ ਮੰਤਰੀ ਦੇ ਲੋਕ ਹਿੱਤ ਦੇ ਫ਼ੈਸਲਿਆਂ ਦੀ ਫੂਕ ਕੱਢ ਦਿੱਤੀ ਹੈ। ਪੰਜਾਬ ਦੇ ਕਾਂਗਰਸੀ ਹਮੇਸ਼ਾ ਕਈ ਖੇਤਰਾਂ ਵਿੱਚ ਮਾਹਰਕੇ ਮਾਰਕੇ ਮੋਹਰੀ ਦੀ ਭੂਮਿਕਾ ਨਿਭਾਉਂਦੇ ਰਹੇ ਹਨ। ਸਿਆਸੀ ਤਾਕਤ ਲੈਣ ਅਤੇ ਵਿਰੋਧੀ ਨੂੰ ਢਾਹੁਣ ਲਈ ਸਮਾਜਿਕ ਕਦਰਾਂ ਕੀਮਤਾਂ ਨੂੰ ਵੀ ਦਾਅ ‘ਤੇ ਲਾ ਦਿੰਦੇ ਹਨ। ਸਿਆਸੀ ਤਾਕਤ ਹਥਿਆਉਣ ਲਈ ਸੀਨੀਅਰ ਨੇਤਾਵਾਂ ਨੂੰ ਮਾਈ ਬਾਪ ਤੱਕ ਕਹਿ ਦਿੰਦੇ ਹਨ। ਬਦਲਣ ਲੱਗੇ ਵੀ ਗਿਰਗਟ ਦੀ ਤਰ੍ਹਾਂ ਰੰਗ ਬਦਲ ਲੈਂਦੇ ਹਨ। ਪੰਜਾਬ ਕਾਂਗਰਸ ਦੀ ਖਿਚੋਤਾਣ ਇਸਦਾ ਜਿਉਂਦਾ ਜਾਗਦਾ ਸਬੂਤ ਹੈ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ। ਸਿੱਖਾਂ ਦੇ ਸਭ ਤੋਂ ਪਵਿਤਰ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਾਂਗਰਸ ਪਾਰਟੀ ਦੀ ਕੇਂਦਰੀ ਸਰਕਾਰ ਵੱਲੋਂ ਬਲਿਊ ਸਟਾਰ ਅਪ੍ਰੇਸ਼ਨ ਕਰਕੇ ਬੇਹੁਰਮਤੀ ਕਰਨ ਤੋਂ ਬਾਅਦ ਵੀ 1992, 2002 ਅਤੇ 2017 ਵਿੱਚ ਤਿੰਨ ਵਾਰ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਾਈ ਗਈ। ਜਦੋਂ 2017 ਵਿੱਚ ਸਮੁੱਚੇ ਦੇਸ਼ ਵਿੱਚ ਕਾਂਗਰਸ ਪਾਰਟੀ ਦੇ ਮਾੜੇ ਦਿਨ ਸਨ, ਕਾਂਗਰਸ ਪਾਰਟੀ ਦੇ ਅਕਸ ਨੂੰ ਖ਼ੋਰਾ ਲੱਗ ਰਿਹਾ ਸੀ ਤਾਂ ਉਸ ਸਮੇਂ ਵੀ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਦੀ ਸਰਕਾਰ ਬਣ ਗਈ ਸੀ। ਪੰਜਾਬ ਦੇ ਕਾਂਗਰਸੀਆਂ ਨੇ ਆਮ ਆਦਮੀ ਪਾਰਟੀ ਦੇ ਭੁਚਾਲ ਵਰਗੇ ਉਭਾਰ ਨੂੰ ਵੀ ਰੋਕ ਕੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਸਰਕਾਰ ਬਣਾ ਦਿੱਤੀ ਸੀ। ਪੰਜਾਬ ਕਾਂਗਰਸ ਨੇ ਇਹ ਚੋਣਾ ਜਿਤੱਣ ਲਈ ਪ੍ਰਸ਼ਾਂਤ ਕਿਸ਼ੋਰ ਨੂੰ ਰਣਨੀਤੀਕਾਰ ਬਣਾਕੇ ਮੋਹਰੀ ਦੀ ਭੂਮਿਕਾ ਨਿਭਾਈ ਸੀ। ਭਾਵ ਪੰਜਾਬ ਦੇ ਸਿਆਸਤਦਾਨਾਂ ਨੂੰ ਆਪਣੀ ਕਾਬਲੀਅਤ ‘ਤੇ ਸ਼ੱਕ ਹੋਇਆ ਸੀ, ਜਿਸ ਕਰਕੇ ਰਣਨੀਤੀਕਾਰ ਦੀ ਮਦਦ ਲਈ ਗਈ ਸੀ। ਇਸ ਤੋਂ ਵੀ ਵੱਡੀ ਗੱਲ ਇਹ ਪੰਜਾਬ ਵਿੱਚ ਹੀ ਹੋਈ ਕਿ ਲੋਕਾਂ ਨੇ ਵੋਟਾਂ ਇਕ ਵਿਅਕਤੀ ਕੈਪਟਨ ਅਮਰਿੰਦਰ ਸਿੰਘ ਦੇ ਨਾਮ ਨੂੰ ਪਾਈਆਂ ਸਨ। ਜਾਣੀ ਕਿ ਪਾਰਟੀ ਨਾਲੋਂ ਵਿਅਕਤੀ ਸਰਵੋਤਮ ਸਮਝਿਆ ਗਿਆ ਸੀ। ਵੋਟਰ ਕੈਪਟਨ ਅਮਰਿੰਦਰ ਸਿੰਘ ਨੂੰ ਅਕਾਲੀਆਂ ਦੇ ਸਿੱਖ ਨੇਤਾਵਾਂ ਨਾਲੋਂ ਚੰਗਾ ਸਿੱਖ ਸਮਝਦੇ ਸਨ। ਮਈ 2019 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਸਮੁੱਚੇ ਦੇਸ਼ ਵਿੱਚ ਕਾਂਗਰਸ ਪਾਰਟੀ ਸਿਰਫ਼ 44 ਲੋਕ ਸਭਾ ਦੀਆਂ ਸੀਟਾਂ ਜਿੱਤ ਸਕੀ, ਜਿਨ੍ਹਾਂ ਵਿੱਚ 8 ਇਕੱਲੇ ਪੰਜਾਬ ਵਿੱਚੋਂ ਜਿੱਤੀਆਂ ਸਨ। ਫਿਰ ਕਾਂਗਰਸ ਨੇ ਇਕ ਹੋਰ ਨਵੀਂ ਵਾਇਦਿਆਂ ਦੀ ਝੜੀ ਲਾਉਣ ਵਿੱਚ ਵੀ ਪਹਿਲ ਕਦਮੀ ਕੀਤੀ ਸੀ। ਭਾਵ ਵਾਇਦਿਆਂ ਅਤੇ ਮੁਦਿਆਂ ਦੀ ਇਕੱਠੀ ਸਿਆਸਤ ਦੀ ਸ਼ੁਰੂਆਤ ਕੀਤੀ। ਇਕ ਹੋਰ ਪਹਿਲ ਧਾਰਮਿਕ ਪਵਿਤਰ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਅਤੇ ਨਸ਼ੇ ਖ਼ਤਮ ਕਰਨ/ਨਸ਼ਿਆਂ ਦਾ ਲੱਕ ਤੋੜਨ ਦਾ ਵਾਅਦਾ ਕੀਤਾ ਸੀ। ਜਦੋਂ ਕਿ ਭਾਰਤ ਧਰਮ ਨਿਰਪੱਖ ਦੇਸ਼ ਹੈ, ਇਥੇ ਧਰਮ ਦੀ ਆੜ ਵਿੱਚ ਵੋਟਾਂ ਨਹੀਂ ਮੰਗੀਆਂ ਜਾ ਸਕਦੀਆਂ। ਚੋਣ ਜਿੱਤਣ ਲਈ ਟਕਰਾਓ ਦੀ ਹਮਲਾਵਰ ਨੀਤੀ ਅਪਣਾਈ ਗਈ। ਟਕਰਾਓ ਵਿੱਚੋਂ ਕਾਂਗਰਸ ਸਰਕਾਰ ਪ੍ਰਗਟ ਹੋਈ ਪ੍ਰੰਤੂ ਸਰਕਾਰ ਬਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਟਕਰਾਓ ਦੀ ਨੀਤੀ ਨੂੰ ਤਿਲਾਂਜ਼ਲੀ ਦੇ ਕੇ ਨਵੀਂ ਸਿਆਸੀ ਚਾਲ ਚਲੀ। ਜਿਹੜੀ ਉਨ੍ਹਾਂ ਨੂੰ ਪੁੱਠੀ ਪੈ ਗਈ ਕਿਉਂਕਿ ਪੰਜਾਬ ਦੇ ਲੋਕ ਉਨ੍ਹਾਂ ‘ਤੇ ਬਾਦਲ ਪਰਿਵਾਰ ਨਾਲ ਰਲੇ ਹੋਏ ਦਾ ਇਲਜ਼ਾਮ ਲਾਉਣ ਲੱਗ ਪਏ। ਸਿਆਸਤ ਵਿੱਚ ਕਿਸੇ ਪਾਰਟੀ ਦੇ ਨੇਤਾਵਾਂ ਵਿੱਚ ਵਿਚਾਰਾਂ ਦਾ ਵਖਰੇਵਾਂ ਹੋਣਾ ਆਮ ਜਿਹੀ ਗੱਲ ਹੁੰਦੀ ਹੈ ਪ੍ਰੰਤੂ ਇਸ ਵਖਰੇਵੇਂ ਨੂੰ ਸਿਆਸੀ ਪਲੇਟਫਾਰਮ ਦੀ ਥਾਂ ਆਮ ਇਕੱਠਾਂ ਵਿੱਚ ਪ੍ਰਗਟਾਉਣਾ ਜ਼ਾਇਜ਼ ਨਹੀਂ ਸਮਝਿਆ ਜਾਂਦਾ। ਪ੍ਰੰਤੂ ਪੰਜਾਬ ਕਾਂਗਰਸ ਦੇ ਨੇਤਾਵਾਂ ਨੇ ਪਹਿਲੀ ਵਾਰ ਬਠਿੰਡਾ ਵਿਖੇ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਲੋਕ ਸਭਾ ਦੀ ਚੋਣ ਵਿੱਚ ਕੀਤੀ ਰੈਲੀ ਵਿੱਚ ਪ੍ਰਿਅੰਕਾ ਗਾਂਧੀ ਦੀ ਹਾਜ਼ਰੀ ਵਿੱਚ ਅਸਿਧੇ ਢੰਗ ਨਾਲ ਸ਼ਰੇਆਮ ਆਪਣੀ ਹੀ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਫ਼ਰੈਂਡਲੀ ਮੈਚ ਕਹਿਕੇ ਵੀ ਮੋਹਰੀ ਦੀ ਭੂਮਿਕਾ ਨਿਭਾਈ। ਜਿਸਦੇ ਨਤੀਜੇ ਵਜੋਂ ਅਮਰਿੰਦਰ ਸਿੰਘ ਰਾਜਾ ਵੜਿੰਗ ਲੋਕ ਸਭਾ ਦੀ ਚੋਣ ਹਾਰ ਗਏ। ਇਸ ਤੋਂ ਬਾਅਦ ਤਾਂ ਗਾਹੇ ਵਗਾਹੇ ਅਜਿਹੇ ਕਿੰਤੂ ਪ੍ਰੰਤੂ ਕਰਨਾ ਆਮ ਜਹੀ ਗੱਲ ਹੋ ਗਈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ 4 ਸਾਲ ਤੋਂ ਬਾਅਦ ਕੁੱਝ ਕਾਂਗਰਸੀਆਂ ਜਿਨ੍ਹਾਂ ਵਿੱਚ ਨਵਜੋਤ ਸਿੰਘ ਸਿੱਧੂ ਮੁੱਖ ਨੇਤਾ ਸਨ, ਸਰਕਾਰ ਦੀ ਕਾਰਗੁਜ਼ਾਰੀ ਨੂੰ ਆੜੇ ਹੱਥੀਂ ਟਵੀਟ ਕਰਕੇ ਲੈਣਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਉਨ੍ਹਾ ਪਹਿਲਕਦਮੀ ਕੀਤੀ ਕਿ ਉਨ੍ਹਾਂ ਦਾ ਕੈਪਟਨ ਅਮਰਿੰਦਰ ਸਿੰਘ ਨਹੀਂ ਸਗੋਂ ਰਾਹੁਲ ਗਾਂਧੀ ਹਨ। ਫੇਰ ਤਾਂ ਸਰਕਾਰੀ ਸ਼ਹਿ ‘ਤੇ ਮੰਤਰੀਆਂ, ਹੋਰ ਨੇਤਾਵਾਂ ਅਤੇ ਵਿਧਾਨਕਾਰਾਂ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦਾ ਕੈਪਟਨ ਕਹਿਣਾ ਸ਼ੁਰੂ ਕਰ ਦਿੱਤਾ। ਇਕ ਕਿਸਮ ਨਾਲ ਪਹਿਲੀ ਵਾਰ ਕੈਪਟਨ ਅਮਰਿੰਦਰ ਸਿੰਘ ਦੀ ਲੀਡਰਸ਼ਿਪ ਨੂੰ ਸਿੱਧੀ ਵੰਗਾਰ ਦਿੱਤੀ ਗਈ। ਇਕ ਦੂਜੇ ਦੀਆਂ ਲੱਤਾਂ ਪਬਲੀਕਲੀ ਖਿਚਣ ਦੀ ਕਸ਼ਮਕਸ਼ ਵੀ ਪੰਜਾਬ ਦੇ ਕਾਂਗਰਸੀਆਂ ਨੇ ਕੀਤੀ। ਇਥੇ ਹੀ ਬਸ ਨਹੀਂ ਕੈਪਟਨ ਅਮਰਿੰਦਰ ਸਿੰਘ ਦੇ ਵਿਰੋਧ ਕਰਨ ਦੇ ਬਾਵਜੂਦ ਰਾਜ ਵਿੱਚ ਸਿਆਸੀ ਤਾਕਤ ਦਾ ਦੂਜਾ ਧੁਰਾ ਬਣਾਉਣ ਲਈ ਸੁਨੀਲ ਕੁਮਾਰ ਜਾਖੜ ਨੂੰ ਪ੍ਰਧਾਨਗੀ ਤੋਂ ਹਟਾਕੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਨਵਜੋਤ ਸਿੰਘ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਢਿਲੀ ਕਾਰਗੁਜ਼ਾਰੀ ਦੇ ਪਰਦੇ ਫਾਸ਼ ਕਰਨੇ ਸ਼ੁਰੂ ਕਰ ਦਿੱਤੇ। ਇਕ ਕਿਸਮ ਨਾਲ ਸਰਕਾਰ ਅਤੇ ਪਾਰਟੀ ਵਿੱਚ ਟਕਰਾਓ ਪੈਦਾ ਹੋ ਗਿਆ। ਪਾਰਟੀ ਦਾ ਅਕਸ ਡਿਗਣ ਲੱਗ ਪਿਆ। ਏਸੇ ਤਰ੍ਹਾਂ ਕਾਂਗਰਸ ਹਾਈ ਕਮਾਂਡ ਨੇ ਕੈਪਟਨ ਅਮਰਿੰਦਰ ਦੀ ਲੀਡਰਸ਼ਿਪ ਨੂੰ ਵੰਗਾਰਨ ਤੋਂ ਬਾਅਦ ਵਿਧਾਨਕਾਰਾਂ ਨੂੰ ਦਿੱਲੀ ਤਲਬ ਕਰਕੇ ਉਨ੍ਹਾਂ ਤੋਂ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਬਾਰੇ ਰਾਏ ਮੰਗੀ ਗਈ। ਫਿਰ ਇਹ ਵੀ ਪਹਿਲੀ ਵਾਰ ਹੋਇਆ ਕਿ ਰਾਹੁਲ ਗਾਂਧੀ ਨੇ ਪੰਜਾਬ ਦੇ ਵਿਧਾਨਕਾਰਾਂ ਨੂੰ ਸਿੱਧੇ ਫੋਨ ਕਰਕੇ ਪੁਛਣਾ ਸ਼ੁਰੂ ਕਰ ਦਿੱਤਾ ਕਿ ਤੁਹਾਡੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਕੀ ਰਾਏ ਹੈ ? ਫਿਰ ਮੁੱਖ ਮੰਤਰੀ ਨੂੰ ਬੁਲਾਕੇ ਕੇਂਦਰੀ ਨੇਤਾਵਾਂ ਦੀ ਤਿੰਨ ਮੈਂਬਰੀ ਕਮੇਟੀ ਨੇ ਉਨ੍ਹਾਂ ਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਰਿਪੋਰਟ ਲਈ ਅਤੇ ਆਪਣੇ ਵੱਲੋਂ 18 ਨੁਕਾਤੀ ਪ੍ਰੋਗਰਾਮ ਲਾਗੂ ਕਰਨ ਲਈ ਦਿੱਤਾ ਗਿਆ। ਇਸ 18 ਨੁਕਾਤੀ ਪ੍ਰੋਗਰਾਮ ਨੂੰ ਨਾ ਲਾਗੂ ਕਰਨ ਕਰਕੇ ਵਿਧਾਨਕਾਰਾਂ ਨੂੰ ਦੁਬਾਰਾ ਦਿੱਲੀ ਬੁਲਾਇਆ ਗਿਆ। ਇਹ ਸਾਰਾ ਕੁਝ ਕਰਨ ਨੂੰ ਕਾਂਗਰਸ ਹਾਈ ਕਮਾਂਡ ਉਤਸ਼ਾਹਤ ਕਰ ਰਹੀ ਸੀ। ਫਿਰ ਇਹ ਵੀ ਪਹਿਲੀ ਵਾਰ ਹੋਇਆ ਕਿ ਪੰਜਾਬ ਕਾਂਗਰਸ ਦੀ ਲੈਜਿਸਲੇਚਰ ਪਾਰਟੀ ਦੀ ਮੀਟਿੰਗ ਕਾਂਗਰਸ ਹਾਈ ਕਮਾਂਡ ਨੇ ਸਿੱਧੀ ਪੰਜਾਬ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਸ਼ਾਮ 4-00 ਵਜੇ ਬੁਲਾ ਲਈ ਜਦੋਂ ਕਿ ਇਹ ਅਧਿਕਾਰ ਲੈਜਿਸਲੇਚਰ ਪਾਰਟੀ ਦੇ ਨੇਤਾ ਅਰਥਾਤ ਮੁੱਖ ਮੰਤਰੀ ਨੂੰ ਹੁੰਦਾ ਹੈ। ਅਖ਼ੀਰ ਸੋਨੀਆਂ ਗਾਂਧੀ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸਵੇਰੇ ਮੀਟਿੰਗ ਤੋਂ ਪਹਿਲਾਂ ਹੀ ਅਸਤੀਫਾ ਦੇਣ ਲਈ ਆਖ ਦਿੱਤਾ। ਕੈਪਟਨ ਅਮਰਿੰਦਰ ਸਿੰਘ ਨੇ ਲੈਜਿਸਲੇਚਰ ਪਾਰਟੀ ਦੀ ਮੀਟਿੰਗ ਆਪਣੀ ਰਿਹਾਇਸ਼ ਮਹਿੰਦਰ ਬਾਗ ਸ਼ੀਸ਼ਵਾਂ ਵਿਖੇ ਦੁਪਹਿਰ 2-00 ਵਜੇ ਹਾਈ ਕਮਾਂਡ ਵਾਲੀ ਮੀਟਿੰਗ ਤੋਂ ਪਹਿਲਾਂ ਹੀ ਬੁਲਾ ਲਈ। ਕਾਂਗਰਸ ਹਾਈ ਕਮਾਂਡ ਨੇ ਵਿਧਾਨਕਾਰਾਂ ਨੂੰ ਕੈਪਟਨ ਅਮਰਿੰਦਰ ਸਿੰਘ ਵਾਲੀ ਮੀਟਿੰਗ ਵਿੱਚ ਜਾਣ ਤੋਂ ਰੋਕ ਦਿੱਤਾ। ਜਿਸ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੇ ਰਾਜਪਾਲ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਕੈਪਟਨ ਅਮਰਿੰਦਰ ਸਿੰਘ ਦੇ ਵਿਰੁੱਧ ਬਗਾਬਤ ਕਰਨ ਲਈ ਤਾਂ ਉਹ ਇਕਮੁੱਠ ਸਨ ਪ੍ਰੰਤੂ ਜਦੋਂ ਉਨ੍ਹਾਂ ਦੀ ਥਾ ਮੁੱਖ ਮੰਤਰੀ ਬਣਾਉਣ ਦੀ ਗੱਲ ਆਈ ਤਾਂ ਸਾਰੇ ਹੀ ਉਮੀਦਵਾਰ ਬਣ ਬੈਠੇ। ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ। ਪ੍ਰੰਤੂ ਮੰਤਰੀ ਮੰਡਲ ਦੇ ਗਠਨ ਮੌਕੇ ਫਿਰ ਤਲਵਾਰਾਂ ਕੱਢ ਲਈਆਂ। ਇਥੇ ਹੀ ਬਸ ਨਹੀਂ ਨਵਜੋਤ ਸਿੰਘ ਸਿੱਧੂ ਜਿਨ੍ਹਾਂ ਨੇ ਕੈਪਟਨ ਵਿਰੁਧ ਬਗਾਬਤ ਦੀ ਅਗਵਾਈ ਕੀਤੀ ਸੀ, ਉਹ ਹੀ ਨਵੇਂ ਮੁੱਖ ਮੰਤਰੀ ਦੇ ਫੈਸਲਿਆਂ ਦੇ ਵਿਰੋਧ ਵਿੱਚ ਆਪਣੇ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇ ਗਏ। ਆਪੇ ਬਣਾਏ ਮੁੱਖ ਮੰਤਰੀ ਨੂੰ ਠੂਠਾ ਵਿਖਾ ਦਿੱਤਾ। ਫਿਰ ਹਾਈ ਕਮਾਂਡ ਨੇ ਸਮਝੌਤਾ ਇਕ ਧਾਰਮਿਕ ਸਥਾਨ ‘ਤੇ ਲਿਜਾ ਕੇ ਕੀਤਾ ਪ੍ਰੰਤੂ ਤੀਜੇ ਦਿਨ ਸਮਝੌਤਾ ਤੋੜ ਕੇ ਫਿਰ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ। ਇਸ ਸਮੇਂ ਮੁੱਖ ਮੰਤਰੀ ਅਤੇ ਪ੍ਰਧਾਨ ਦੋਹਾਂ ਦੇ ਰਸਤੇ ਵੱਖਰੇ ਹਨ। ਇਸ ਪ੍ਰਕਾਰ ਪੰਜਾਬ ਕਾਂਗਰਸ ਦੇ ਨੇਤਾ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਅਤੇ ਢਾਹੁਣ ਵਿੱਚ ਆਪ ਹੀ ਮੋਹਰੀ ਦੀ ਭੂਮਿਕਾ ਨਿਭਾ ਰਹੇ ਹਨ। ਭਾਵ ਵਿਰੋਧੀ ਪਾਰਟੀ ਦਾ ਰੋਲ ਵੀ ਉਨ੍ਹਾਂ ਨੂੰ ਆਪ ਹੀ ਨਿਭਾਉਣਾ ਪੈ ਰਿਹਾ ਹੈ। ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾ ਵਿੱਚ ਵਿਰੋਧੀਆਂ ਦੇ ਜਿੱਤਣ ਦਾ ਰਾਹ ਪੱਧਰਾ ਕਰ ਰਹੇ ਹਨ। ਹਾਈ ਕਮਾਂਡ ਆਪਣੇ ਕੀਤੇ ਫ਼ੈਸਲੇ ‘ਤੇ ਪਛਤਾ ਰਹੀ ਹੋਵੇਗੀ ਕਿਉਂਕਿ ਪੰਜਾਬ ਵਿੱਚ ਕਾਂਗਰਸ ਪਾਰਟੀ ਦੀ ਰਹਿੰਦੀ ਖੂੰਹਦੀ ਪਛਾਣ ਵੀ ਖ਼ਤਮ ਹੋਣ ਕਿਨਾਰੇ ਕਰ ਦਿੱਤੀ। ਕਾਂਗਰਸੀ ਭਰਾਵੋ ਤੇਲ ਦੇਖੋ ਤੇਲ ਦੀ ਧਾਰ ਵੇਖੋ ਤੁਹਾਡੀ ਕਿਸਮਤ ਕਿਸ ਕਰਵਟ ਬੈਠਦੀ ਹੈ। ਵੈਸੇ ਜ਼ਮੀਨ ਪੈਰਾਂ ਹੇਠੋਂ ਨਿਕਲ ਚੁੱਕੀ ਹੈ।

**ਉਜਾਗਰ ਸਿੰਘ**
**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
**ਮੋਬਾਈਲ-94178 13072**
**ujagarsinghDH@yahoo.com**

# ਹੁਣ ਇਹ ਮੋਸ਼ਨ ਕਿੰਨੇ ਦਾ ਪਊਗਾ ?

ਅੱਤਵਾਦ ਦੌਰਾਨ ਪੰਜਾਬ ਪੁਲਿਸ ਕਈ ਅਜੀਬੋ ਗਰੀਬ ਹਾਲਾਤਾਂ ਵਿੱਚੋਂ ਗੁਜ਼ਰੀ ਹੈ। ਸ਼ੁਰੂਆਤ ਵਿੱਚ ਪੁਲਿਸ ਕੋਲ ਪੁਰਾਣੀਆਂ ਥਰੀ ਨਟ ਥਰੀ ਰਾਈਫਲਾਂ ਅਤੇ ਬੈਟਰੀ ਤੋਂ ਬਗੈਰ ਧੱਕੇ ਨਾਲ ਸਟਾਰਟ ਹੋਣ ਵਾਲੀਆਂ ਖਟਾਰਾ ਜੀਪਾਂ ਹੁੰਦੀਆਂ ਸਨ ਜੋ ਸਿਰਫ ਐਸ.ਐਚ.ਉ. ਦੀ ਵਰਤੋਂ ਵਾਸਤੇ ਸਨ। ਬਾਕੀ ਮੁਲਾਜ਼ਮ ਟੈਕਸੀ ਸਟੈਂਡ ਤੋਂ ਵਗਾਰ ਵਿੱਚ ਲਿਆਂਦੀਆਂ ਅੰਬੈਸਡਰ ਕਾਰਾਂ ਜਾਂ ਘੜੂਕਿਆਂ ਨਾਲ ਆਪਣਾ ਕੰਮ ਸਾਰਦੇ ਸਨ। ਸਵੇਰੇ ਜੀਪ ਸਟਾਰਟ ਕਰਨ ਲੱਗਿਆਂ ਆਸੇ ਪਾਸੇ ਪਤਾ ਲੱਗ ਜਾਂਦਾ ਸੀ ਕਿ ਥਾਣੇਦਾਰ ਸਾਹਿਬ ਇਲਾਕੇ ਵੱਲ ਨਿਕਲਣ ਲੱਗੇ ਹਨ। ਥਾਣੇ ਦੇ ਅੱਧੇ ਮੁਲਾਜ਼ਮ ਅਤੇ ਸੜਕ 'ਤੇ ਤੁਰੇ ਜਾਂਦੇ ਰਾਹਗੀਰ ਧੱਕਾ ਲਗਾ ਕੇ ਮਸਾਂ ਜੀਪ ਸਟਾਰਟ ਕਰਦੇ ਸਨ। ਅੱਤਵਾਦ ਦੇ ਸ਼ੁਰੂ ਵਿੱਚ ਜਦੋਂ ਖਾੜਕੂ ਘਾਤ ਲਗਾ ਕੇ ਪੁਲਿਸ ਦੀਆਂ ਗੱਡੀਆਂ 'ਤੇ ਫਾਇਰਿੰਗ ਕਰਦੇ ਸਨ ਤਾਂ ਬੁਲਟ ਪਰੂਫ ਗੱਡੀਆਂ ਨਾ ਹੋਣ ਕਾਰਨ ਪੁਲਿਸ ਦਾ ਬਹੁਤ ਜਾਨੀ ਨੁਕਸਾਨ ਹੁੰਦਾ ਸੀ। ਇਸ ਸਮੇਂ ਦੌਰਾਨ ਬਹੁਤ ਸਾਰੇ ਅਫਸਰ ਅਤੇ ਮੁਲਾਜ਼ਮ ਮਾਰੇ ਗਏ ਸਨ। ਖਾੜਕੂ ਬੁਲਟ ਅਤੇ ਹੀਰੋ ਹਾਂਡੇ ਮੋਟਰ ਸਾਇਕਲ ਦੇ ਬਹੁਤ ਸ਼ੌਕੀਨ ਸਨ। ਇਸ ਕਾਰਨ ਕਈ ਸਾਲਾਂ ਤੱਕ ਪੰਜਾਬ ਵਿੱਚ ਬੁਲਟ ਮੋਟਰ ਸਾਇਕਲ ਅਤੇ ਦੋਹਰੀ ਸਵਾਰੀ 'ਤੇ ਪਾਬੰਦੀ ਲੱਗੀ ਰਹੀ ਸੀ। ਇਹ ਖਬਰਾਂ ਆਮ ਹੀ ਆਉਂਦੀਆਂ ਹੁੰਦੀਆਂ ਸਨ ਕਿ ਫਲਾਣੀ ਜਗ੍ਹਾ ਖਾੜਕੂ ਪੁਲਿਸ 'ਤੇ ਫਾਇਰਿੰਗ ਕਰ ਕੇ ਭੱਜ ਗਏ ਤੇ ਪੁਲਿਸ ਦੀਆਂ ਰਾਈਫਲਾਂ ਚੱਲੀਆਂ ਹੀ ਨਹੀਂ। ਪਰ ਹੌਲੀ ਹੌਲੀ ਪੁਲਿਸ ਵੀ ਨਵੇਂ ਹਾਲਾਤ ਮੁਤਾਬਕ ਢਲਣ ਲੱਗ ਪਈ। ਜਿਵੇਂ ਜਿਵੇਂ ਖਾੜਕੂ ਨਵੇਂ ਹਥਿਆਰਾਂ ਅਤੇ ਢੰਗ ਤਰੀਕਆਂ ਨਾਲ ਲੈਸ ਹੁੰਦੇ ਗਏ, ਪੁਲਿਸ ਵੀ ਮਾਡਰਨ ਹੋਣ ਲੱਗ ਪਈ।

ਜੂਲੀਉ ਫਰਾਂਸਿਸ ਰਿਬੀਰੋ ਦੇ ਪੰਜਾਬ ਪੁਲਿਸ ਦੇ ਡੀ.ਜੀ.ਪੀ. ਲੱਗਦੇ ਸਾਰ ਪੁਲਿਸ ਨੂੰ ਨਵੀਆਂ ਤੋਂ ਨਵੀਆਂ ਗੱਡੀਆਂ ਅਤੇ ਹਥਿਆਰ ਮਿਲਣ ਲੱਗ ਪਏ। ਪੁਲਿਸ ਨੇ ਪਹਿਲੀ ਵਾਰ ਬੁਲਟ ਪਰੂਫ ਜਿਪਸੀਆਂ, ਕੈਂਟਰ ਅਤੇ ਟਰੈਕਟਰ ਵੇਖੇ। ਪੁਰਾਣੀਆਂ ਬੇਕਾਰ ਥਰੀ ਨਾਟ ਥਰੀ ਅਤੇ ਫੌਜ ਦੀਆਂ ਕੰਡਮ ਹੋਈਆਂ ਐਸ.ਐਲ.ਆਰ. ਰਾਈਫਲਾਂ ਦੀ ਜਗ੍ਹਾ ਵਿਦੇਸ਼ੀ ਏ.ਕੇ. 47 ਰਾਈਫਲਾਂ (ਅਸਾਲਟਾਂ) ਥਾਣਿਆਂ ਵਿੱਚ ਪਹੁੰਚ ਗਈਆਂ। ਇਸ ਤੋਂ ਪਹਿਲਾਂ ਪੁਲਿਸ ਖਾੜਕੂਆਂ ਦੀਆਂ ਜ਼ਬਤ ਕੀਤੀਆਂ ਹੋਈਆਂ ਅਸਾਲਟਾਂ ਨਾਲ ਹੀ ਕੰਮ ਚਲਾਉਂਦੀ ਸੀ ਪਰ ਉਨ੍ਹਾਂ ਦੀਆਂ ਗੋਲੀਆਂ ਨਹੀਂ ਸਨ ਮਿਲਦੀਆਂ। ਬੁਲਟ ਪਰੂਫ ਗੱਡੀਆਂ ਸਰਦੀਆਂ ਵਿੱਚ ਤਾਂ ਠੀਕ ਰਹਿੰਦੀਆਂ ਸਨ, ਪਰ ਗਰਮੀਆਂ ਵਿੱਚ ਭੱਠੀ ਵਾਂਗ ਤਪ ਜਾਂਦੀਆਂ ਸਨ। ਸਭ ਤੋਂ ਨਿਕੰਮੇ ਬੁਲਟ ਪਰੂਫ ਆਲਵਿਨ ਨਿਸ਼ਾਨ ਕੈਂਟਰ ਸਨ। ਉਨ੍ਹਾਂ ਦਾ ਇੰਜਣ ਸੀਟ ਦੇ ਥੱਲੇ ਹੁੰਦਾ ਸੀ ਜਿਸ ਕਾਰਨ ਗਰਮੀਆਂ ਵਿੱਚ ਇਸ ਦੇ ਇੰਜਣ ਤੋਂ ਨਿਕਲਣ ਵਾਲੀ ਸੜੀ ਹੋਈ ਗਰਮ ਹਵਾ ਪੁਲਿਸ ਵਾਲਿਆਂ ਦੇ ਥੱਲੇ ਧੱਫੜ ਪਾ ਦਿੰਦੀ ਸੀ। ਸ਼ੀਸ਼ਿਆਂ ਦੀ ਜਗ੍ਹਾ ਲੋਹੇ ਦੀਆਂ ਮੋਟੀਆਂ ਪਲੇਟਾਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਵਿੱਚੋਂ ਹਵਾ ਅੰਦਰ ਆਉਣ ਦੀ ਕੋਈ ਗੁੰਜਾਇਸ਼ ਨਹੀਂ ਸੀ ਹੁੰਦੀ। ਪੁਲਿਸ ਵਾਲੇ ਗਰਮੀ ਤਾਂ ਝੱਲ ਲੈਂਦੇ ਸਨ, ਪਰ ਗੋਲੀ ਦੇ ਡਰੋਂ ਕੋਈ ਪਲੇਟ ਨਹੀਂ ਸੀ ਖੋਲ੍ਹਦਾ। ਇਨ੍ਹਾਂ ਗੱਡੀਆਂ ਨੇ ਬਹੁਤ ਸਾਰੇ ਪੁਲਿਸ ਵਾਲਿਆਂ ਦੀਆਂ ਜਾਨਾਂ ਬਚਾਈਆਂ ਸਨ। ਥਾਣੇ ਦਿੜ੍ਹਬੇ ਦੇ ਇੱਕ ਬੁਲਟ ਪਰੂਫ ਕੈਂਟਰ ਦਾ ਗਸ਼ਤ ਦੌਰਾਨ ਅਗਲਾ ਸ਼ੀਸ਼ਾ ਖਾੜਕੂ ਸੁੱਖ ਰਾਮ ਕੁਲਾਰ ਨੇ ਘਾਤ ਲਗਾ ਕੇ ਕੀਤੇ ਗਏ ਇੱਕ ਹਮਲੇ ਵਿੱਚ ਮਸ਼ੀਨ ਗੰਨ ਦੇ ਬਰਸਟ ਨਾਲ ਭੰਨ ਦਿੱਤਾ ਸੀ। ਸ਼ੀਸ਼ਾ ਬੁਲਟ ਪਰੂਫ ਹੋਣ ਕਾਰਨ ਅੱਗੇ ਬੈਠੇ ਸਾਰੇ ਮੁਲਾਜ਼ਮ ਤਾਂ ਬਚ ਗਏ ਸਨ, ਪਰ ਪਿਛਲੇ ਹਿੱਸੇ ਉੱਪਰ ਛੱਤ ਨਾ ਹੋਣ ਕਾਰਨ ਕਈ ਮੁਲਾਜ਼ਮਾਂ ਦੀ ਜਾਨ ਗਈ ਸੀ।

ਸ਼ੁਰੂ ਸ਼ੁਰੂ ਵਿੱਚ ਇਨ੍ਹਾਂ ਵਹੀਕਲਾਂ ਦੀ ਬੁਲਟ ਪਰੂਫਿੰਗ ਜਲੰਧਰ ਦੀ ਇੱਕ ਕੱਚ ਕਰੜ ਕੰਪਨੀ ਵੱਲੋਂ ਕੀਤੀ ਗਈ ਸੀ (ਜਿਸ ਨੇ ਇਸ ਕੰਮ ਵਿੱਚ ਕਰੋੜਾਂ ਰੁਪਏ ਕਮਾਏ ਸਨ)। ਉਸ ਕੰਪਨੀ ਨੇ ਇਸ ਕੰਮ ਵਿੱਚ ਅਨੇਕਾਂ ਊਣਤਾਈਆਂ ਛੱਡ ਦਿੱਤੀਆਂ ਸਨ, ਜਿਸ ਕਾਰਨ ਇਨ੍ਹਾਂ ਵਿੱਚ ਕੋਈ ਨਾ ਕੋਈ ਨੁਕਸ ਪਿਆ ਹੀ ਰਹਿੰਦਾ ਸੀ। ਕਦੇ ਕਮਾਨੀ ਟੱਟ ਜਾਂਦੀ ਸੀ ਤੇ ਕਦੇ ਬਾਰੀਆਂ ਜਾਮ ਹੋ ਜਾਂਦੀਆਂ ਸਨ। ਜਿਪਸੀਆਂ 'ਤੇ ਬਿਨਾਂ ਕਿਸੇ ਟੈਕਨੀਕਲ ਸੂਝ ਬੂਝ ਦੇ ਕਵਿੰਟਲਾਂ ਦੇ ਹਿਸਾਬ ਨਾਲ ਲੋਹਾ ਜੜ ਦਿੱਤਾ ਗਿਆ ਸੀ, ਜਿਸ ਕਾਰਨ ਉਹ ਜਿਆਦਾ ਤੇਜ਼ ਨਹੀਂ ਭੱਜ ਸਕਦੀਆਂ ਸਨ ਤੇ ਇੰਜਣ ਗਰਮ ਹੋਣਾ ਆਮ ਗੱਲ ਸੀ। ਕਈ ਵਾਰ ਤੇਜ਼ ਮੋੜ ਕੱਟਣ 'ਤੇ ਉਹ ਉਲਟ ਵੀ ਜਾਂਦੀਆਂ ਸਨ। ਡਰਾਈਵਰ ਮਹੀਨੇ ਵਿੱਚੋਂ 20 ਦਿਨ ਵਰਕਸ਼ਾਪ ਹੀ ਰਹਿੰਦੇ ਸਨ।

ਉਸ ਸਮੇਂ ਨਰਿੰਦਰ ਸਿੰਘ ਸੈਣੀ (ਨਾਮ ਬਦਲਿਆ ਹੋਇਆ) ਨਾਮਕ ਥਾਣੇਦਾਰ ਥਾਣੇ ਸਰਹਾਲੀ (ਜਿਲ੍ਹਾ ਤਰਨ ਤਾਰਨ) ਦਾ ਐਸ.ਐਚ.ਉ. ਲੱਗਾ ਹੋਇਆ ਸੀ ਤੇ ਉਹ ਖਾੜਕੂਆਂ ਦੀ ਹਿੱਟ ਲਿਸਟ 'ਤੇ ਸੀ। ਉਸ ਦੀ ਬੁਲਟ ਪਰੂਫ ਜਿਪਸੀ ਦਾ ਡਰਾਈਵਰ ਬਹੁਤ ਹੀ ਚਾਲੂ ਕਿਸਮ ਦਾ ਇਨਸਾਨ ਸੀ ਤੇ ਜਿਪਸੀ ਵਿੱਚ ਕੋਈ ਨਾ ਕੋਈ ਨੁਕਸ ਪੈਣ ਦੇ ਬਹਾਨੇ ਸੈਣੀ ਕੋਲੋਂ ਲਗਾਤਾਰ ਪੈਸੇ ਭੋਟਦਾ ਰਹਿੰਦਾ ਸੀ। ਬੁਲਟ ਪਰੂਫ ਜਿਪਸੀ ਬਿਨਾਂ ਨਾ ਸਰਦਾ ਹੋਣ ਕਾਰਨ ਸੈਣੀ ਨੂੰ ਉਸ ਦੀ ਗੱਲ ਮੰਨਣੀ ਪੈਂਦੀ ਸੀ। ਇੱਕ ਦਿਨ ਸੈਣੀ ਪਿੰਡਾਂ ਵਿੱਚ ਗਸ਼ਤ ਕਰ ਰਿਹਾ ਸੀ ਤਾਂ ਜਿਪਸੀ ਅੱਗੇ ਕੁਝ ਡੰਗਰ ਆ ਜਾਣ ਕਾਰਨ ਡਰਾਈਵਰ ਨੂੰ ਅਚਾਨਕ ਬਰੇਕ ਮਾਰਨੀ ਪਈ। ਭਾਰੀ ਹੋਣ ਕਾਰਨ ਜਿਪਸੀ ਨੂੰ ਦੁਬਾਰਾ ਸਪੀਡ ਪਕੜਨ ਵਿੱਚ ਕਾਫੀ ਵਕਤ ਲੱਗ ਜਾਂਦਾ ਸੀ ਜਿਸ ਕਾਰਨ ਡਰਾਈਵਰ ਖਿਝ੍ਹ ਗਿਆ ਤੇ ਬੜਬੜਾਇਆ, ਦੁਰ ਫਿੱਟੇ ਮੂੰਹ, ਸਾਲਿਆਂ ਨੇ ਸਾਰਾ ਮੋਸ਼ਨ (ਰਫਤਾਰ) ਈ ਤੋੜ ਦਿੱਤਾ ਆ। ਸੈਣੀ ਡਰਾਈਵਰ ਦੀਆਂ ਰੋਜ ਰੋਜ ਦੀਆਂ ਮੰਗਾਂ ਤੋਂ ਅੱਕਿਆ ਪਿਆ ਸੀ। ਉਸ ਨੇ ਸੋਚਿਆ ਸ਼ਾਇਦ ਬਰੇਕ ਮਾਰਨ ਨਾਲ ਫਿਰ ਕੋਈ ਪੁਰਜ਼ਾ ਟੁੱਟ ਗਿਆ ਹੈ। ਉਹ ਟੁੱਟ ਕੇ ਡਰਾਈਵਰ ਨੂੰ ਪਿਆ, ਭੂਤਨੀ ਦਿਆ, ਹੁਣ ਇਹ ਮੋਸ਼ਨ ਕਿੰਨੇ ਦਾ ਪਊਗਾ ? ਸੁਣ ਕੇ ਡਰਾਈਵਰ ਹੱਸ ਪਿਆ, ਕੋਈ ਨਈਂ ਜਨਾਬ, ਮੇਰੇ ਦੋਸਤ ਕੋਲ ਇੱਕ ਮੋਸ਼ਨ ਵਾਧੂ ਪਿਆ ਆ। ਮੈਂ ਉਸ ਤੋਂ ਫਰੀ ਹੀ ਲੈ ਆਉਂਗਾ। ਡਰਾਈਵਰ ਦੀ ਦਰਿਆ ਦਿਲੀ ਵੇਖ ਕੇ ਸੈਣੀ ਨੇ ਸੁੱਖ ਦਾ ਸਾਹ ਲਿਆ।

**ਬਲਰਾਜ ਸਿੰਘ ਸਿੱਧੂ ਕਮਾਂਡੈਂਟ**
**ਪੰਡੋਰੀ ਸਿੱਧਵਾਂ 9501100062**

## ਮਿੱਠੀ ਯਾਦ (ਮਿੰਨੀ ਕਹਾਣੀ)

ਅਸੀ ਚਾਰ ਭੈਣ ਭਰਾ ਸੀ, ਜ਼ਿੰਦਗੀ ਬਹੁਤ ਖੁਸ਼ੀ ਨਾਲ ਬਤੀਤ ਹੋ ਰਹੀ ਸੀ। ਪਰ ਚਾਰਾਂ ਦੀ ਪੜ੍ਹਾਈ ਦਾ ਖਰਚਾ ਬਹੁਤ ਹੋਣ ਕਰਕੇ ਤੇ ਨਾਲ ਮੁਕੱਦਮੇ ਚੱਲਦੇ ਹੋਣ ਕਰਕੇ ਪਾਪਾ ਨੇ ਮੈਨੂੰ ਪੁਰਾਣਾ ਸਾਈਕਲ ਲੈ ਦਿੱਤਾ। ਪਾਪਾ ਨੇ ਮੈਨੂੰ ਕਿਹਾ ਅਗਲੇ ਸਾਲ ਨਵਾਂ ਲੈ ਦਿਆਂਗਾ, ਮੇਰੇ ਦਾਦਾ ਜੀ ਇਹ ਗੱਲ ਵਧੀਆ ਨਾ ਲੱਗੀ। ਉਹਨਾਂ ਨੇ ਮੈਨੂੰ ਕੋਲ ਬੁਲਾਇਆ ਤੇ ਕਹਿਣ ਲੱਗੇ---ਪੁੱਤਰ ਕੱਲ ਤੈਨੂੰ ਮੈਂ ਨਵਾਂ ਸਾਈਕਲ ਲੈ ਦੇਵਾਂਗਾ, ਪਰ ਤੇਰੇ ਮਾਂ-ਪਿਉ ਤੋਂ ਬਿਨਾਂ ਕਿਸੇ ਨੂੰ ਪਤਾ ਨਾ ਲੱਗੇ।

ਮੇਰੇ ਪਾਪਾ ਹੋਰੀ ਪੰਜ ਭਰਾ ਸਨ, ਪਰ ਦਾਦਾ ਜੀ ਨਹੀਂ ਸਨ ਚਾਹੁੰਦੇ ਕਿ ਉਹਨਾਂ ਨੂੰ ਪਤਾ ਲੱਗੇ ਕਿਉਂਕਿ ਟੱਬਰ ਵੱਡਾ ਸੀ। ਅਸੀਂ ਚਾਰੇ ਹੀ ਪੜ੍ਹਨ ਵਿੱਚ ਵਧੀਆ ਸੀ। ਦਾਦਾ ਜੀ ਨੂੰ ਸੀ ਕਿ ਸਾਡੀ ਪੜਾਈ ਵਿੱਚ ਕੋਈ ਵਿਘਨ ਨਾ ਆਏ। ਇੱਕ ਤਾਂ ਉਹ ਸਾਨੂੰ ਅੱਗੇ ਵੱਧਦਾ ਵੇਖਣਾ ਚਾਹੁੰਦੇ ਸਨ। ਦੂਜਾ ਉਹਨਾਂ ਨੂੰ ਇਹ ਵੀ ਸੀ ਕਿ ਥੋੜੇ ਚਿਰ ਦੀਆਂ ਲਈ ਮੁਸ਼ਕਿਲਾਂ ਸਾਡੀ ਜ਼ਿੰਦਗੀ ਵਿੱਚ ਰੁਕਾਵਟ ਨਾ ਬਣ ਜਾਣ।

ਦਾਦਾ ਜੀ ਤੇ ਮੇਰੇ ਪਾਪਾ ਸਕੂਲ ਤੋਂ ਬਾਅਦ ਮੇਰੇ ਕੋਲ ਪਹੁੰਚ ਗਏ। ਮੈਂ ਚਾਈਂ-ਚਾਈਂ ਨਵਾਂ ਸਾਈਕਲ ਖਰੀਦਿਆ ਤੇ ਘਰ ਆ ਗਈ। ਮੈਂ ਵਿਹੜੇ ਵਿੱਚ ਸਾਈਕਲ ਚਲਾ ਰਹੀ ਸੀ। ਮੇਰੇ ਦਾਦਾ ਜੀ ਵਿਹੜੇ ਵਿੱਚ ਆਏ ਤੇ ਕਹਿਣ ਲੱਗੇ ਪੁੱਤਰ ਸਾਈਕਲ ਨਵਾਂ ਲਿਆ ਐ ਕੀ ? ਮੈਂ ਦਾਦਾ ਜੀ ਦੇ ਮੂੰਹ ਵੱਲ ਵੇਖ ਰਹੀ ਸੀ ਤੇ ਕਹਿਣ ਹੀ ਲੱਗੀ ਸੀ ਕਿ ਤੁਸੀਂ ਤਾਂ ਲੈ ਕੇ ਦਿੱਤਾ। ਇਨੇ ਨੂੰ ਪਾਪਾ ਆ ਗਏ, ਉਹਨਾਂ ਨੇ ਫਟਾਫਟ ਕਹਿ ਦਿੱਤਾ--ਹਾਂਜੀ ਨਵਾਂ ਲਿਆ।

ਮੈਂ ਸੋਚਣ ਲੱਗ ਗਈ ਕਿ ਆਹ ਕੀ ਐ ? ਦਾਦਾ ਜੀ ਨੇ ਸਾਈਕਲ ਨੂੰ ਵੇਖਦਿਆਂ ਕਿਹਾ---ਬਹੁਤ ਸੋਹਣਾ ਏ। ਮੇਰਾ ਧਿਆਨ ਇੱਕਦਮ ਚਾਚਾ ਜੀ ਤੇ ਪਿਆ ਕਿਉਂਕਿ ਉਹ ਵੀ ਵੇਹੜੇ ਵਿੱਚ ਬੈਠੇ ਸਨ। ਸਾਡਾ ਵਿਹੜਾ ਸਾਂਝਾ ਸੀ। ਮੈਂ ਆਪਣੇ ਸਿਰ ਤੇ ਹੱਥ ਮਾਰ ਸੋਚਣ ਲੱਗੀ ਕਿ ਲੈ, ਮਨਜੀਤ ਕੌਰੇ ! ਤੂੰ ਤਾਂ ਹੁਣੇ ਕਲੇਸ਼ ਪਵਾ ਦੇਣਾ ਸੀ। ਪਰ ਮੇਰੇ ਦਾਦਾ ਦੀ ਉਹ ਅਦਾਕਾਰੀ ਅੱਜ ਤੱਕ ਮਿੱਠੀ ਯਾਦ ਬਣ ਕੇ ਮੇਰੇ ਦਿਲ ਵਿੱਚ ਰਹਿ ਰਹੀ ਹੈ।

**ਮਨਜੀਤ ਕੌਰ ਚੱਠਾ ਚੀਮਾ**
**ਸਨਾਮ(ਸੰਗਰੂਰ)**

# ਜ਼ਿੰਦਗੀ ਪ੍ਰਤੀ ਨਜ਼ਰੀਆ

ਜਿੰਦਗੀ ਜਿੰਦਾਦਿਲੀ ਦਾ ਨਾਮ ਹੈ। ਦੁੱਖ ਅਤੇ ਸੁੱਖ ਜਿੰਦਗੀ ਵਿਚ ਨਾਲ ਨਾਲ ਚਲਦੇ ਹਨ। ਪਰ ਜਿੰਦਗੀ ਨੂੰ ਵਧੀਆ ਘਟੀਆ ਬਣਾਉਣਾ ਮਨੁੱਖ ਦੇ ਆਪਣੇ ਹੱਥ ਹੁੰਦਾ ਹੈ। ਕਈ ਲੋਕ ਛੋਟੀਆਂ ਛੋਟੀਆਂ ਗੱਲਾਂ ਵਿਚ ਵੀ ਵੱਡੀਆਂ ਖੁਸ਼ੀਆਂ ਦੀ ਤਲਾਸ਼ ਕਰ ਲੈਂਦੇ ਹਨ ਅਤੇ ਕਈ ਵੱਡੀਆਂ ਖੁਸ਼ੀਆਂ ਨੂੰ ਵੀ ਅਜਾਈਂ ਗਵਾ ਦਿੰਦੇ ਹਨ।

ਜੋ ਕੁਝ ਕੋਲ ਮੌਜੂਦ ਹੈ ਉਸਨੂੰ ਮਾਨਣ ਦੀ ਥਾਂ, ਜੋ ਕੋਲ ਨਹੀਂ ਦਾ ਰੋਣਾ ਰੋਂਦੇ ਰਹਿੰਦੇ ਹਨ। ਵਕਤ ਅਤੇ ਕਿਸਮਤ ਨੂੰ ਕੋਸਦੇ ਰਹਿੰਦੇ ਹਨ ਜਿੰਦਗੀ ਇਕ ਛੋਟਾ ਜਿਹਾ ਸ਼ਬਦ ਆਪਣੇ ਆਪ ਵਿੱਚ ਬਹੁਤ ਡੂੰਘੇ ਅਰਥ ਸਮੋਈ ਬੈਠਾ ਹੈ। ਜਿੰਦਗੀ ਨਾਂ ਹੈ ਦੁੱਖਾਂ ਅਤੇ ਸੁੱਖਾਂ ਦਾ, ਪਿਆਰ ਅਤੇ ਟਕਰਾਰ ਦਾ, ਦੋਸਤੀ ਅਤੇ ਚਾਹਤ ਦਾ, ਖੁਸ਼ੀਆਂ ਅਤੇ ਗ਼ਮੀਆਂ ਦਾ ਪਾਉਣ ਅਤੇ ਗਵਾਉਣ ਦਾ, ਰੁੱਸਣ ਅਤੇ ਮਨਾਉਣ ਦਾ, ਆਸ਼ਾ ਅਤੇ ਨਿਰਾਸ਼ਾ ਦਾ ਤੇ ਕਈਆਂ ਲਈ ਜਿੰਦਗੀ ਇੱਕ ਸੁਪਨਾ ਹੈ ਜਾਂ ਹਕੀਕਤ।

ਜ਼ਿੰਦਗੀ ਨੂੰ ਜਿਊਣ ਦਾ ਹਰੇਕ ਮਨੁੱਖ ਦਾ ਆਪਣਾ ਨਜ਼ਰੀਆ ਹੁੰਦਾ ਹੈ। ਸੂਝਵਾਨ ਲੋਕ ਜ਼ਿੰਦਗੀ ਦੇ ਮਾੜੇ ਦਿਨਾਂ ਨੂੰ ਵੀ ਹੱਸਕੇ ਬਿਤਾਉਂਦੇ ਹਨ, ਜਦਕਿ ਬੇਸਮਝ ਲੋਕ ਸਭ ਕੁਝ ਹੋਣ ਦੇ ਬਾਵਜੂਦ ਜ਼ਿੰਦਗੀ ਵਿਚ ਰੋਂਦੇ ਰਹਿੰਦੇ ਹਨ। ਹਰੇਕ ਮਨੁੱਖ ਨੂੰ ਜ਼ਿੰਦਗੀ ਵਿਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਮਨੁੱਖ ਜ਼ਿੰਦਗੀ ਦੀਆਂ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰ ਲੈਂਦੇ ਹਨ। ਅਜਿਹੇ ਮਨੁੱਖ ਜ਼ਿੰਦਗੀ 'ਚ ਮਸਤ ਚਾਲ ਨਾਲ ਚੱਲਦੇ ਹੋਏ ਬਤੀਤ ਕਰ ਲੈਂਦੇ ਹਨ।

ਜਦਕਿ ਚੁਣੌਤੀਆਂ ਨੂੰ ਪ੍ਰਵਾਨ ਨਾ ਕਰਨ ਵਾਲੇ ਮਨੁੱਖ ਜ਼ਿੰਦਗੀ ਵਿਚ ਦੁੱਖਾਂ ਦਾ ਸਾਹਮਣਾ ਕਰ ਕੇ ਜ਼ਿੰਦਗੀ ਬਤੀਤ ਕਰਦੇ ਹਨ। ਜ਼ਿੰਦਗੀ ਵਿਚ ਚੁਣੌਤੀਆਂ ਨੂੰ ਪਾਰ ਕਰ ਕੇ ਹੀ ਮੰਜ਼ਿਲ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।ਉਹ ਇਨਸਾਨ ਕਿਸਮਤ ਵਾਲੇ ਹੁੰਦੇ ਹਨ ਜੋ ਹਰ ਪਲ ਨੂੰ ਜਿਊਣਾ ਸਿੱਖ ਜਾਂਦੇ ਹਨ ਕਿਉਂਕਿ ਜਿਊਣ ਦਾ ਢੰਗ ਹਰ ਵਿਅਕਤੀ ਨੂੰ ਨਹੀਂ ਆਉਂਦਾ। ਹੱਸਣ ਤੇ ਹਸਾਉਣ ਦੇ ਹੁਨਰ ਨਾਲ ਮਾਲੋ-ਮਾਲ ਵਿਅਕਤੀ ਲਈ ਜ਼ਿੰਦਗੀ ਕਦੇ ਵੀ ਬੋਝ ਨਹੀਂ ਹੋ ਸਕਦੀ।

ਇਸੇ ਕਰਕੇ ਕਿਹਾ ਗਿਆ ਹੈ ਕਿ ਹੱਸਦਿਆਂ ਦੇ ਘਰ ਵੱਸਦੇ। ਜੇ ਤੁਸੀਂ ਜ਼ਿੰਦਗੀ ਨੂੰ ਸੱਚਮੁੱਚ ਜਿਊਣਾ ਚਾਹੁੰਦੇ ਹੋ ਤਾਂ ਆਪਣੇ ਮਨ ਵਿੱਚੋਂ ਈਰਖਾ, ਨਫ਼ਰਤ ਤੇ ਸਾੜੇ ਨੂੰ ਖ਼ਤਮ ਕਰ ਦਿਉ ਕਿਉਂਕਿ ਇਹ ਭਾਵਨਾਵਾਂ ਇਨਸਾਨ ਨੂੰ ਅੱਗੇ ਨਹੀਂ ਵਧਣ ਦਿੰਦੀਆਂ। ਜੀਵਨ ਵਿੱਚ ਆਈ ਖੜੋਤ ਬਦਬੂਦਾਰ ਖੜ੍ਹੇ ਪਾਣੀ ਦੀ ਤਰ੍ਹਾਂ ਹੁੰਦੀ ਹੈ ਜਿਸ ਕੋਲੋਂ ਕੋਈ ਵੀ ਲੰਘਣਾ ਨਹੀਂ ਚਾਹੁੰਦਾ। ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਇਰਾਦਿਆਂ ਦਾ ਮਜ਼ਬੂਤ ਹੋਣਾ ਲਾਜ਼ਮੀ ਹੈ।


ਇਸ ਲਈ ਖ਼ੂਬਸੂਰਤ ਖ਼ਿਆਲਾਂ ਦੇ ਨਾਲ ਨਾਲ ਜਿੰਦਾਦਿਲੀ ਵੀ ਜਰੂਰੀ ਹੈ। ਕਈ ਵਾਰ ਅਸੀਂ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਉਦਾਸ ਹੋ ਕੇ ਨਕਾਰਾਤਮਕ ਸੋਚ ਦੇ ਧਾਰਨੀ ਹੋ ਜਾਂਦੇ ਹਾਂ। ਜੋ ਕਿਤੇ ਨਾ ਕਿਤੇ ਸਾਨੂੰ ਬਹੁਤ ਹੀ ਦੁੱਖੀ ਕਰਦੀ ਹੈ ਇਸ ਲਈ ਸੋਚਣਾ ਨਹੀਂ ਚਾਹੀਦਾ ਜੋ ਹੋਣਾ ਉਹ ਹੋ ਕਿ ਰਹੇਗਾ ਕਦੇ ਨਿਰਾਸ਼ ਨਾ ਹੋਵੇ ਜਿੰਦਗੀ ਨੂੰ ਖੁੱਲ ਕਿ ਜੀਣਾ ਸਿੱਖੋ ਤੇ ਹਰ ਦਿਨ ਏਦਾ ਜੀਉ ਜਿਵੇਂ ਆਖਰੀ ਹੋਵੇ ਕਿਉਂਕਿ ਹੋ ਸਕਦਾ ਕੋਈ ਆਪਾਂ ਨੂੰ ਦੇਖ ਕਿ ਜਿੰਦਗੀ ਜੀ ਰਿਹਾ ਹੋਵੇ ਤੇ ਕਿਸੇ ਦੇ ਹਾਸਿਆਂ ਦੀ ਵਜਾ ਆਪਾਂ ਹੀ ਹੋਈਏ। ਇਸ ਲਈ ਨਿੱਕੀਆਂ ਨਿੱਕੀਆਂ ਗੱਲਾਂ ਤੋਂ ਸਿੱਖ ਕਿ ਸਕਾਰਾਤਮਕ ਸੋਚ ਰੱਖੋ। ਫਿਰ ਦੇਖਣਾ ਇਹੀ ਜਿੰਦਗੀ ਬਹੁਤ ਖ਼ੂਬਸੂਰਤ ਲੱਗੇਗੀ। ਕਿਉਂਕਿ ਜਿੰਦਗੀ ਤਾਂ ਨਿਕਲ ਹੀ ਜਾਣੀ ਐ ਚਾਹੇ ਹੱਸ ਕਿ ਕੱਢੀਏ ਜਾਂ ਰੋ ਕਿ ਬਸ ਇਹੀ ਨਜ਼ਰੀਆ ਰੱਖੋ ਕਿ ਜਿੰਦਗੀ ਜਿਊਣੀ ਐ ਨਾ ਕਿ ਕੱਟਣੀ।

**ਵਿਜੈ ਗਰਗ ਸਾਬਕਾ ਪੀਈਐਸ-1**
**ਸੇਵਾ ਮੁਕਤ ਪ੍ਰਿੰਸੀਪਲ**
**ਮਲੋਟ**



# ਇਨਸਾਨ ਦੀਆਂ ਸਭ ਤੋਂ ਸੱਚੀਆਂ ਤੇ ਹਮਦਰਦ ਦੋਸਤ ਕਿਤਾਬਾਂ

ਮੈਂ ਜਾਣਦੀ ਹਾਂ ਅੱਜ ਯੁੱਗ ਅਜਿਹਾ ਹੈ ਜਿਸ ਵਿੱਚ ਅਸੀਂ ਕੋਈ ਵੀ ਜਾਣਕਾਰੀ ਲੈਣੀ ਹੋਵੇ ਤਾਂ ਇੱਕ ਨਹੀਂ ਸੌ ਲਾਇਬ੍ਰੇਰੀਆਂ ਕਈ ਅਣਗਿਣਤ ਭਾਸ਼ਾਵਾਂ ਵਿੱਚ ਸਾਡੇ ਕੋਲ਼ ਸਾਡੇ ਹੱਥ ਵਿੱਚ ਮੋਬਾਈਲ ਦੇ ਰੂਪ ਵਿੱਚ ਹਨ, ਪਰ ਇੱਕ ਪਾਠਕ ਇਸ ਸੁਵਿਧਾ ਰਾਹੀਂ ਵੀ ਅਸੰਤੁਸ਼ਟ ਹੀ ਰਹਿੰਦਾ ਹੈ ਕਿਉਂਕਿ ਮੋਬਾਈਲ ਉਪਰ ਕਿਤਾਬ ਪੜਨਾ ਮਤਲੱਬ ਕਈ ਹੋਰ ਫਾਲਤੂ ਚੀਜ਼ਾਂ ਦਾ notification ਜਾਰੀ ਹੋਣਾ ਨਾਲ਼ ਨਾਲ਼ ਜਿਸ ਨਾਲ ਨਾ ਕਿਤਾਬ ਦਾ ਸਵਾਦ ਨਾ ਮੋਬਾਈਲ ਦਾ, ਪਰ ਜਦੋਂ ਕਿਸੇ ਪਾਠਕ ਦਾ ਮੋਹ ਅਸਲ ਵਿਚ ਕਿਤਾਬਾਂ ਨਾਲ ਪੈਂਦਾ ਤਾਂ ਉਸਨੂੰ ਪੰਨਿਆਂ ਵਿੱਚਲੀ ਖੁਸ਼ਬੂ ਨਾਲ ਵੀ ਮੋਹ ਹੋ ਜਾਂਦਾ ਹੈ ਫੋਨ ਸਕ੍ਰੀਨ ਨਹੀਂ ਦੇ ਸਕਦੀ ਅਸੀਂ pdf ਰਾਹੀਂ ਪੜ੍ਹ ਸਕਦੇ ਹਾਂ ਪਰ ਜੇਹਨ ਚ ਜੜ੍ਹ ਨਹੀਂ ਸਕਦੇ। ਕਿਉਕਿ ਮੇਰਾ ਨਿੱਜੀ ਭਾਵ ਹੈ ਕਿ ਜਦੋਂ ਸਰੀਰ ਵਿੱਚ ਰੱਤ ਦੀ ਥਾਂ ਕਿਤਾਬਾਂ ਦੀ ਮੱਤ ਵਹਿਣ ਲੱਗ ਜਾਂਦੀ ਹੈ ਤਾਂ ਅਸੀਂ ਇਸ ਜਹਾਨ ਤੋਂ ਬਿਨਾਂ ਕਿਸੇ ਧਰਮ,ਕਰਮ, ਸ਼ਰਮ ਦੇ ਨਿਰਲੇਪ ਹੋ ਜਾਂਦੇ ਹਾਂ। ਤੇ ਆਲ੍ਹੇ ਦੁਆਲੇ ਦੇ ਮਸਲਿਆਂ ਨੂੰ ਬੜੀ ਹੀ ਸਹਿਜਤਾ, ਤੇ ਬੌਧਿਕਤਾ ਨਾਲ਼ ਹੱਲ ਕਰਨ ਵਿੱਚ ਸਮਰੱਥ ਹੋ ਜਾਂਦੇ ਹਾਂ, ਇਸ ਲੇਖ ਨੂੰ ਚਾਹਾਂ ਤਾਂ ਬਹੁਤ ਲੰਬਾ ਲਿਖ ਸਕਦੀ ਹਾਂ ਪਰ ਨਹੀਂ ਕਿਉਕਿ ਅੱਜ ਅਸੀਂ ਸਭ ਆਧੁਨਿਕ ਯੁੱਗ ਦੇ ਉਹ ਇਨਸਾਨ ਹਾਂ ਜਿਹਨਾਂ ਲਈ ਵਕਤ ਮਤਲਬ ਵੱਡਾ ਸਰਮਾਇਆ ਛੋਟੀਆਂ ਚੀਜ਼ਾਂ ਉਪਰ ਛੋਟੀ ਇਕਾਈ ਵਿੱਚ ਖਤਮ ਕਰਨ ਲਈ ਵੀ ਸੌ ਵਾਰ ਸੋਚਾਂਗੇ। ਇਸ ਲਈ ਜ਼ਰੂਰੀ ਵਿਚਾਰ ਲਿਖਣਾ ਪਸੰਦ ਕਰਾਂਗੀ ਅੱਜ ਹਰ ਇੱਕ ਘਰ ਵਿੱਚ ਦੋ ਚਾਰ ਫੋਨ ਅਸਾਨੀ ਨਾਲ ਮਿਲ ਸਕਦੇ ਪਰ ਦੋ ਚਾਰ ਸਾਹਿਤਿਕ ਜਾਂ ਕੁਝ ਹੋਰ ਕਿਤਾਬਾਂ ਦਾ ਮਿਲਣਾ ਲਗਭਗ ਨਾ ਬਰਾਬਰ ਹੈ ਜੇਕਰ ਮਿਲ ਵੀ ਜਾਣ ਤਾਂ ਰੱਦੀ ਹੀ ਮੰਨੀਆਂ ਜਾਂਦੀਆਂ ਘਰਾਂ ਵਿੱਚ ਨਿੱਜੀ ਲਾਇਬ੍ਰੇਰੀ ਹੋਣਾ ਤਾਂ ਦੂਰ ਨਿੱਜੀ ਕਿਤਾਬਾਂ ਦਾ ਹੋਣਾ ਵੀ ਮਾਤਰ ਸੁਪਨਾ ਹੀ ਹੈ, ਖੈਰ ਜੇਕਰ ਕਿਤਾਬਾਂ ਦੀ ਗੱਲ ਕਰੀਏ ਤਾਂ ਇਨਸਾਨ ਦੀਆਂ ਸੱਭ ਤੋਂ ਵੱਧ ਹਮਦਰਦ ਦੋਸਤ ਅਧਿਆਪਕ ਸਲਾਹਕਾਰ ਕਿਤਾਬਾਂ ਤੋਂ ਵਦੀਆ ਕੋਈ ਨਹੀਂ ਹੋ ਸਕਦਾ। ਨਾ ਏਹ ਗ਼ਲਤ ਸਲਾਹ ਦਿੰਦੀਆਂ ਨੇ ਨਾ ਜਵਾਬ ਭਟਕਣਾ ਨੂੰ ਤਾਂ ਜੜੋਂ ਮੁਕਾ ਦਿੰਦੀਆਂ ਨੇ ਰਿਸ਼ਤਿਆਂ ਵਿਚਲੀ ਖਟਾਸ ਲਗਭਗ ਖ਼ਤਮ ਕਰ ਦਿੰਦੀਆ ਨੇ ਕਿਉ ਕਿ ਇਹਨਾਂ ਨੂੰ ਪੜਦਿਆਂ ਪੜਦਿਆਂ ਤੁਸੀ ਬਹੁਤ ਸੋਝ ਵਿਵੇਕ ਵਾਲ਼ੇ ਹੋ ਜਾਂਦੇ ਹੋ। ਪਰ ਪਹਿਲਾਂ ਇਹਨਾਂ ਵਿੱਚ ਆਪਣੀ ਰੁਚੀ ਪੈਦਾ ਕਰਨੀ ਜ਼ਰੂਰੀ ਹੈ, ਜਦੋਂ ਰੁਚੀ ਬਣ ਜਾਂਦੀ ਹੈ ਤਾਂ ਕਿਤਾਬ ਪੜਨਾ ਰੋਟੀ ਖਾਣ ਜਿੰਨੀ ਹੀ ਜਰੂਰੀ ਲਗਦੀ ਹੈ, ਕਿਤਾਬਾਂ ਜਿੱਥੇ ਗਿਆਨ ਵਿੱਚ ਇਜ਼ਾਫਾ ਕਰਦੀਆਂ ਨੇ ਓਥੇ ਤਣਾ ਮੁਕਤ ਵੀ ਕਰਨ ਦਾ ਸਭ ਤੋਂ ਸੁਖਾਲਾ ਤੇ ਵੱਡਾ ਸਾਧਨ ਸਿੱਧ ਹੁੰਦੀਆਂ ਨੇ ਅਗਰ ਤੁਸੀ ਆਪਣੀ ਮਨਪਸੰਦ ਕਿਤਾਬ ਜਿੰਨਾ ਕੁ ਮਨ ਕਰੇ ਓਹਨੀ ਵੀ ਪੜੋਗੇ ਤਾਂ ਯਕੀਨ ਮੰਨੋ, ਅਨੰਦ ਦਿਤ ਤੇ ਅਵਚੇਤ ਹੋ ਜਾਓਗੇ ਤੇ ਇਸ 4 5 ਦੇ ਚੱਕਰ ਤੋਂ ਖ਼ਤਰਨਾਕ ਤਿਰੰਗਾਂ ਤੋਂ ਆਸ ਪਾਸ ਦੇ ਕੂੜ ਮਾਹੌਲ ਤੋਂ ਵੀ ਸਹਿਜੇ ਹੀ ਮੁਕਤ ਹੋ ਜਾਓਗੇ।



**ਦੀਪ ਹੇਰਾਂ।**
**9814719423**

# ਕੇਹਾ ਕਰਨਾ ਲੋੜੀਏ ?

ਹੁਣ ਤੇ ਕੋਈ ਸ਼ੱਕ ਨਹੀਂ ਰਿਹਾ ਕਿ ਟਕਸਾਲੀ, ਅਬਦਾਲੀ, ਅਫਗਾਨੀ, ਹਿਲਟਰ, ਫਿਲਟਰ, ਸਭ ਭਗਵਿਆਂ ਦੀ ਸ਼ਰਨ ਵਿੱਚ ÷ਆਤਮ ਸਮਰਪਣ ÷ ਹੋ ਗਏ ਹਨ। ਸਭ ਹੁਣ ਉਹਨਾਂ ਦੀ ਬੋਲੀ ਬੋਲਦੇ ਹਨ। ਲੋਕ ਚੁਪ ਹਨ। ਉਹ ਬੋਲਦੇ ਹੀ ਨਹੀਂ ਵੱਢ ਦੇ ਵੀ ਹਨ ਤੇ ਕੁੱਟਦੇ ਹਨ। ਰੋਣ ਨਹੀਂ ਦੇਦੇ।

ਪੰਜਾਬ ਦੇ ਕੁੱਝ ਜਾਗਦੇ ਲੋਕਾਂ ਨੇ ਖੁਰ ਰਹੇ ਤੇ ਵੇਚੇ ਜਾ ਰਹੇ ਲੋਕਾਂ ਨੂੰ ਜਗਾਣ ਦਾ ਉਪਰਾਲਾ ਕੀਤਾ ਹੈ।

ਪੰਜਾਬੀਓ ! ਭਾਰਤੀਓ ! ਲੋਕੋ !

ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਖੁਰ ਜਾਣ ਤੋਂ ਬਹੁਤ ਹੀ ਚਿੰਤੁਤ ਹਨ ਪਰ ਕੀਤਾ ਕੀ ਜਾਵੇ ? ਕੀ ਕਰਨ ? ਇਸ ਸੰਬੰਧੀ ਵਿਚਾਰ ਚਰਚਾ ਕਰਨ ਲਈ ਲੋਕਾਈ ਦਾ ਇਕੱਠੇ ਹੋਣਾ ਜਰੂਰੀ ਹੈ। ਤਾਂ ਕਿ ਪੰਜਾਬ ਤੇ ਦੇਸ਼ ਨੂੰ ਸੰਭਾਲਿਆ ਤੇ ਬਚਾਇਆ ਜਾ ਸਕੇ ? ਹੋਣਾ ਕੀ ਚਾਹੀਦਾ ਹੈ ਤੇ ਹੁੰਦਾ ਕੀ ਹੈ ? ਤੇ ਲੋਕ ਕੀ ਚਾਹੁੰਦੇ ਤੇ ਕਰਦੇ ਹਨ ? ਵਿਚਾਰਨ ਦੀ ਲੋੜ ਹੈ ਕਿ ਨਹੀਂ ?

##

ਸੋਚੋ ਜਰਾ ਪਿਆਰੇ ਲੋਕੋ !

ਜਦੋਂ ਲੋਕ ਹਰ ਤਰ੍ਹਾਂ ਦਾ ਟੈਕਸ ਦੌਦੇ ਹਨ ਫੇਰ ਨਾ ਬੱਚਿਆਂ ਨੂੰ ਸਿਖਿਆ ਤੇ ਨਾ ਨੌਜਵਾਨਾਂ ਨੂੰ ਰੁਜ਼ਗਾਰ ਤੇ ਸਿਆਸਤ ਕਰੇ ਵਪਾਰ ਨਾ ਮੋਹ ਨਾ ਪਿਆਰ ਫੇਰ ਕੀ ਕੀਤਾ ਜਾਵੇ ?

ਨੌਜਵਾਨ ਹੱਥਾਂ ਵਿੱਚ ਚੁੱਕੀ ਫਿਰਦੇ ਹਨ ਡਿਗਰੀਆਂ,ਨਸ਼ਾ, ਬੇਰੁਜ਼ਗਾਰੀ ਤੇ ਭਿ ?ਸ਼ਟਾਚਾਰ. ਧੱਕੇਸ਼ਾਹੀ. ਖੁਦਕੁਸ਼ੀਆ ਤੇ ਦੁਰਕਾਰ ,ਪਾਣੀ ਦਾ ਡਿੱਗ ਰਿਹਾ ਮਿਆਰ

ਸਰਕਾਰ ਦੇ ਰਹੀ ਹੈ ਘਟੀਆ ਸਿਸਟਮ ,

ਪੁਲਿਸ ਅੱਤਿਆਚਾਰ ਤੇ ਡਾਂਗ ਦਾ ਸੱਭਿਆਚਾਰ ਪੰਜਾਬ ਵਿੱਚ ਵਧਿਆ ਲੋਟੂ ਮਾਫੀਆ ਤੇ ਸਰਕਾਰ ਸਿਆਸਤਦਾਨ ਦੇ ਲਾਰੇ ਹਨ ਤੇ ਵੱਧ ਰਹੇ ਅਪਰਾਧ ਤੇ ਡਿੱਗ ਰਿਹਾ ਇਖਲਾਕ ਹੈ।

###

ਆਓ ਕਰੀਏ ਵਿਚਾਰ !

ਕੀ ਏ ਆਪਨਾ ਇਹ ਸੱਭਿਆਚਾਰ ? ਮਨਾਂ ਦੇ ਅੰਦਰ ਉਠਦੇ ਸਵਾਲ ਜਿਹਨਾਂ ਦੇ ਜਵਾਬ ਦੀ ਤਲਾਸ਼ ਸਿਆਸਤਦਾਨਾਂ ਦੇ ਜੁਲਮੇ ਤੇ ਗੱਪਾ ਸੁਣ ਅੱਕ ਤੇ ਥੱਕ ਗਏ ਹਾਂ।ਕੀ ਹੋਇਆ ਹੈ ? ਕੀ ਦੱਸਾਂ ਤੁਸੀਂ ਵੱਧ ਜਾਣਦੇ ਹੀ ਹੋ।

ਜਿਹਨਾਂ ਨੇ ਲੋਕਾਂ ਦਾ ਜੋ ਨਾਸ ਮਾਰਿਆ ਹੈ ਤੇ ਮਾਰ ਰਹੇ ਹਨ।

ਲੋਕੋ ਤੁਸੀਂ ਜੋ ਮੁੱਲ ਤਾਰਿਆ । ਸਭ ਜਾਣਦੇ ਹੋ !

###

ਹੁਣ ਤਾਂ ਹਰ ਕੋਈ ਗਾਵੇ ,ਕੀਤਾ ਕੀ ਜਾਵੇ...ਕਰੀਏ ਕੀ ?

ਕੀਤਾ ਕੀ ਜਾਵੇ ? ਕੀ ਕਰੀਏ ?

ਕਿਵੇਂ ਕਰੀਏ ?...ਇਹ ਸਵਾਲ ਦੇ ਹਨ। ਹਰ ਇਕ ਦੇ ਮਨ ਦੇ ਅੰਦਰ ਪਰ ਕੋਈ ਨਾਇਕ ਨਜ਼ਰ ਨਹੀਂ ਆ ਰਿਹਾ ਤੇ ਸਭ ਖਲਨਾਇਕ ਹਨ। ਕੋਈ ਨਾਇਕ ਕਿਉ ਨਹੀਂ ਬਣ ਰਿਹਾ ?

.ਤੁਸੀਂ ਜਾਣਦੇ ਹੀ ਜੇ ਨਹੀ ਤਾਂ ਸੁਣੋ ਤੇ ਸੋਚੋ !

ਬੇਰੁਜ਼ਗਾਰੀ ਤੇ ਬੇਕਾਰੀ ਨੇ ਘਰਾਂ ਦੇ ਘਰ ਤਬਾਹ ਕਰ ਦਿੱਤੇ ਹਨ। ਹਰ ਰੋਜ਼ ਨੌਜਵਾਨ ਵਿਦੇਸ਼ਾਂ ਨੂੰ ਰਹੇ ਹਨ ਤੇ ਸਰਕਾਰ ਗੱਲਾਂ ਦਾ ਕੜਾਹ ਛਕਾ ਰਹੀ ਹੈ । ਹਰ ਰੋਜ਼ ਨਵੀਂ ਗੱਪ ਮਾਰੀ ਜਾ ਰਹੀ ਹੈ .ਮੀਟਿੰਗਾਂ ਹੋ ਰਹੀਆਂ ਹਨ ।

ਮਗਰਮੱਛ ਸ਼ਰੇਆਮ ਨਸ਼ੇ ਵੇਚ ਰਹੇ ਹਨ।ਹਰ ਪਿੰਡ ਤੇ ਘਰਾਂ ਤੱਕ ਮਾਲ ਪੁੱਜਦਾ ਕਰਵਾਉਣ ਦੀ ਪਹੁੰਚ ਹੈ।ਲੋਕ ਪੁਲਿਸ ਨੂੰ ਤਸਕਰਾਂ ਦੇ ਨਾਮ ਦੱਸਦੇ ਹਨ। ਵੇਚਣ ਵਾਲਿਆਂ ਨੂੰ ਫੜਕੇ ਪੁਲਿਸ ਦੇ ਹਵਾਲੇ ਵੀ ਕਰਦੇ ਹਨ ਪਰ ਫੇਰ ਵੀ ਕੋਈ ਡਰ ਨਹੀਂ.ਪੁਲਿਸ ਕਾਗਜ਼ਾਂ ਦਾ ਢਿੱਡ ਭਰਦੀ ਹੈ। ਜਨਤਕ ਇਕੱਠ ਕਰਦਿਆਂ ਲੋਕਾਂ ਨੂੰ ਸੂਚਨਾ ਦੇਣ ਦੀ ਸਲਾਹ ਦੇਂਦੀ ਹੈ। ਭਲਾ ਪੁਲਿਸ ਨੂੰ ਪਤਾ ਨਹੀਂ ਕਿ ਉਸਦੇ ਇਲਾਕੇ ਦੇ ਵਿੱਚ ਕੌਣ ਕੀ ਕਰਦੈ ? ਕਿਹੜਾ ਕੀ ਚਰਦਾ ਹੈ ?ਸਭ ਨੂੰ ਸਭ ਦਾ ਪਤਾ ਹੈ ਪਰ ਕੰਨਾਂ ਵਿੱਚ ਰੂੰ ਪਾਈ ਹੋਈ ਹੈ ਕਿਉਂਕਿ ਜੇ ਮਗਰਮੱਛ ਫੜ ਲਏ ਤਾਂ ਖਰਚ ਪਾਣੀ ਕਿਵੇਂ ਚੱਲੂ ? ਪਰ ਲੋਕ ਹੁਣ ਕਿਧਰ ਜਾਣ ?

ਇਹਨਾਂ ਮਸਲਿਆਂ ਨੇ ਸਾਰੇ ਲੋਕ ਦੁਖੀ ਕੀਤੇ ਹਨ...ਪਰ ਇਹਨਾਂ ਮਸਲਿਆਂ ਦਾ ਹਲ ਕੀ ਕਰੀਏ ? ਇਹ ਮਸਲੇ ਵਿਚਾਰ ਕਰਨ ਦੇ ਲਈ ਪੰਜਾਬ ਨੂੰ ਹੱਸਦਾ ਵਸਦਾ ਦੇਖਣ ਦੀ ਉਮੀਦ ਰੱਖਦੇ ਆਗਾਂਹਵਧੂ ਸੁਚੇਤ ਤੇ ਸੂਝਵਾਨ ਚਿੰਤਕਾਂ ਨੂੰ ਇਕ ਮੰਚ ਤੇ ਵਿਚਾਰ ਸਾਂਝਾ ਕਰਨ ਤੇ ਕੋਈ ਨਵੀਂ ਰਣਨੀਤੀ ਤਿਆਰ ਕਰਨ ਦੀ ਲੋੜ ਹੈ ਕਿ ਕੋਈ ਤਾਂ ਉਠੇ ਮਰਦ ਤੇ ਬਦਲੇ ਲੋਕਾਂ ਦੀ ਤਕਦੀਰ ! ਇਸ ਕਾਰਜ ਲਈ ਪੰਜਾਬ ਦੇ ਹਰ ਖੇਤਰ ਵਿੱਚ ਕਾਰਜ ਕਰਨ ਲਈ ਸਮਾਜ ਸੇਵੀ ਸੰਸਥਾਵਾਂ ਕਾਲਮਨਵੀਸ .ਪੱਤਰਕਾਰ .ਬੁੱਧੀਜੀਵੀਆਂ .ਵਿਦਿਆਰਥੀਆਂ,

.ਧਾਰਮਿਕ ਸੰਸਥਾਵਾਂ .ਦੇ ਅਗਾਂਹਵਧੂ ਸੋਚ ਦੇ ਸੁਚੇਤ ਵਰਗ ਦੇ ਜਿਉਂਦੇ ਤੇ ਜਾਗਦੇ ਲੋਕ ਸਾਹਮਣੇ ਆਉਣ ਹੈ ਤਾਂ ਹੀ ਗੁਆਚ ਰਹੇ . ਖੁਰ ਰਹੇ . ਪਲ ਪਲ ਮਰ ਰਹੇ ਪੰਜਾਬ ਨੂੰ ਬਚਾਉਣ ਦੇ ਲਈ ਕੋਈ ਸਾਂਝਾ ਮੰਚ ਬਣਾਇਆ ਜਾ ਸਕੇਗਾ ।

##

ਪੰਜਾਬ ਦਾ ਹਰ ਮਨੁੱਖ ਵਿਅਕਤੀਗਤ ਤੇ ਪਰੇਸ਼ਾਨ ਤਾਂ ਹੈ ਪਰ ਕੀ ਕਰੀਏ ? ਕਿਵੇਂ ਪੰਜਾਬ ਨੂੰ ਬਚਾਇਆ ਜਾਵੇ ਸਬੰਧੀ ਦੁਬਿਧਾ ਵਿੱਚ ਹੈ .ਇਹ ਸੱਚ ਹੈ ਕਿ ਹੁਣ ਘਰਾਂ ਵਿੱਚ ਬੈਠ ਕੇ ਆਪਣੀ ਮੌਤ ਦੀ ਉਡੀਕ ਕਰਨ ਦੇ ਨਾਲੋ ਕਿਸੇ ਸੰਘਰਸ਼ ਦੇ ਵਿੱਚ ਲੜਨ ਦੀ ਲੋੜ ਹੈ। ਸਿਆਸਤਦਾਨ ਪੰਜਾਬ ਨੂੰ ਦੋਵੇਂ ਹੱਥੀਂ ਲੁੱਟ ਰਹੇ ਹਨ ਤੇ ਬਹੁਗਿਣਤੀ ਲੋਕ ਲੁੱਟੇ ਜਾ ਰਹੇ ਹਨ. ਪਰ ਹੁਣ ਸਮਾਂ ਲੰਘਦਾ ਜਾ ਰਿਹਾ ਹੈ ..ਹੁਣ ਚੁਪ ਕਰਕੇ ਬੈਠ ਜਾਣਦਾ ਸਮਾਂ ਨਹੀਂ । ਸਿਰ ਜੋੜਨਾ ਦਾ ਵੇਲਾ ਹੈ। ਧੜੇਬੰਦੀਆਂ ਛੱਡਕੇ ਧੌਣ ਵਿੱਚੋ ਹੰਕਾਰ ਦੇ ਕੀਲੇ ਤੇ ਸਰੀਏ ਕੱਢ ਕੇ ਜੁੜੋ ਤੇ ਰਲ ਕੇ ਤੁਰੋ। ਹੁਣ ਜੁੜਿਆ ਬਿਨ ਸਰਨਾ ਨਹੀਂ ਤੇ ਬਿਨ ਮੌਤ ਮਰਨਾ ਨਹੀਂ !ਲੋਕਤੰਤਰ ਦਾ ਬਦਲ ਪੂਰਨ ਸਵਰਾਜ ਹੈ।

ਕਦੇ ਬਾਬੇ ਨਾਨਕ ਨੇ ਆਖਿਆ ਸੀ
ਰਾਜੇ ਸੀਹ ਮੁਕਦਮ ਕੁੱਤੇ
ਪਰ ਹੁਣ ਕੌਣ ਆਖੇ ?
ਏਹੀ ਮਾਰ ਪਈ ਕੁਰਲਾਣੇ
ਤੈ ਕੀ ਦਰਦ ਨਾ ਆਇਆ
ਬਾਬੇ ਨੇ ਕਿਰਤ ਕੀ ਤੇ ਆਖਿਆ
ਕਿਰਤ ਕਰੋ ਵੰਡ ਛਕੋ ਤੇ ਨਾਮ ਜਪੋ
ਪਰ ਹਾਕਮਾਂ ਨੇ ਤੁਹਾਨੂੰ ਭਿਖਾਰੀ ਬਣਾ ਦਿੱਤਾ
ਕਿਰਤ ਖੋ ਕੇ ਭਿਖਾਰੀਆਂ ਦੀ ਕਤਾਰ ਵਿੱਚ ਖੜ੍ਹਾ ਦਿੱਤਾ ।
ਆਟਾ ਦਾਲ ਮੰਗਣ ਲਾ ਦਿੱਤਾ ।

ਪਰ ਲੋਕੋ ਹੁਣ ਕਿਰਤ ਤੇ ਰੁਜ਼ਗਾਰ ਮੰਗੋ ਤੇ ਕਿਰਤ ਦੀ ਰਾਖੀ ਕਰਨੀ ਸਮਝੋ । ਪੰਜਾਬੀਆਂ ਦਾ ਫਰਜ਼ ਐ ਕਿ ਉਹ ਆਪਣੀ ਵਿਰਾਸਤ ਨੂੰ ਯਾਦ ਕਰਨ ਤੇ ਉਸਦੇ ਉਪਰ ਪਹਿਰਾ ਦੇਣ !

ਆਓ !ਆਪੋ ਆਪਣੀ ਹਉਮੈ ਨੂੰ ਛੱਡਕੇ ਪੰਜਾਬ ਦੇ ਲਈ ਇਕ ਸਾਂਝਾ ਮੰਚ ਬਣਾਇਆ ਜਾਵੇ ਤਾਂ ਹੀ ਪੰਜਾਬ ਬਚ ਸਕਦਾ ਹੈ...ਨਹੀ...ਤਾਂ ਸਭ ਕੁੱਝ ਤੁਹਾਡੇ ਸਾਹਮਣੇ ਹੈ..

ਪੰਜਾਬ ਨੂੰ ਬਚਾਉਣ ਲਈ ਆਓ ਰਲਮਿਲ ਕੇ ਇੱਕ ਹੰਭਲਾ ਮਾਰੀਏ। ਤੇ ਆਪਣੇ ਜਿਉਂਦੇ ਹੋਣ ਦੀ ਸ਼ਹਾਦਤ ਦੇਈਏ !

ਮੁੱਠੀ ਵਿਚੋ ਕਿਰਦੇ ਪੰਜਾਬ ਤੇ ਦੇਸ਼ ਨੂੰ ਬਚਾਈਏ।

##

ਹੁਣ ਲੜਨ ਦੀ ਲੋੜ ਹੈ
ਜਿਉਣ ਦੀ ਲੋੜ ਹੈ
ਨਾ ਕਿ ਮਰਨ ਦੀ ਨਹੀਂ ,
ਭਵਸਾਗਰ ਤਰਨ ਦੀ ਲੋੜ ਹੈ,
ਕਿਛੁ ਕਹੀਏ ਕਿਛੁ ਸੁਣੀਏ,
ਨਵੇਂ ਵਸਤਰ ਬੁਣੀਏ।

ਆਓ ਪੰਜਾਬੀਓ ਆਓ,
ਨਾ ਬਦੇਸ਼ਾਂ ਨੂੰ ਭੱਜੀ ਜਾਓ,
ਆਓ ਸਿਰ ਜੋੜੀਏ,
ਕੇਹਾ ਕਰਨਾ ਲੋੜੀਏ,
ਕੋਈ ਕਾਫਲਾ ਤੋਰੀਏ,
ਉਡੀਕਦਾ ਪੰਜਾਬ ਹੈ,
ਮੰਗਦਾ ਹਿਸਾਬ ਹੈ ।
ਬੁੱਧ ਬੋਲ
ਵਜਾਓ ਢੋਲ
ਖੋਲ੍ਹਦਾ ਪੋਲ
ਆਓ ਪੰਜਾਬੀਓ ਪੰਜਾਬ ਬਚਾਈਏ ।
ਦੇਸ਼ ਬਚਾਈਏ। ਮਨੁੱਖਤਾ ਬਚਾਈਏ !

**ਬੁੱਧ ਸਿੰਘ ਨੀਲੋਂ**
**9464370823**

# ਆਪਣੀ ਅਹਿਮੀਅਤ ਸਮਝੋ

ਇਸ ਸੰਸਾਰ ਵਿੱਚ ਪਰਮਾਤਮਾ ਨੇ ਜਿਸ ਜੀਵ ਨੂੰ ਪੈਦਾ ਕੀਤਾ ਹੈ, ਉਸਨੂੰ ਕਿਸੇ ਖਾਸ ਮਕਸਦ ਅਧੀਨ ਪੈਦਾ ਕੀਤਾ ਹੈ। ਇਸ ਦੁਨੀਆਂ ਨੂੰ ਖ਼ੂਬਸੂਰਤ ਬਣਾਉਣ ਵਿੱਚ ਹਰ ਪਸ਼ੂ, ਪੰਛੀ, ਪੇੜ ਪੌਦੇ, ਮਨੁੱਖ ਹਰ ਇੱਕ ਦਾ ਆਪਣਾ ਯੋਗਦਾਨ ਹੈ। ਜੇਕਰ ਸਾਰੇ ਜੀਵਾਂ ਦੀ ਗੱਲ ਨਾ ਕਰਕੇ ਕੇਵਲ ਮਨੁੱਖ ਦੀ ਅਹਿਮੀਅਤ ਦੀ ਗੱਲ ਕੀਤੀ ਜਾਵੇ ਤਾਂ ਹਰ ਮਨੁੱਖ ਦਾ ਆਪਣਾ ਇੱਕ ਸਥਾਨ ਹੈ। ਦੁਨੀਆਂ ਵਿੱਚ ਵੱਸਦੇ ਲੱਖਾਂ ਕਰੋੜਾਂ ਲੋਕਾਂ ਵਿੱਚ ਹਰ ਕੋਈ ਕਿਸੇ ਨਾ ਕਿਸੇ ਲਈ ਖਾਸ ਹੈ, ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ। ਇੱਕ ਪਿਤਾ ਇੱਕ ਇਨਸਾਨ ਦੇ ਰੂਪ ਵਿੱਚ ਕਿਸੇ ਲਈ ਅਹਿਮ ਭਾਵੇਂ ਨਾ ਹੋਵੇ ਪਰ ਉਸਦੇ ਬੱਚਿਆਂ ਲਈ ਉਹ ਸਭ ਤੋਂ ਖਾਸ ਹੋਵੇਗਾ। ਇਸੇ ਤਰ੍ਹਾਂ ਇੱਕ ਔਰਤ ਭਾਵੇਂ ਕਿਸੇ ਘਰ ਸਫਾਈ ਕਰਨ ਦਾ ਕੰਮ ਕਿਉਂ ਨਾ ਕਰਦੀ ਹੋਵੇ ਪਰ ਉਸਦੇ ਬੱਚਿਆਂ ਲਈ ਉਹ ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਔਰਤ ਹੈ। ਥੋੜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਹਰ ਇੱਕ ਇਨਸਾਨ ਦਾ ਆਪਣਾ ਆਪਣਾ ਅਸਤਿਤਵ ਹੈ। ਪਰ ਕਈ ਵਾਰ ਹਲਾਤ ਅਜਿਹੇ ਬਣ ਜਾਂਦੇ ਹਨ ਕਿ ਅਸੀਂ ਆਪਣੇ ਆਪ ਦੀ ਅਹਿਮੀਅਤ ਭੁੱਲ ਜਾਂਦੇ ਹਾਂ, ਕਈ ਵਾਰ ਅਸੀਂ ਆਪਣੇ ਨਾਲ ਜੁੜੇ ਹੋਏ ਲੋਕਾਂ ਨੂੰ ਏਨੀ ਅਹਿਮੀਅਤ ਦੇਣ ਲੱਗਦੇ ਹਾਂ ਕਿ ਆਪਣੇ ਆਪ ਨੂੰ ਤਵੱਜੋਂ ਦੇਣਾ ਭੁੱਲ ਜਾਂਦੇ ਹਾਂ। ਜਦੋਂ ਸਾਨੂੰ ਸਾਹਮਣੇ ਵਾਲੇ ਮਨੁੱਖਾਂ ਤੋਂ ਉਸੇ ਤਰ੍ਹਾਂ ਦਾ ਪਿਆਰ, ਸਤਿਕਾਰ ਜਾਂ ਅਹਿਮੀਅਤ ਨਹੀਂ ਮਿਲਦੀ ਤਾਂ ਅਸੀਂ ਉਦਾਸ ਹੁੰਦੇ ਹਾਂ। ਜਿਸ ਨਾਲ ਅਸੀਂ ਆਪਣੇ ਸਵੈਂ ਮਾਣ ਨੂੰ ਸੱਟ ਪੁੰਹਚਾਉਂਦੇ ਹਾਂ ਅਤੇ ਨਾਲ ਦੀ ਨਾਲ ਹੀਣ ਭਾਵਨਾ ਦੇ ਸ਼ਿਕਾਰ ਹੁੰਦੇ ਹਾਂ। ਇਸ ਸੰਸਾਰ ਵਿੱਚ ਹਰ ਕੰਮ, ਵਿਵਹਾਰ ਦੀ ਇੱਕ ਹੱਦ ਹੁੰਦੀ ਹੈ। ਕਿਸੇ ਵੀ ਤਰ੍ਹਾਂ ਦੀ ਕਿਰਿਆ ਜਦ ਹੱਦੋਂ ਵੱਧ ਹੋ ਜਾਂਦੀ ਹੈ ਤਾਂ ਉਸਦੇ ਨਕਾਰਾਤਮਕ ਨਤੀਜੇ ਆਉਣੇ ਸ਼ੁਰੂ ਹੋ ਜਾਂਦੇ ਹਨ। ਸੋ ਲੋਕਾਂ ਨੂੰ ਤਵੱਜੋਂ ਦਿੰਦੇ ਦਿੰਦੇ ਆਪਣੀ ਹੋਂਦ ਨੂੰ ਠੇਸ ਨਾ ਪੁੰਹਚਾਓ ।

ਪ੍ਰਮਾਤਮਾ ਨੇ ਜੇਕਰ ਤੁਹਾਨੂੰ ਬਣਾਇਆ ਹੈ ਤਾਂ ਕਿਸੇ ਖਾਸ ਮਕਸਦ ਲਈ ਬਣਾਇਆ ਹੈ। ਪੂਰੇ ਬ੍ਰਹਿਮੰਡ ਵਿੱਚ ਭਾਵੇਂ ਕਿੰਨੇ ਵੀ ਜੀਵ ਕਿਉਂ ਨਹੀਂ ਹਨ, ਕਿੰਨੇ ਇਨਸਾਨ ਕਿਉਂ ਨਹੀਂ ਹਨ, ਤੁਹਾਡੀ ਜਗ੍ਹਾ ਕੋਈ ਨਹੀਂ ਲੈ ਸਕਦਾ। ਤੁਹਾਡਾ ਪੂਰੇ ਬ੍ਰਹਿਮੰਡ ਵਿੱਚ ਇੱਕ ਖਾਸ ਸਥਾਨ ਹੈ। ਕਿਸੇ ਕੰਮ ਵਿੱਚ ਹਾਰ ਜਾਣਾ, ਕਾਮਯਾਬ ਨਾ ਹੋਣ ਕਰਕੇ, ਚੁਣੌਤੀਆਂ ਦੇ ਆਉਣ ਕਰਕੇ ਕਈ ਵਾਰ ਮਨੁੱਖ ਆਪਣੇ ਆਪ ਨੂੰ ਬੇਲੋੜਾ ਸਮਝਣ ਲੱਗਦਾ ਹੈ ਪਰ ਯਾਦ ਰੱਖੋ ਹਲਾਤਾਂ ਅੱਗੇ ਗੋਡੇ ਟੇਕਣ, ਵਿਚਾਰਗੀ ਵਾਲੀ ਜਿੰਦਗੀ ਜਿਊਣ ਨਾਲੋ ਕਿਤੇ ਚੰਗਾ ਹੈ ਕਿ ਹਿੰਮਤ ਨਾਲ ਸਮੇਂ ਦਾ ਟਾਕਰਾ ਕੀਤਾ ਜਾਵੇ।

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਬੇਲੋੜੇ ਹੋ ਤਾਂ ਆਪਣੀ ਸ਼ਖਸੀਅਤ ਨੂੰ ਨਿਖਾਰਨ ਵੱਲ ਧਿਆਨ ਦਿਉ ਤਾਂ ਜੋ ਤੁਸੀਂ ਕੁਝ ਵਿਲੱਖਣ ਕਰ ਸਕੋ। ਹਮੇਸ਼ਾ ਚਿੱਤ ਵਿੱਚ ਰੱਖੋ ਕਿ ਤੁਸੀਂ ਇੱਕ ਹੋ ਇਸ ਪੂਰੇ ਬ੍ਰਹਿਮੰਡ ਵਿੱਚ, ਤੁਹਾਡੇ ਵਰਗਾ ਦੂਸਰਾ ਕੋਈ ਨਹੀਂ ਹੈ। ਲੋਕ ਤੁਹਾਨੂੰ ਅਹਿਸਾਸ ਦਿੰਦੇ ਹਨ ਜਾਂ ਨਹੀਂ ਇਸ ਨਾਲੋਂ ਕਿਤੇ ਜਿਆਦਾ ਜਰੂਰੀ ਹੈ ਕਿ ਤੁਸੀਂ ਆਪਣੇ ਆਪ ਨੂੰ ਕਿੰਨੀ ਅਹਿਮੀਅਤ ਦਿੰਦੇ ਹੋ। ਜੇਕਰ ਖੁਦ ਆਪਣੇ ਆਪ ਨੂੰ ਸਵੀਕਾਰ ਕਰੋਗੇ ਤਾਂ ਹੀ ਲੋਕਾਂ ਤੋਂ ਆਸ ਕੀਤੀ ਜਾ ਸਕਦੀ ਹੈ ।

ਸੋ ਇਸ ਲੇਖ ਵਿੱਚ ਵਿਚਾਰੇ ਤਿੰਨ ਪੱਖਾਂ ਵੱਲ ਧਿਆਨ ਦੇਕੇ ਨਿਚੋੜ ਇਹੀ ਕੱਢਿਆ ਜਾ ਸਕਦਾ ਹੈ ਕਿ ਤੁਸੀਂ ਖਾਸ ਹੋ ਇਸ ਲਈ ਆਪਣੀ ਅਹਿਮੀਅਤ ਕਦੇ ਨਾ ਭੁੱਲੋ ਅਤੇ ਨਾ ਹੀ ਹੀਣ ਭਾਵਨਾ ਦੇ ਸ਼ਿਕਾਰ ਹੋਵੋ।

**ਹਰਕੀਰਤ ਕੌਰ 9779118066**

# ਕਿਸਾਨੀ ਮੋਰਚਾ ਅਤੇ ਉਸ ਵਿਚ ਔਰਤਾਂ ਦਾ ਯੋਗਦਾਨ



ਕਿਸਾਨ (ਅੰਨਦਾਤਾ) ਜੋ ਦਿਨ ਰਾਤ ਇੱਕ ਕਰਕੇ ਸਭ ਦਾ ਢਿੱਡ ਭਰਦਾ ਹੈ। ਇਸ ਦੇ ਬਾਵਜੂਦ ਵੀ ਇਸ ਅੰਨਦਾਤੇ ਦਾ ਜੀਵਨ ਸ਼ੁਰੂ ਤੋਂ ਹੀ ਸੰਘਰਸ਼ਮਈ ਰਿਹਾ ਹੈ ਭਾਵ ਕਿ ਕਈ ਤਰ੍ਹਾਂ ਦੀਆਂ ਮਾਰਾਂ ਵਕਤ ਬੇਵਕਤ ਝੱਲਣੀਆਂ ਪਈਆਂ ਹਨ ਅਤੇ ਝੱਲ ਵੀ ਰਿਹਾ ਹੈ। ਕਦੇ ਇਹ ਮਾਰ ਕੁਦਰਤ ਵੱਲੋਂ ਬੇਵਕਤ ਮੀਂਹ, ਹਨੇਰੀ, ਝੱਖੜ, ਗੜੇਮਾਰੀ ਹੋਵੇ ਜਾਂ ਹੜ, ਸੋਕਾ ਹੋਵੇ। ਕਦੇ ਇਹ ਮਾਰ ਸਮੇਂ ਦੀਆਂ ਸਰਕਾਰਾਂ ਵੱਲੋਂ ਕਿਸਾਨ ਮਾਰੂ ਨੀਤੀਆਂ ਦੇ ਰੂਪ ਵਿਚ ਹੋਵੇ। ਪਿਛਲੇ ਵਰ੍ਹੇ ਸਮਕਾਲੀ ਸਰਕਾਰ ਨੇ ਕਰੋਨਾ ਕਾਲ ਦਾ ਸਹਾਰਾ ਲੈ ਜਾਂ ਉਸ ਕਾਲ ਦਾ ਲਾਹਾ ਲੈ ਕੇ ਤਿੰਨ ਕਾਲੇ ਖੇਤੀ ਬਿੱਲ ਬਣਾ ਉਨ੍ਹਾਂ ਨੂੰ ਸਭਾ ਵਿਚ ਪਾਸ ਕਰ ਕਿਸਾਨੀ ਦੇ ਹੱਕਾਂ ਉਤੇ ਖ਼ਤਰਾ ਪੈਦਾ ਕੀਤਾ ਜਾਂ ਕਹੀਏ ਕਿ ਉਹਨਾਂ ਦੇ ਹੱਕਾਂ ਉਤੇ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ। ਪਿਛਲੇ ਲੰਬੇ ਸਮੇਂ ਤੋਂ ਭਾਰਤ ਦੇ ਕਿਸਾਨ ਦਿੱਲੀ ਦੀਆਂ ਸੜਕਾਂ ਦੇ ਸਫਿਆਂ ਉੱਤੇ ਇਤਿਹਾਸ ਸਿਰਜ ਰਹੇ ਹਨ। ਕਿਸਾਨ ਪਿਛਲੇ ਵਰ੍ਹੇ ਤੋਂ ਹੀ ਆਪਣੇ ਘਰ ਬਾਰ ਤਿਆਗ ਕੇ ਦਿੱਲੀ ਦੀਆਂ ਬਰੂਹਾਂ ਤੇ ਬੈਠੇ ਹਨ ਤੇ ਕਿਸਾਨੀ ਸੰਘਰਸ਼ ਦੇ ਨਾਮ ਅਧੀਨ ਇਤਿਹਾਸ ਸਿਰਜ ਰਹੇ ਹਨ। ਇਹ ਲੜਾਈ ਇਕੱਲੇ ਕਿਸਾਨ ਦੀ ਨਹੀਂ ਹੈ, ਉਸ ਹਰੇਕ ਇਨਸਾਨ ਦੀ ਹੈ ਜੋ ਅੰਨ੍ਹ ਦਾ ਸੇਵਨ ਕਰਦਾ ਹੈ। ਕਿਸਾਨ ਜਥੇਬੰਦੀਆਂ ਵੱਲੋਂ ਸਰਕਾਰ ਦੇ ਨੁਮਾਇੰਦਿਆਂ ਨਾਲ ਕਈ ਮੀਟਿੰਗਾਂ ਵੀ ਕੀਤੀਆਂ ਗਈਆਂ ਪਰ ਸਰਕਾਰ ਦੇ ਕੰਨ ਤੇ ਕੋਈ ਜੂੰ ਨਹੀਂ ਸਰਕੀ।

ਇਸ ਸੰਘਰਸ਼ ਵਿਚ ਸਾਰੇ ਹੀ ਲੋਕ ਭਾਵ ਕਿ ਹਰੇਕ ਵਰਗ ਹੀ ਆਪਣਾ ਬਣਦਾ ਸਰਦਾ ਯੋਗਦਾਨ ਪਾ ਰਿਹਾ ਹੈ। ਇਸ ਸੰਘਰਸ਼ ਵਿਚ ਕਿਸਾਨ ਬੀਬੀਆਂ ਵੀ ਪੂਰਾ ਸਹਿਯੋਗ ਦੇ ਰਹੀਆਂ ਹਨ ਜਾਂ ਕਹਾਂ ਕਿ ਮੋਢੇ ਨਾਲ ਮੋਢਾ ਜੋੜ ਕੇ ਖੜੀਆਂ ਹਨ। ਕਿਸਾਨ ਬੀਬੀਆਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਿਸਾਨੀ ਸੰਘਰਸ਼ ਨੂੰ ਪੂਰਾ ਮੋਢਾ ਦੇ ਰਹੀਆਂ ਹਨ।ਭਾਵੇਂ ਗੱਲ ਹੋਵੇ ਕਿਸਾਨ ਵੀਰਾਂ ਦੇ ਦਿੱਲੀ ਹੋਣ ਕਰਕੇ ਘਰ ਬਾਰ ਸੰਭਾਲਣ ਦੀ ਜ਼ਿੰਮੇਵਾਰੀ, ਮਾਲ ਡੰਗਰ ਸੰਭਾਲਣ ਦੀ ਜ਼ਿੰਮੇਵਾਰੀ ਜਾਂ ਫਸਲ ਬਾੜੀ ਦੀ ਦੇਖ ਭਾਲ ਦੀ ਜ਼ਿੰਮੇਵਾਰੀ ਹੋਵੇ ਜਾਂ ਦਿੱਲੀ ਪਹੁੰਚੇ ਕਿਸਾਨ ਵੀਰਾਂ ਲਈ ਲੰਗਰ ਪ੍ਰਸ਼ਾਦਾ ਤਿਆਰ ਕਰਨ ਦੀ ਜ਼ਿੰਮੇਵਾਰੀ ਹੋਵੇ। ਇਸਦੇ ਨਾਲ ਨਾਲ ਹੀ ਔਰਤਾਂ ਸ਼ਹੀਦ ਹੋਣ ਵਿਚ ਵੀ ਪਿੱਛੇ ਨਹੀਂ ਹਨ। ਜਿਵੇਂ ਕਿ ਪਿਛਲੇ ਦਿਨੀਂ ਹੀ ਮਾਨਸਾ ਜ਼ਿਲ੍ਹੇ ਨਾਲ ਸਬੰਧਿਤ ਤਿੰਨ ਕਿਸਾਨ ਬੀਬੀਆਂ ਨੇ ਕਿਸਾਨੀ ਸੰਘਰਸ਼ ਵਿਚ ਸ਼ਹੀਦੀ ਜਾਮ ਵੀ ਪੀਤਾ। ਕਿਸਾਨ ਬੀਬੀਆਂ ਹਰੇਕ ਫਰਜ਼ ਨੂੰ ਹੀ ਤਨਦੇਹੀ ਨਾਲ ਨਿਭਾਅ ਰਹੀਆਂ ਹਨ।

ਕਿਸਾਨੀ ਮੋਰਚੇ ਵਿਚ ਔਰਤਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਪੱਖ ਤੋਂ ਮਰਦਾਂ ਤੋਂ ਪਿੱਛੇ ਨਹੀਂ ਹਨ ਬਲਕਿ ਮਰਦਾਂ ਦੇ ਬਰਾਬਰ ਦੀ ਹੈਸੀਅਤ ਰੱਖ ਕੇ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਜ਼ਿੰਦਗੀ ਦੀ ਹਰ ਔਖੀ ਤੋਂ ਔਖੀ ਸਥਿਤੀ ਵਿਚ ਵੀ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਹਨ। ਔਰਤਾਂ ਆਪਣਾ ਮੁਕਾਮ ਹਾਸਿਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਅਤੇ ਜਾਗਰੂਕ ਹਨ। ਔਰਤਾਂ ਸਟੇਜਾਂ ਤੋਂ ਵੀ ਵਿਚਾਰ ਚਰਚਾ ਕਰਨ ਦੇ ਯੋਗ ਹਨ ਅਤੇ ਕਰ ਵੀ ਰਹੀਆਂ ਹਨ। ਔਰਤਾਂ ਕਾਨੂੰਨੀ ਸਲਾਹ ਵੀ ਦੇ ਰਹੀਆਂ ਹਨ। ਔਰਤਾਂ ਆਪਣੇ ਨਾਲ ਹੋਣ ਵਾਲੇ ਸਮਾਜਿਕ ਵਰਤਾਰਿਆਂ ਨੂੰ ਨਕਾਰ ਕੇ ਅੱਗੇ ਵਧ ਰਹੀਆਂ ਹਨ ਅਤੇ ਇਤਿਹਾਸ ਸਿਰਜ ਰਹੀਆਂ ਹਨ। ਉਹ ਆਪਣੇ ਨਾਲ ਹੋਣ ਵਾਲੀ ਹਰ ਇਕ ਬੇਇਨਸਾਫ਼ੀ ਖਿਲਾਫ ਵੀ ਲੜਨ ਲਈ ਦਿ ?ੜਤਾ ਪ੍ਰਗਟ ਕਰ ਰਹੀਆਂ ਹਨ। ਕਿਸਾਨੀ ਸੰਘਰਸ਼ ਵਿਚ ਔਰਤਾਂ ਦਾ ਮਰਦਾਂ ਦੇ ਬਰਾਬਰ ਯੋਗਦਾਨ ਇਕ ਇਤਿਹਾਸਕ ਕਦਮ ਵੀ ਹੋਵੇਗਾ। ਜਿਵੇਂ ਇਤਿਹਾਸ ਵਿਚ ਵੀ ਉਨ੍ਹਾਂ ਔਰਤਾਂ ਨੂੰ ਯਾਦ ਕੀਤਾ ਜਾਂਦਾ ਹੈ ਜੋ ਮਰਦਾਂ ਦਾ ਪੂਰਾ ਸਾਥ ਦਿੰਦੀਆਂ ਸਨ ਭਾਵੇਂ ਉਹ ਯੁੱਧ ਦਾ ਮੈਦਾਨ ਹੀ ਕਿਉਂ ਨਾਂ ਹੋਵੇ। ਔਰਤਾਂ ਦਾ ਕਿਸਾਨ ਮੋਰਚਿਆਂ ਦੇ ਵਿਚ ਇਕੱਠ ਅਤੇ ਉਨ੍ਹਾਂ ਦੁਆਰਾ ਦਿੱਤਾ ਜਾ ਰਿਹਾ ਸਾਥ ਕਿਸਾਨ ਮੋਰਚੇ ਨੂੰ ਹੋਰ ਸ਼ਕਤੀ, ਬਲ ਪ੍ਰਦਾਨ ਕਰ ਰਿਹਾ ਹੈ। ਹੁਣ ਉਹ ਦਿਨ ਦੂਰ ਨਹੀਂ ਇਸ ਸੰਘਰਸ਼ ਦੇ ਅੱਗੇ ਸਰਕਾਰ ਨੂੰ ਵੀ ਗੋਡੇ ਟੇਕਣੇ ਪੈਣਗੇ।

**ਅਰਸ਼ਪ੍ਰੀਤ ਕੌਰ ਸਰੋਆ**

ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਲਈ ਮਜਬੂਰ ਹੋਣਾ ਪਵੇਗਾ। ਇਸ ਮੋਰਚੇ ਵਿਚ ਕਿਸਾਨਾਂ ਦੀ ਜਿੱਤ ਕੰਧ ਤੇ ਉੱਕਰੀ ਹੋਈ ਮੂਰਤੀ ਵਾਂਗ ਸਾਫ਼ ਦਿਖਾਈ ਦੇ ਰਹੀ ਹੈ ਭਾਵ ਕਿ ਕਿਸਾਨਾਂ ਦੀ ਜਿੱਤ ਯਕੀਨੀ ਹੈ। ਇਹ ਮੋਰਚਾ ਪੂਰੇ ਭਾਰਤ ਦੀ ਨੁਹਾਰ ਬਦਲ ਕੇ ਰੱਖ ਦੇਵੇਗਾ। ਇਸ ਮੋਰਚੇ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਵੇਗਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਮੋਰਚਾ ਇਤਿਹਾਸ ਦੇ ਰੂਪ ਵਿਚ ਪੜ੍ਹਾਇਆ ਜਾਵੇਗਾ। ਆਉਣ ਵਾਲੀਆਂ ਪੀੜ੍ਹੀਆਂ ਮਾਣ ਮਹਿਸੂਸ ਕਰਨਗੀਆਂ ਕਿ ਓਸ ਮੋਰਚੇ ਵਿਚ ਸਾਡੀਆਂ ਕਿਸਾਨ ਬੀਬੀਆਂ ਨੇ ਆਪਣੇ ਤਨੋਂ ਮਨੋਂ ਅਤੇ ਧਨੋ ਪੂਰਾ ਸਾਥ ਦਿੱਤਾ ਸੀ ਤਾਂ ਹੀ ਇਹ ਮੋਰਚਾ ਸਫ਼ਲ ਹੋਇਆ। ਇਹ ਮੋਰਚਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਹਮੇਸ਼ਾ ਅਗਵਾਈ ਕਰੇਗਾ ਕਿ ਕਿਸ ਧੀਰਜ, ਸੁਚੱਜਤਾ ਦੇ ਨਾਲ ਗਰਮੀ, ਸਰਦੀ, ਮੀਂਹ ਤੇ ਹਨੇਰੀ ਵਿੱਚ ਵੀ ਇਹ ਮੋਰਚਾ ਬਰਕਰਾਰ ਰਿਹਾ ਅਤੇ ਅਖੀਰ ਜਿੱਤ ਪ੍ਰਾਪਤ ਕੀਤੀ।

## 25 ਨਵੰਬਰ ਜਨਮਦਿਨ ਤੇ ਵਿਸ਼ੇਸ਼ ਲੇਖ

# ਪੰਜਾਬ ਦੀ ਕੋਇਲ ਸੁਰਿੰਦਰ ਕੌਰ



ਜੇਕਰ ਸੰਗੀਤ ਦੀ ਗੱਲ ਕਰੀਏ ਤਾਂ ਸੰਗੀਤ ਬੰਦੇ ਦੀ ਰੂਹ ਦੀ ਖੁਰਾਕ ਹੈ। ਇਸ ਬਿਨਾ ਵੀ ਜਿੰਦਗੀ ਅਧੂਰੀ ਹੈ ਸੰਗੀਤ ਕਲਾ ਵੀ ਇੱਕ ਰੱਬ ਦੀ ਦਾਤ ਹੈ। ਇਹ ਦਾਤ ਰੱਬ ਬੰਦੇ ਵਿੱਚ ਆਪ ਹੀ ਭਰ ਕੇ ਭੇਜਦਾ ਹੈ। ਉਸ ਨੂੰ ਫਿਰ ਇਸ ਕਲਾ ਕਰਕੇ ਪ੍ਰਸਿੱਧੀ ਮਿਲਦੀ ਹੈ ਕਈ ਬੰਦੇ ਆਪਣਾ ਨਾਮ ਬਣਾ ਕੇ ਇਸ ਦੁਨੀਆ ਤੋ ਰੁਖਸਤ ਹੋ ਗਏ ਪਰ ਪਿੱਛੇ ਆਪਣਾ ਨਾਮ ਛੱਡ ਗਏ ਉਹਨਾਂ ਨਾਵਾਂ ਵਿੱਚੋਂ ਇਕ ਨਾਮ ਹੈ ਸੁਰਿੰਦਰ ਕੌਰ ਜਿਸ ਨੂੰ ਪੰਜਾਬ ਦੀ ਕੋਇਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਸ ਮਹਾਨ ਗਾਇਕਾ ਦਾ ਜਨਮ 25 ਨਵੰਬਰ 1929 ਨੂੰ ਲਾਹੌਰ ਵਿਖੇ ਪਿਤਾ ਬਿਸ਼ਨ ਦਾਸ ਅਤੇ ਮਾਤਾ ਮਾਇਆ ਦੇਵੀ ਦੀ ਕੁਖੋਂ ਅਣਵੰਡੇ ਪੰਜਾਬ ਵਿੱਚ ਹੋਇਆ।

ਸੁਰਿੰਦਰ ਕੌਰ ਦੀਆਂ ਚਾਰ ਭੈਣਾਂ ਪ੍ਰਕਾਸ਼ ਕੌਰ, ਮਹਿੰਦਰ ਕੌਰ, ਮਨਜੀਤ ਕੌਰ ਤੇ ਨਰਿੰਦਰ ਕੌਰ ਸਨ। ਸੁਰਿੰਦਰ ਕੌਰ ਦੇ ਪੰਜ ਭਰਾ ਸਨ। ਸੁਰਿੰਦਰ ਕੌਰ ਦਬੁਰਜੀ ਹਾਈ ਸਕੂਲ ਲਾਹੌਰ ਤੋਂ ਦਸਵੀ ਪਾਸ ਸਨ।

12 ਸਾਲ ਦੀ ਉਮਰ ਵਿੱਚ ਸੁਰਿੰਦਰ ਕੌਰ ਨੇ ਆਪਣੀ ਭੈਣ ਪ੍ਰਕਾਸ਼ ਕੌਰ ਨਾਲ ਮੁਸਲਿਮ ਉਸਤਾਦ ਇਨਾਇਤ ਹੁਸੈਨ ਅਤੇ ਹਿੰਦੂ ਉਸਤਾਦ ਪੰਡਤ ਮਨੀ ਪ੍ਰਸ਼ਾਦ ਤੋਂ ਸ਼ਾਸਤਰੀ ਸੰਗੀਤ ਦੀ ਵਿਦਿਆ ਹਾਸਲ ਕੀਤੀ। ਸੁਰਿੰਦਰ ਕੌਰ ਨੇ ਇਹਨਾਂ ਉਸਤਾਦਾ ਤੋਂ ਬਿਨਾ ਨਿਆਜ ਹੁਸੈਨ ,ਸੁਰਿੰਦਰ ਸੋਨੀ, ਅਬਦੁਲ ਰਹਿਮਨ ਖ਼ਾਨ,ਰਾਮ ਸ਼ਰਨ ਦਾਸ, ਕੁਦਣ ਲਾਲ ਘੋਸ਼, ਸਤੀਸ਼ ਭਾਟੀਆ, ਆਦਿ ਤੋਂ ਵੀ ਸੰਗੀਤ ਦਾ ਗਿਆਨ ਹਾਸਲ ਕੀਤਾ।

ਅਗਸਤ 1943 ਵਿੱਚ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਨੇ ਪਹਿਲੀ ਵਾਰ ਲਾਹੌਰ ਰੇਡਿਓ ਤੇ ਗਾਇਆ। ਇਸ ਤੋ ਅਠਾਰਾਂ ਦਿਨ ਬਾਅਦ 31ਅਗਸਤ ਨੂੰ ਇਹ ਗੀਤ ਹਿਜ ਮਾਸਟਰ ਵਾਇਸ ਕੰਪਨੀ ਵਾਲਿਆਂ ਨੇ ਦੋਹਾਂ ਭੈਣਾ ਦੀ ਅਵਾਜ਼ ਵਿੱਚ 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ ' ਰਿਕਾਰਡ ਕਰ ਦਿੱਤਾ ਜੋ ਬਹੁਤ ਮਸ਼ਹੂਰ ਹੋਇਆ।

ਸੁਰਿੰਦਰ ਕੌਰ ਨੂੰ ਦੇਸ਼ ਦੀ ਵੰਡ ਦਾ ਸੰਤਾਪ ਆਪਣੇ ਜਿਸਮ ਤੇ ਭੋਗਣਾ ਪਿਆ। ਸੁਰਿੰਦਰ ਕੌਰ ਜਨਮ ਵਾਲੀ ਮਿੱਟੀ ਦਾ ਮੋਹ ਛੱਡ ਕੇ ਪ੍ਰੀਵਾਰ ਸਮੇਤ ਗਾਜੀਆਬਾਦ (ਦਿੱਲੀ) ਆ ਵਸੀ।

29 ਜਨਵਰੀ 1948 ਨੂੰ 19 ਸਾਲ ਦੀ ਉਮਰ ਵਿੱਚ ਸੁਰਿੰਦਰ ਕੌਰ ਦਾ ਵਿਆਹ ਐਮ ਏ ਸਾਈਕਾਲੋਜੀ ਅਤੇ ਦਿੱਲੀ ਯੁਨੀਵਰਸਿਟੀ ਵਿੱਚ ਪੰਜਾਬੀ ਸਾਹਿਤ ਦੇ ਲੈਕਚਰਾਰ ਜੋਗਿੰਦਰ ਸਿੰਘ ਸੋਢੀ ਨਾਲ ਹੋ ਗਿਆ ਜੋ ਬਹੁਤ ਵਧੀਆ ਸੁਭਾਅ ਦੇ ਇਨਸਾਨ ਸਨ। ਉਹਨਾਂ ਨੇ ਸਰਿੰਦਰ ਕੌਰ ਨੂੰ ਗਾਉਣ ਵਿੱਚ ਪੂਰੀ ਮੱਦਦ ਕੀਤੀ।

ਸੁਰਿੰਦਰ ਕੌਰ ਨੇ ਬਹੁਤ ਛੋਟੀ ਉਮਰ ਵਿੱਚ ਇੱਕ ਸਥਾਪਿਤ ਕਲਾਕਾਰ ਵਜੋਂ ਜਗ੍ਹਾ ਬਣਾ ਲਈ ਇਸ ਕਰਕੇ 1948 ਤੋਂ 1952 ਤੱਕ ਫਿਲਮਾਂ ਵਿੱਚ ਬੰਬਈ ਰਹਿ ਕੇ ਪਿਠਵਰਤੀ ਗੀਤ ਗਾਏ ਪਰ ਸੁਰਿੰਦਰ ਕੌਰ ਦਾ ਮੋਹ ਤਾਂ ਪੰਜਾਬੀ ਨਾਲ ਸੀ ਬੰਬਈ ਛੱਡ ਕੇ ਫਿਰ ਦਿੱਲੀ ਆ ਗਈ।

ਸ਼ਿਵ ਕੁਮਾਰ ਦੇ ਲਿਖੇ ਗੀਤ ਸੁਰਿੰਦਰ ਕੌਰ ਦੀ ਅਵਾਜ਼ ਵਿੱਚ ਬਹੁਤ ਸਾਰੇ ਰਿਕਾਰਡ ਹੋਏ,ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾਂ ਵਿੱਚੋਂ,ਮਹਿਰਮ ਦਿਲਾਂ ਦੇ ਮਾਹੀ ਮੋੜੇਗਾ ਕਦ ਮੁਹਾਰਾਂ,ਡਾਚੀ ਵਾਲਿਆਂ ਮੋੜ ਮੁਹਾਰ ਵੇ,ਇਹਨਾਂ ਅੱਖੀਆਂ ਚੋਂ ਪਾਵਾਂ ਕਿਵੇ ਕੱਜਲਾ ਵੇ ਅੱਖੀਆਂ ਚੋਂ ਤੂੰ ਵੱਸਦਾ,ਇਕ ਮੇਰੀ ਅੱਖ ਕਾਸ਼ਨੀ. ਦੂਜਾ ਰਾਤ ਦੇ ਉਨੀਦਰੇ ਨੇ ਮਾਰਿਆ ਆਦਿ ਬਹੁਤ ਸਾਰੇ ਗੀਤ ਰਿਕਰਡ ਹੋਏ ਅਤੇ ਸਟੇਜਾ ਤੇ ਗਾਏ ਗਏ। ਇਸ ਤਰਾਂ ਹੀ ਨੰਦ ਲਾਲ ਨੂਰਪੁਰੀ ਦੇ ਬਹੁਤ ਗੀਤ ਗਾਏ,ਜੁੱਤੀ ਕਸੂਰੀ ਪੈਰੀ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਤੁਰਨਾਂ ਪਿਆ,ਚੰਨ ਵੇ ਸ਼ੌਕਣ ਮੇਲੇ ਦੀ ਪੈਰ ਧੋ ਕੇ ਝਾਂਜਰਾ ਪਾਉਂਦੀ ਮੇਲਦੀ ਆਉਂਦੀ, ਨੀ ਮੈਨੂੰ ਦਿਉਰ ਦੇ ਵਿਆਹ ਵਿੱਚ ਨੱਚ ਲੈਣ ਦੇ ,ਗੋਰੀ ਦੀਆਂ ਝਾਂਜਰਾਂ ਬਲਾਉਂਦੀਆਂ ਗਈਆਂ,ਕਾਲੇ ਰੰਗ ਦਾ ਪਰਾਂਦਾ ਸਾਡੇ ਸੱਜਣਾ ਨੇ ਆਦਿ ਗੀਤ ਗਾਏ।

ਸੁਰਿੰਦਰ ਕੌਰ ਨੇ ਬਾਬਾ ਬੁਲ੍ਹੇ ਸ਼ਾਹ ਦੀਆਂ ਕਾਫੀਆਂ ਵੀ ਗਾਈਆਂ ਅਤੇ ਹੋਰ ਬਹੁਤ ਮਸ਼ਹੂਰ ਗੀਤ ਗਾਏ ਚੰਨ ਕਿਥਾਂ ਗੁਜਾਰੀਆ ਰਾਤ ਵੇ,ਲੱਠੇ ਦੀ ਚਾਦਰ, ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ,ਬਾਜਰੇ ਦਾ ਸਿੱਟਾ ਅਸੀ ਤਲੀ ਤੇ ਮਰੋੜਿਆ ਰੁਠੜਾ ਜਾਂਦਾ ਮਾਹੀਆ ਅਸੀ ਗਲੀ ਵਿਚੋ ਮੋੜਿਆ,ਸੂਹੇ ਚੀਰੇ ਵਾਲਿਆ ਮੈ ਕਹਿਨੀਆਂ ਕਰ ਛੱਤਰੀ ਦੀ ਛਾਂ ਮੈ ਛਾਵੇ ਬਹਿਨੀਆਂ,ਮੈਂ ਕੱਤਾਂ ਪ੍ਰੀਤਾਂ ਨਾਲ ਚਰਖਾ ਚੰਨਣ ਦਾ

ਸੁਰਿੰਦਰ ਕੌਰ ਨੇ ਕਈ ਕਲਾਕਾਰਾਂ ਨਾਲ ਗਾਇਆ ਅਤੇ ਬਹੁਤ ਸਾਰੇ ਦੋਗਾਣੇ ਗੀਤ ਰਿਕਾਰਡ ਕਰਵਾਏ ਜੋ ਸਦਾ ਬਹਾਰ ਹੋ ਕੇ ਰਹਿ ਗਏ,ਜਦੋ ਦੀ ਤੂੰ ਹੋਗੀ ਸਾਧਣੀ ਪਊਏ ਰੱਖਦੀ ਘੁੰਗਰੂਆਂ ਵਾਲੇ,ਗੋਲ ਮਸ਼ਕਰੀ ਕਰ ਗਿਆ ਨੀ ਬਾਬਾ ਬਖਤੌਰਾ,ਇਹ ਮੁੰਡਾ ਨਿਰਾ ਸ਼ਨੀਚਰ ਈ ਦਿਨ ਰਾਤ ਪਵਾੜੇ ਪਾਏਗਾ,ਤੇਰੀ ਮਾਂ ਦੇ ਨੌਂ ਕੁੜੀਆਂ ਮੱਥਾ ਟੇਕਦੀ ਨੂੰ ਵੱਜ ਜਾਣ ਬਾਰਾਂ, ਮਿੱਤਰਾਂ ਦਾ ਚੱਲਿਆ ਟਰੱਕ ਨੀ,ਨਿਗ੍ਹਾ ਮਾਰਦਾ ਆਈ ਵੇ ਮੇਰਾ ਲੌਂਗ ਗਵਾਚਾ,ਵੇ ਵਣਜਾਰਿਆ ਵੰਗਾ ਵਾਲਿਆ ਕਿੱਥੇ ਨੇ ਤੇਰੇ ਘਰ ਵੇ,ਚੜ ਗਿਆ ਮਹੀਨਾ ਸਾਉਣ ਕੁੜੇ ਸੀਨੇ ਵਿੱਚ ਵੱਜ ਕੇ ਪੌਣ ਕੁੜੇ

ਸੁਰਿੰਦਰ ਕੌਰ ਨੇ ਅਣਗਿਣਤ ਦੋਗਾਣੇ ਗਾਉਣ ਦੇ ਨਾਲ ਨਾਲ ਬਹੁਤ ਸਾਰੇ ਧਾਰਮਿਕ ਗੀਤ ਵੀ ਗਏ, ਸੂਲਾਂ ਤੇ ਸੌਂਹ ਗਿਆ ਆਣ ਕੇ ਲੰਬੀ ਤਾਣ ਕੇ ਇੱਕ ਸੰਤ ਸਿਪਾਹੀ,ਮਧਾਣੀਆ ! ਗੁਰੂ ਦਸਮੇਸ਼ ਦੀਆ ਗਈਆਂ ਲਹੂ ਨਾਲ ਲਿਖੀਆਂ ਕਹਾਣੀਆਂ ,ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ ਫੁੱਲਾਂ ਨਾਲ ਗੁੰਦੋ ਲੜੀ ਹੀਰਿਆਂ ਦੇ ਹਾਰ ਦੀ ਆਦਿ ਗੀਤ ਗਾਏ।

ਭਾਰਤ ਸਰਕਾਰ ਵਲੋ ਸਰਿੰਦਰ ਕੌਰ ਨੂੰ 1953 ਵਿੱਚ ਚੀਨ ਅਤੇ 1954 ਵਿੱਚ ਰੂਸ ਵਿਖੇ ਗਾਉਣ ਲਈ ਭੇਜਿਆ। ਇਸ ਤੋਂ ਬਿਨਾਂ ਸੁਰਿੰਦਰ ਕੌਰ ਦੀ ਗਾਇਕੀ ਤੋਂ ਪ੍ਰਭਾਵਿਤ ਵਿਦੇਸ਼ਾ ਵਿੱਚ ਬਹੁਤ ਸਰੋਤੇ ਬੈਠੇ ਹਨ ਉਹਨਾਂ ਦੇ ਸੱਦੇ ਤੇ ਕਨੇਡਾ, ਇੰਗਲੈਂਡ, ਅਮਰੀਕਾ, ਅਫਰੀਕਾ, ਯੂਰਪ, ਅਰਬ ਦੇਸ਼ ਅਤੇ ਹੋਰ ਵੀ ਕਈ ਥਾਵਾਂ ਤੇ ਜਾ ਕੇ ਗਾਉਣ ਦਾ ਮੌਕਾ ਮਿਲਿਆ।

1975 ਵਿੱਚ ਸੁਰਿੰਦਰ ਕੌਰ ਨੂੰ ਬਹੁਤ ਵੱਡਾ ਸਦਮਾ ਲੱਗਿਆ ਜਦ ਉਸ ਦੇ ਪਤੀ ਦੀ ਮੌਤ ਹੋ ਗਈ।

ਸੁਰਿੰਦਰ ਕੌਰ ਨੇ ਜਿੰਦਗੀ ਦੇ ਅਖੀਰਲੇ ਸਮੇ ਵਿੱਚ ਮਨ ਦੀ ਇੱਛਾ ਪ੍ਰਗਟ ਕਰਦਿਆਂ ਕਿਹਾ ਮੈਂ ਸਾਰੀ ਉਮਰ ਪੰਜਾਬੀ ਮਾਂ ਬੋਲੀ ਲਈ ਗਾਇਆ ਮੇਰੀ ਮਨ ਦੀ ਇਛਾ ਹੈ ਮੈ ਆਪਣੇ ਸੁਵਾਸ ਵੀ ਪੰਜਾਬ ਦੀ ਧਰਤੀ ਤੇ ਦੇਵਾਂ।

ਸੁਰਿੰਦਰ ਕੌਰ ਦੀ ਵੱਡੀ ਧੀ ਡੌਲੀ ਗੁਲੇਰੀਆ ਵੀ ਗਾਇਕੀ ਦੇ ਖੇਤਰ ਵਿੱਚ ਵਧੀਆ ਮੁਕਾਮ ਹਾਸਲ ਕਰ ਚੁੱਕੀ ਹੈ। ਸੁਰਿੰਦਰ ਕੌਰ 2004 ਵਿੱਚ ਪੰਚਕੂਲੇ ਆ ਕੇ ਡੌਲੀ ਗੁਲੇਰੀਆ ਦੇ ਮਕਾਨ ਕੋਲ ਕਿਰਾਏ ਤੇ ਮਕਾਨ ਲੈ ਕੇ ਰਹਿਣ ਲੱਗ ਪਈ ਨਾਲ ਹੀ ਜੀਰਕਪੁਰ ਆਪਣੀ ਕੋਠੀ ਬਣਾਉਣੀ ਸ਼ੁਰੂ ਕਰ ਦਿੱਤੀ।

ਸੁਰਿੰਦਰ ਕੌਰ ਨੂੰ ਸਰਕਾਰੀ ਸਟੇਜਾਂ ਤੇ ਗਾਉਣ ਦਾ ਮੌਕਾ ਮਿਲਦਾ ਸੀ ਕਈ ਵਾਰ ਉਹ ਸਟੇਜ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹੁੰਦੀ ਸੀ। ਮੁੱਖ ਮੰਤਰੀ ਜੀ ਨੇ ਸਟੇਜ ਤੇ ਕਹਿਣਾ ਇਸ ਬੀਬੀ ਨੇ ਸਾਰੀ ਉਮਰ ਪੰਜਾਬ ਲਈ ਬਹੁਤ ਗਾਇਆ ਹੁਣ ਸਾਡਾ ਫਰਜ਼ ਬਣਦਾ ਹੈ ਇਸ ਬੀਬੀ ਲਈ ਵਧੀਆ ਰਿਹਾਇਸ਼ ਬੰਗਲਾ ਅਤੇ ਪੈਨਸਨ ਲਗਾ ਦਿੱਤੀ ਜਾਵੇ। ਇਹ ਗੱਲ ਸੁਰਿੰਦਰ ਕੌਰ ਸੁਣ ਸੁਣ ਕੇ ਅੱਕ ਚੁੱਕੀ ਸੀ ਇੱਕ ਦਿਨ ਭਾਵੁਕ ਹੋ ਕੇ ਸਟੇਜ ਤੇ ਬੋਲ ਪਈ ਕਹਿੰਦੀ ਇਹ ਕੁਝ ਦੇਣਾ ਕਦੋ ਹੈ ਜਦ ਮੈਂ ਮਰ ਗਈ ਪਰ ਪੰਜਾਬ ਸਰਕਾਰ ਨੇ ਸੁਰਿੰਦਰ ਕੌਰ ਨੂੰ ਲਾਰੇ ਲਪਿਆਂ ਤੋਂ ਬਿਨਾ ਕੁੱਝ ਨਾਂ ਦਿੱਤਾ। 22 ਦਸੰਬਰ 2005 ਵਿੱਚ ਉਸ ਨੂੰ ਹਾਰਟ ਅਟੈਕ ਆ ਗਿਆ ਪੰਚਕੂਲੇ ਜਨਰਲ ਹਸਪਤਾਲ ਵਿੱਚ ਉਸ ਦਾ ਇਲਾਜ ਕਰਵਾਇਆ। ਸੁਰਿੰਦਰ ਕੌਰ ਬਾਨੀ ਨਾਈਟਿੰਗ ਮਿਊਜਕਿ ਅਕੈਡਮੀ ਦੀ ਚੇਅਰਪਰਸਨ ਸੀ ਸੁਰਿੰਦਰ ਕੌਰ ਨੇ 2000 ਤੋਂ ਵੱਧ ਗੀਤ ਗਾਏ। 1984 ਵਿੱਚ ਸੁਰਿੰਦਰ ਕੌਰ ਨੂੰ ਲੋਕ ਗਾਇਕੀ ਕਰਕੇ ਸੰਗੀਤ ਨਾਟਕ ਅਕੈਡਮੀ ਐਵਾਰਡ ਨਾਲ ਸਨਮਾਨਿਤ ਕੀਤਾ।

ਇੰਡੀਆ ਨੈਸ਼ਨਲ ਅਕੈਡਮੀ ਮਿਊਜਕਿ ਡਾਂਸ ਐਂਡ ਥਾਏਟਰ ਮਿਲੇਨੀਅਮ ਅਵਾਰਡ ਮਿਲਿਆ।

ਜਨਵਰੀ 2006 ਵਿੱਚ ਹਰਿਆਣਾ ਸਰਕਾਰ ਦੀ ਸਿਫਾਰਸ਼ ਤੇ ਭਾਰਤ ਦੇ ਰਸ਼ਟਰਪਤੀ ਅਬਦੁੱਲ ਕਲਾਮ ਨੇ ਜੈ ਸ੍ਰੀ ਐਵਾਰਡ ਦਿੱਤਾ ਸੁਰਿੰਦਰ ਕੌਰ ਨੂੰ ਐਵਾਰਡ ਪ੍ਰਾਪਤ ਕਰਵਾਉਣ ਉਸ ਦੀਆਂ ਦੋ ਛੋਟੀਆਂ ਧੀਆਂ ਨੰਦਿਨੀ ਅਤੇ ਪ੍ਰਮੋਦਨੀ ਜੋ ਅਮਰੀਕਾ ਰਹਿ ਰਹੀਆਂ ਹਨ ਉਹ ਵੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਈਆਂ।

ਮੂਹਰੇ ਗਰਮੀ ਦੀ ਰੁੱਤ ਆਉਂਦੀ ਕਰਕੇ ਅਤੇ ਸੁਰਿੰਦਰ ਕੌਰ ਦੀ ਤਬੀਅਤ ਬਹੁਤੀ ਠੀਕ ਨਾਂ ਹੋਣ ਕਰਕੇ ਇਸ ਦੀਆਂ ਬੇਟੀਆਂ ਇਸ ਨੂੰ ਨਾਲ ਅਮਰੀਕਾ ਲੈ ਗਈਆਂ ਪਰ ਜ਼ਹਾਜ਼ ਦੇ ਸਫ਼ਰ ਦੋਰਾਨ ਜ਼ਹਾਜ਼ ਵਿੱਚ ਠੰਡ ਜਿਆਦਾ ਹੋਣ ਕਰਕੇ ਸੁਰਿੰਦਰ ਕੌਰ ਨੂੰ ਨਿਮੋਨੀਆਂ ਹੋ ਗਿਆ ਇਸ ਕਰਕੇ ਉਥੇ ਜਾਣ ਸਾਰ ਹੀ ਹਸਪਤਾਲ ਵਿੱਚ ਦਾਖਲ ਕਰਵਾਉਣਾ ਪਿਆ। ਕੁਝ ਸਮਾਂ ਹਸਪਤਾਲ ਦਾਖਲ ਰਹਿਣ ਤੋਂ ਬਾਅਦ 15 ਜੂਨ 2006 ਨੂੰ ਲੱਖਾਂ ਚਹੁੰਣ ਵਾਲੇ ਸਰੋਤਿਆਂ ਨੂੰ ਛੱਡ ਕੇ ਸਦਾ ਲਈ ਅਲਵਿਦਾ ਕਹਿ ਗਈ। ਸੁਰਿੰਦਰ ਕੌਰ ਦਾ ਅੰਤਮ ਸਸਕਾਰ ਵੀ ਉਥੇ ਹੀ ਨਿਊ ਜਰਸੀ ਵਿੱਚ ਕਰ ਦਿੱਤਾ ਗਿਆ।

ਭਾਰਤ ਦੇ ਸਾਬਕਾਂ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਨੇ ਸੁਰਿੰਦਰ ਕੌਰ ਦੀ ਮੌਤ ਤੋਂ ਬਾਅਦ ਉਸ ਨੂੰ ਪੰਜਾਬ ਦੀ ਕੋਇਲ ਦਾ ਖਿਤਾਬ ਦਿੱਤਾ।

**ਸਮਾਪਤ**

**ਸੁਖਵਿੰਦਰ ਸਿੰਘ ਮੁੱਲਾਂਪੁਰ**
**.9914184794**

# ਦਹੇਜ ਦੇ ਦਰਜ ਹੋ ਰਹੇ ਕੇਸਾਂ ਦੀ ਹਕੀਕਤ ਸਮਝੋਂ

ਪ੍ਰਭਜੋਤ ਕੌਰ ਢਿੱਲੋਂ ਮੁਹਾਲੀ
ਮੋਬਾਈਲ ਨੰਬਰ 9815030221

ਦੂਸਰੇ ਦਾ ਦਰਦ ਸਮਝਕੇ ਜਦੋਂ ਕੋਈ ਫੈਸਲਾ ਹੋਵੇ ਅਤੇ ਹਮਦਰਦੀ ਕਰਕੇ ਫੈਸਲਾ ਨਾ ਹੋਵੇ ਤਾਂ ਇਨਸਾਫ਼ ਕੀਤਾ ਜਾ ਸਕਦਾ ਹੈ।ਕਾਨੂੰਨ ਇਹ ਤਾਂ ਨਹੀਂ ਕਹਿੰਦਾ ਕਿ ਇਕ ਦੇ ਹੱਕ ਵਿੱਚ ਫੈਸਲਾ ਦੇਕੇ ਦੂਸਰੇ ਦੀ ਸਾਰੀ ਜ਼ਿੰਦਗੀ ਤਬਾਹ ਕਰ ਦਿਉ।ਮੀਰਾ ਬਾਈ ਅਨੁਸਾਰ, ÷ਦੁੱਖੀ ਵਿਅਕਤੀ ਦੀ ਪੀੜ ਨੂੰ ਸਿਰਫ਼ ਦੂਜਾ ਦੁੱਖੀ ਵਿਅਕਤੀ ਹੀ ਸਮਝ ਸਕਦਾ ਹੈ÷ਅੱਜ ਸਮਾਜ ਵਿੱਚ ਕਾਨੂੰਨ ਤਾਂ ਹਨ ਪਰ ਉਥਲ ਪੁਥਲ ਬਹੁਤ ਹੈ।ਰਿਸ਼ਤੇ ਤਾਰ ਤਾਰ ਹੋ ਰਹੇ ਹਨ।ਹਕੀਕਤ ਇਹ ਹੈ ਕਿ ਕਾਨੂੰਨ ਨਾਲ ਰਿਸ਼ਤੇ ਮਜ਼ਬੂਤ ਨਹੀਂ ਕੀਤੇ ਜਾ ਸਕਦੇ,ਸਿਰਫ਼ ਘਸੀਟੇ ਜਾ ਸਕਦੇ ਹਨ।ਬਹੁਤ ਦਿਨਾਂ ਤੋਂ ਦਹੇਜ ਦੇ ਝੂਠੇ ਕੇਸਾਂ ਤੋਂ ਪ੍ਰੇਸ਼ਾਨ ਲੜਕੇ/ਮਰਦ ਵੂਮੈਨ ਕਮਿਸ਼ਨ ਦੀ ਤਰ੍ਹਾਂ ਹੀ ਮਰਦਾਂ ਦੇ ਕਮਿਸ਼ਨ ਦੀ ਮੰਗ ਕਰ ਰਿਹਾ ਹੈ।ਪਰ ਹੈਰਾਨੀ ਹੋ ਰਹੀ ਹੈ ਕਿ ਉਨ੍ਹਾਂ ਦੀ ਆਵਾਜ਼ ਕੋਈ ਵੀ ਨਹੀਂ ਸੁਣ ਰਿਹਾ।ਬਹੁਤ ਵਾਰ ਅਸੀਂ ਸਾਰਿਆਂ ਨੇ ਸੁਣਿਆ ਹੈ ਕਿ÷ ਔਰਤਾਂ ਦੀਆਂ ਦੁਸ਼ਮਣ ਔਰਤਾਂ ਹੁੰਦੀਆਂ ਹਨ÷।ਮਤਲਬ ਔਰਤਾਂ ਹੀ ਔਰਤਾਂ ਦੀ ਮਦਦ ਨਹੀਂ ਕਰਦੀਆਂ। ਹੁਣ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਮਰਦਾਂ ਦੇ ਦੁਸ਼ਮਣ ਮਰਦ ਹਨ।ਮੈਂ ਅੱਜ ਗੱਲ ਕਰਾਂਗੀ ਦਹੇਜ ਦੇ ਝੂਠੇ ਕੇਸਾਂ ਵਿੱਚ ਲੜਕਿਆਂ ਨੂੰ ਫਸਾਉਣ ਲਈ ਜੋ ਕੁੱਝ ਹੋ ਰਿਹਾ ਹੈ।ਲੜਕੀਆਂ/ਔਰਤਾਂ ਦੀ ਮਦਦ ਲਈ ਕਾਨੂੰਨ ਬਣਾਇਆ ਗਿਆ,ਪਰ ਉਹ ਕਾਨੂੰਨ ਘੱਟ,ਹਥਿਆਰ ਵਧੇਰੇ ਬਣ ਗਿਆ।ਇਸ ਕਾਨੂੰਨ ਦੀ ਵੱਧਦੀ ਦੁਰਵਰਤੋਂ ਦਾ ਸਿਹਰਾ ਪੁਲਿਸ,ਪ੍ਰਸ਼ਾਸ਼ਨ, ਵਕੀਲਾਂ, ਮਾਣਯੋਗ ਜੱਜਾਂ ਅਤੇ ਇਕ ਤਰਫੀ ਸੋਚ ਰੱਖਣ ਵਾਲਿਆਂ ਦੇ ਸਿਰ ਹੈ।

ਜੱਜਾਂ ਤੇ ਅਤੇ ਪੁਲਿਸ ਅਫਸਰਾਂ ਤੇ ਵੀ ਹੁਣ ਦਹੇਜ ਦੇ ਕੇਸ ਦਰਜ ਹੋਣੇ ਸ਼ੁਰੂ ਹੋ ਗਏ ਹਨ।ਇਹ ਸੱਚੇ ਹਨ ਜਾਂ ਝੂਠੇ ਇਹ ਮਸਲਾ ਬਾਅਦ ਦਾ ਹੈ।ਹਕੀਕਤ ਇਹ ਹੈ ਕਿ ਕਾਨੂੰਨ ਦੀ ਦੁਰਵਰਤੋਂ ਧੜੱਲੇ ਨਾਲ ਹੋ ਰਹੀ ਹੈ।ਪਰ ਇਸਦੇ ਬਾਵਜੂਦ ਲੜਕੇ ਅਤੇ ਉਸਦੇ ਪਰਿਵਾਰਾਂ ਦੀ ਗੱਲ ਕੋਈ ਸੁਣਨ ਨੂੰ ਤਿਆਰ ਨਹੀਂ।ਉਨ੍ਹਾਂ ਨੂੰ ਕਈ ਵਾਰ ਬੇਕਸੂਰ ਹੁੰਦਿਆ ਵੀ ਬੇਇਜ਼ਤ ਕੀਤਾ ਜਾਂਦਾ ਹੈ।ਮੋਟੀਆਂ ਰਕਮਾਂ ਉਨ੍ਹਾਂ ਕੋਲੋਂ ਕੁੜੀਆਂ ਵਾਲੇ ਮੰਗਦੇ ਹਨ ਅਤੇ ਹਰ ਕੋਈ ਉਨਾਂ ਦਾ ਤਮਾਸ਼ਾ ਵੇਖਦਾ ਹੈ।ਇਕ ਗੱਲ ਮੈਨੂੰ ਸਮਝ ਨਹੀਂ ਆਉਂਦੀ ਕਿ ਮਰਦ ਹੋਕੇ ਮਰਦਾਂ ਦਾ ਦਰਦ ਨਹੀਂ ਸਮਝਦੇ।ਮਰਦ ਹੋਕੇ ਮਰਦਾਂ ਦੇ ਦੁਸ਼ਮਣ ਬਣ ਜਾਂਦੇ ਹਨ।ਮੈਂ ਇਹ ਇਸ ਕਰਕੇ ਕਿਹਾ ਹੈ ਕਿ ਹਰ ਕੋਈ ਬੜੇ ਆਰਾਮ ਨਾਲ ਕਹਿ ਦਿੰਦਾ ਹੈ ਕਿ ਔਰਤ ਹੀ ਔਰਤ ਦੀ ਦੁਸ਼ਮਣ ਹੈ।ਸਮਾਜ ਨੂੰ ਚਲਾਉਣ ਅਤੇ ਪਰਿਵਾਰਾਂ ਨੂੰ ਟੁੱਟਣ ਤੋਂ ਬਚਾਉਣ ਲਈ ਇਕ ਪਾਸੜ ਗੱਲ ਕਰਨੀ ਬੰਦ ਕਰਨੀ ਪਵੇਗੀ।ਜੱਜ ਸਾਹਿਬ ਤੇ ਕੇਸ ਉਨ੍ਹਾਂ ਦੀ ਪਤਨੀ ਨੇ ਦਹੇਜ ਮੰਗਣ ਅਤੇ ਤੰਗ ਕਰਨ ਦਾ ਕੀਤਾ।ਸੁਭਾਵਿਕ ਹੈ ਬਾਕੀ ਧਾਰਾਵਾਂ ਵੀ ਲੱਗੀਆਂ ਹੋਣਗੀਆਂ।ਹਾਂ, ਜੱਜ ਸਾਹਿਬ ਦੀ ਗ੍ਰਿਫਤਾਰੀ ਤੇ ਰੋਕ ਲੱਗ ਗਈ। ਆਮ ਲੜਕਿਆਂ ਦਾ ਤਾਂ ਪੁਲਿਸ ਵਾਲੇ ਜਿਊਣਾ ਹਰਾਮ ਕਰ ਦਿੰਦੇ ਹਨ।ਇਸ ਕਾਨੂੰਨ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ ਜਾ ਰਿਹਾ ਹੈ।

ਇਸ ਕਾਨੂੰਨ ਦੀ ਹੋ ਰਹੀ ਦੁਰਵਰਤੋਂ ਨੂੰ ਰੋਕਣਾ ਬੇਹੱਦ ਜ਼ਰੂਰੀ ਹੈ।ਕਾਨੂੰਨ ਦੀ ਸੋਧ,ਇਸਦੀ ਦੁਰਵਰਤੋਂ ਕਰਨ ਵਾਲਿਆਂ ਤੇ ਸਖ਼ਤ ਕਾਰਵਾਈ ਕਰਨੀ ਬਹੁਤ ਜ਼ਰੂਰੀ ਹੈ। ਸਮਾਜ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਸਿਰਫ਼ ਲੜਕੀਆਂ ਦਾ ਪੱਖ ਨਾ ਪੂਰਨ,ਜਿਹੜਾ ਵੀ ਗਲਤ ਹੈ ਉਸ ਤੇ ਕਾਰਵਾਈ ਹੋਵੇ,ਇਸ ਤੇ ਹੀ ਜ਼ੋਰ ਦੇਣ।ਹਰ ਵਾਰ ਲੜਕੇ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਗਲਤ ਸਾਬਿਤ ਕਰਨ ਤੇ ਜ਼ੋਰ ਨਾ ਲਗਾਉ।ਇੰਜ ਹੀ ਲੜਕੇ ਪਰਿਵਾਰ ਤੇ ਪੈਸੇ ਦਾ ਬੋਝ ਪਾਕੇ,ਸਮਾਜ ਦਾ ਸਾਰਾ ਢਾਂਚਾ ਹੀ ਵਿਗਾੜ ਦਿੱਤਾ ਗਿਆ ਹੈ।ਜਿਸਦਾ ਜੋ ਸਮਾਨ ਹੈ,ਰਸੀਦਾਂ ਵਿਖਾ ਕੇ ਵਾਪਿਸ ਲੈਣ ਦੇਣ ਕਰ ਲਿਆ ਜਾਵੇ।ਪਰਿਵਾਰਾਂ ਵਿੱਚ ਮੁੰਡੇ ਅਤੇ ਕੁੜੀਆਂ ਹਨ।ਇਹ ਅੱਗ ਸੱਭ ਕੁੱਝ ਤਬਾਹ ਕਰ ਦੇਵੇਗੀ।ਜੱਜਾਂ ਦੇ ਘਰਾਂ ਵਿੱਚ ਵੀ ਵੜ ਰਹੀ ਹੈ,ਇਸ ਕਰਕੇ ਫੈਸਲੇ ਲੈਣ ਲੱਗੇ ਵੀ ਲੜਕੀਆਂ ਦਾ ਪੱਖ ਨਾ ਪੂਲਿਆ ਜਾਵੇ।ਜ਼ਬਰਦਸਤੀ ਘਰ ਨਹੀਂ ਵਸਾਏ ਜਾ ਸਕਦੇ।

ਬਹੁਤ ਕੁੱਝ ਸਮਾਜ ਵਿੱਚ ਵਿਗੜ ਗਿਆ ਹੈ।ਉਸਦਾ ਵੱਡਾ ਕਾਰਨ ਇਹ ਹੈ ਕਿ ਕਾਨੂੰਨਾਂ ਦੀ ਦੁਰਵਰਤੋਂ ਅਤੇ ਭੰਗੜੇ ਲੂਲੇ ਕਾਨੂੰਨ ਕਰ ਦੇਣੇ।ਦਹੇਜ ਦੇ ਕਾਨੂੰਨ ਵਿੱਚ ਦਹੇਜ ਦੇਣ ਅਤੇ ਲੈਣ ਵਾਲੇ ਦੋਵੇਂ ਗੁਨਾਹਗਾਰ ਹਨ।ਪਰ ਲੜਕੀ ਵਾਲਿਆਂ ਦੇ ਕਹਿਣ ਤੇ ਕਿ ਅਸੀਂ ਦਹੇਜ ਦਿੱਤਾ ਹੈ,ਕਦੇ ਕੇਸ ਦਰਜ ਨਹੀਂ ਕੀਤਾ ਜਾਂਦਾ।ਲੜਕੇ ਵਾਲੇ ਲੱਖ ਕਹਿਣ ਕਿ ਅਸੀਂ ਦਹੇਜ ਨਹੀਂ ਮੰਗਿਆ,ਇੰਨਾਂ ਨੇ ਆਪਣੀ ਮਰਜ਼ੀ ਨਾਲ ਸਮਾਨ ਦਿੱਤਾ ਹੈ,ਫੇਰ ਵੀ ਲੜਕੇ ਅਤੇ ਉਸਦੇ ਪਰਿਵਾਰ ਤੇ ਕੇਸ ਦਰਜ ਕਰ ਲਿਆ ਜਾਂਦਾ ਹੈ।ਵੱਡੀਆਂ ਰਕਮਾਂ ਮੰਗਣ ਦਾ ਰਿਵਾਜ਼ ਹੋ ਗਿਆ ਹੈ।ਜਿਸ ਦਿਨ ਲੜਕੀ ਅਤੇ ਉਸਦੇ ਪਰਿਵਾਰ ਤੇ ਦਹੇਜ ਦੇਣ ਦਾ ਕੇਸ ਦਰਜ ਹੋਣ ਲੱਗ ਗਿਆ।ਦਹੇਜ ਦੇ ਕੇਸ ਲੜਕਿਆਂ ਦੇ ਅਤੇ ਉਨ੍ਹਾਂ ਦੇ ਪਰਿਵਾਰਾਂ ਤੇ ਦਰਜ ਹੋਣ ਦੀ ਗਿਣਤੀ ਤੇਜ਼ੀ ਨਾਲ ਘੱਟ ਜਾਵੇਗੀ।

ਪੁਲਿਸ,ਵਕੀਲਾਂ ਅਤੇ ਜੱਜਾਂ ਨੂੰ ਸਮਾਜ ਵਿੱਚ ਜੋ ਹਕੀਕਤ ਵਿੱਚ ਹੋ ਰਿਹਾ ਹੈ,ਉਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ।ਜਿਹੜੇ ਕੰਡੇ ਜਾਣੇ ਅਣਜਾਣੇ ਵਿੱਚ ਖਿਲਾਰਾ ਜਾ ਰਹੇ ਹਨ,ਉਨ੍ਹਾਂ ਤੇ ਚੱਲਣ ਦੀ ਕਦੇ ਵੀ ਵਾਰੀ ਕਿਸੇ ਦੀ ਧੀ ਆ ਸਕਦੀ ਹੈ।ਅਦਾਲਤਾਂ ਵਿੱਚ ਖੱਜਲ ਹੋ ਰਹੇ ਪਰਿਵਾਰਾਂ ਦੇ ਦਰਦ ਨੂੰ ਸਮਝਣਾ ਬਹੁਤ ਜ਼ਰੂਰੀ ਹੈ।






**ਲੜਕੇ/ਲੜਕੀ ਦੀ ਲੋੜ**

ਕੈਨੇਡੀਅਨ ਜੱਟ ਸਿੱਖ ਲੜਕਾ 5'–9" 27 ਵਾਸਤੇ ਲੜਕੀ ਦੀ ਲੋੜ .ਓਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਭਰਾ 5'–7" 29 ਨੂੰ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾਉਣ .780–807–8861, ਇੰਡੀਆ 98555–97890

**************************

ਜੱਟ ਸਿੱਖ ਧਾਲੀਵਾਲ,ਉਮਰ 25 ਸਾਲ, ਕੱਦ 5'–10" ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:780–953–6167

**************************

ਜੱਟ ਸਿੱਖ ਪੂੰਨੀਆ, ਉਮਰ 25 ਸਾਲ,ਕੱਦ 5'–8" MSC-IT ਲਈ ਕੈਨੇਡੀਅਨ ਲੜਕੇ ਦੀ ਲੋੜ ਹੈ। ਸੰਪਰਕ 780–904–5608,780–710–5571 ਈ-ਮੇਲ:bdhillon@ carillion.ca

**************************

ਇੰਗਲੈਂਡ ਤੋਂ ਪੜਿਆ ਉਮਰ 28 ਸਾਲ,ਕੱਦ 6 ਫੁੱਟ,ਵਧੀਆ ਪ੍ਰਾਪਰਟੀ 20 ਏਕੜ ਜਮੀਨ,ਇੰਡੀਆ ਵਿੱਚ ਵਧੀਆ ਨੌਕਰੀ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ 780–716–5859

**************************

ਸਿੱਖ ਬੀ ਟੈੱਕ, ਉਮਰ 30 ਸਾਲ, ਕੱਦ 5'–7: ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 778–838–5989 ਇੰਡੀਆ–9872719621

**************************

ਜੱਟ ਸਿੱਖ,ਮਕੈਨੀਕਲ ਇੰਜਨੀਅਰ, ਉਮਰ 27 ਸਾਲ,ਕੱਦ 5'–11 ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 514–609–0617

**************************

ਜੱਟ ਸਿੱਖ,ਧਾਲੀਵਾਲ ਉਮਰ 25 ਸਾਲ, ਕੱਦ 5'–10 ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ,ਵਿਜਟਰ ਵੀਜੇ, 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ. ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ :780–953–6167

**************************

ਜੱਟ ਸਿੱਖ ਲੜਕੀ ਉਮਰ 25 ਸਾਲ ਕੱਦ ਸਾਢੇ 5' ਫੁੱਟ M.A ਲਈ ਜੱਟ Canadian ਜੱਟ ਸਿੱਖ ਲੜਕੇ ਦੀ ਲੋੜ। 780–932–0612, 94172–00545

**************************

ਜੱਟ ਸਿੱਖ ਲੜਕਾ Canada ਵਿੱਚ Student 24 ਸਾਲ, ਕੱਦ 5'–9 ਲਈ Canada P.R ਲੜਕੀ ਦੀ ਲੋੜ।780–932–0612 94172–00545

**************************

ਜੱਟ ਸਿੱਖ 24 ਸਾਲ ਕੱਦ 6' ਫੁੱਟ ਲੜਕੇ ਲਈ Canada ਦੀ P.R ਲੜਕੀ ਦੀ ਲੋੜ All Family well settled in Canada.
780–913–1179
ਇੰਡੀਆ +91–90200–00019

**************************

ਰਾਮਗੜ੍ਹੀਆ ਸਿੱਖ, ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ, ਉਮਰ 27 ਸਾਲ ਕੱਦ 5'–10 ਸੰਪਰਕ 780–782–3313

***************************

ਕੈਨੇਡੀਅਨ ਇਮੀਗ੍ਰਾਂਟ ਰਾਮਗੜ੍ਹੀਆ ਸਿੱਖ ਲੜਕੀ July 87 Born E'GT(B.Tech), ਮੈਨੇਜਰ ਦੀ ਜੋਬ ਕਰਦੀ ਹੋਈ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਯੋਗ ਵਰ ਦੀ ਲੋੜ ਹੈ ਸਟੂਡੈਂਟ/ਵਰਕ ਪਰਮਿਟ ਉੱਤੇ ਆਏ ਹੋਏ ਲੜਕੇ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ,ਮਾਲਵੇ ਨੂੰ ਪਹਿਲ ਲੜਕੀ ਦਾ ਸਾਰਾ ਪਰਿਵਾਰ ਐਡਮੰਟਨ ਵਿੱਚ well settled ਹੈ ।ਆਪਣਾ Biodata / Picture e-mail : deepedmonton9@gmail.com. (whatsapp) or Call ' 780–628–7089

************************

ਢੰਡ ਖਤਰੀ ਲੜਕਾ ਉਮਰ 36 ਸਾਲ ਕੱਦ 5'–8" ਖੁਦ ਦਾ ਕਾਰੋਬਾਰ, ਭੈਣ ਅਮਰੀਕਾ ਵਿਚ Well Seattled ਮੁੰਡੇ ਦੀ ਫਾਈਲ Already Apply ਕੀਤੀ ਹੋਈ ਹੀ, ਵਾਸਤੇ ਲੜਕੀ ਦੀ ਲੋੜ ਹੈ। ਮੁੰਡੇ ਦੀ ਭੈਣ ਇੰਡੀਆ ਆਈ ਹੋਈ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ : 9855813008, +1 646–287–9887

''''''''''''''''''''''''''''''''''''''''

ਇੰਡੀਆਂ ਰਹਿੰਦੇ ਕੱਦ 5 ਫੁੱਟ 7 ਇੰਚ ਉਮਰ 26 ਸਾਲ ਐਮ ਬੀ ਏ ਪਾਸ,ਮਾਰਕਟਿੰਗ ਦੀ ਨੌਕਰੀ ਕਰਦੇ ਲੜਕੇ ਲਈ ਐਨ ਆਰ ਆਈ ਲੜਕੀ ਦੀ ਲੋੜ, ਜਾਤੀ ਬੰਧਨ ਕੋਈ ਨਹੀਂ। ਸੰਪਰਕ–7589137572 7973167967

**************************

ਰਾਮਦਾਸੀਆ ਸਿੱਖ ਜੁਲਾਹਾ, ਉਮਰ 27 ਸਾਲ ਕੱਦ 5 ਫੁੱਟ 9 ਇੰਚ,BSC IT ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:639–470–2491

***********************


ਦੁਬਈ ਟਰੱਕ (ਟਰਾਲੇ) ਡਰਾਈਵਰ, ਦੁਬਈ 7 ਸਾਲ ਪੁਰਾਣਾ ਲਾਇਸੰਸ ਉਮਰ 33 ਸਾਲ,5'9 ਜੱਟ ਸਿੱਖ ਲਈ ਪੜੀ ਲਿਖੀ,ਕੈਨੇਡੀਅਨ ਲੜਕੀ ਦੀ ਜਰੂਰਤ ਹੈ।ਚਾਹਵਾਨ ਸੰਪਰਕ ਕਰ ਸਕਦੇ ਹਨ।
**00971558162944 (ਦੁਬਈ) 9915587810- 9855408663 (ਇੰਡੀਆਂ)**

************************

Jatt sikh dhanoa 27/5,7 Dentist girl in India looking for a suitable match doctor/engineer boy India or abroad.
Contact 780 236 0671
India 70872 64520

*************************

31 year old Sikh Khatri/arora boy 5feet6 Canadian university graduate with business degree and



working in medical science field looking for a well eduacated girl from Khatri/arora/ ramgharia family. Please contact 780 264 9616
yoursps@yahoo.com

*************************

Canadian citizen, MD Medicine, working as Nurse at a hospital at Surrey (BC), beautiful divorcee lady, age 42, height 5'-6", needs a suitable match as life partner, only the men above 37 years of age should contact. Mob : +918847374679

# ਸ਼ਬਦਾਂ ਦੇ ਅੰਤ ਵਿੱਚ 'ਅ' ਧੁਨੀ ਦੀ ਵਰਤੋਂ

'ਅ' ਧੁਨੀ ਦੀ ਬੇਥਵ੍ਹੀ ਅਤੇ ਧੱਕੇਸ਼ਾਹੀ ਵਾਲ਼ੀ ਰੁਚੀ ਅਨੁਸਾਰ ਵਰਤੋਂ ਪੜ੍ਹ ਕੇ ਕਈ ਵਾਰ ਇੰਞ ਜਾਪਦਾ ਹੈ, ਜਿਵੇਂ ਅ ਧੁਨੀ ਕੋਈ ਫ਼ਾਲਤੂ ਜਿਹੀ ਧੁਨੀ ਹੋਵੇ ਤੇ ਇਸ ਨੂੰ ਜਿੱਥੇ ਵੀ ਕੋਈ ਚਾਹੁੰਦਾ ਹੈ, ਉੱਥੇ ਹੀ ਇਸ ਨੂੰ ਵਰਤ ਸਕਦਾ ਹੈ।

ਯਾਦ ਰਹੇ ਕਿ ਸੰਸਕ੍ਰਿਤ-ਮੂਲਿਕ ਹਰ ਧੁਨੀ ਦੇ ਆਪਣੇ ਅਰਥ ਹਨ ਤੇ ਉਹਨਾਂ ਅਰਥਾਂ ਤੋਂ ਬਗ਼ੈਰ ਕਿਸੇ ਵੀ ਧੁਨੀ ਨੂੰ ਕਿਧਰੇ ਵੀ ਨਹੀਂ ਵਰਤਿਆ ਜਾ ਸਕਦਾ। ਇਸੇ ਤਰ੍ਹਾਂ ਅ ਧੁਨੀ ਦੇ ਵੀ ਆਪਣੇ ਅਰਥ ਹਨ। ਇਹ ਕੋਈ ਵਾਧੂ ਟਾਇਰ ਨਹੀਂ ਹੈ ਕਿ ਇਸ ਨੂੰ ਜਿੱਥੇ ਮਰਜ਼ੀ ਵਰਤ ਲਿਆ ਜਾਵੇ। ਜਦੋਂ ਕਿਸੇ ਸ਼ਬਦ ਦੇ ਸ਼ੁਰੂ ਵਿੱਚ ਇਹ ਧੁਨੀ ਵਰਤੀ ਜਾਂਦੀ ਹੈ ਤਾਂ ਇਸ ਦੇ ਅਰਥ ਹੋਰ ਹਨ ਅਤੇ ਜਦੋਂ ਬਾਅਦ/ਅੰਤ ਵਿੱਚ ਵਰਤੀ ਜਾਂਦੀ ਹੈ ਤਾਂ ਹੋਰ। ਸ਼ਬਦਾਂ ਦੇ ਅਖੀਰ ਵਿੱਚ ਇਹ ਧੁਨੀ ਅਕਸਰ ਹਿੰਦੀ/ਸੰਸਕ੍ਰਿਤ ਸ਼ਬਦਾਂ ਦੇ ਵ ਅੱਖਰ ਦੀ ਥਾਂ ਵਰਤੀ ਜਾਂਦੀ ਹੈ, ਜਿਵੇਂ: ਬਦਲਾਵ ਵਿਚਲੇ ਵ ਦੀ ਥਾਂ ਅ ਅਰਥਾਤ ਬਦਲਾਅ, ਬਚਾਵ ਦੀ ਥਾਂ ਬਚਾਅ, ਛਿੜਕਾਵ ਦੀ ਥਾਂ ਛਿੜਕਾਅ ਅਤੇ ਦਬਾਵ ਦੀ ਥਾਂ ਦਬਾਅ ਆਦਿ। ਇੱਥੋਂ ਤੱਕ ਕਿ ਇਸ ਨੂੰ ਤਾਂ ਭੈ (ਡਰ, ਭੌ), ਚੋ (ਬਰਸਾਤੀ ਨਾਲ਼ਾ) ਅਤੇ ਤੈ (ਤੈ ਕਰਨਾ,ਮੁਕੱਰਰ ਕਰਨਾ) ਆਦਿ ਸ਼ਬਦਾਂ ਵਿੱਚ ਵੀ ਨਹੀਂ ਵਰਤਿਆ ਗਿਆ ਤਾਂਕਿ ਕਿਧਰੇ ਅਰਥਾਂ ਵਿੱਚ ਕੋਈ ਅੰਤਰ ਨਾ ਆ ਜਾਵੇ। ਪਰ ਅਸੀਂ ਜਿੱਥੇ ਵੀ ਸਾਨੂੰ ਕਿਧਰੇ ਕਿਸੇ ਸ਼ਬਦ ਵਿੱਚ ਲਮਕਾਅ ਦੀ ਅਵਸਥਾ ਦਿਖਾਈ ਦਿੰਦੀ ਹੈ, ਉੱਥੇ ਹੀ ਮੱਲੋ-ਮੱਲੀ ਇਸ ਧੁਨੀ (ਅ ਨੂੰ) ਘੁਸੇੜਨ ਦੀ ਤਾਕ ਵਿੱਚ ਰਹਿੰਦੇ ਹਾਂ। ਧੁਨੀਆਂ ਦੇ ਅਰਥਾਂ ਪੱਖੋਂ ਸਾਡੀ ਇਹ ਆਦਤ ਠੀਕ ਨਹੀਂ ਹੈ।

ਹਾਂ, @ਪੰਜਾਬੀ ਸ਼ਬਦ-ਰੂਪ ਅਤੇ ਸ਼ਬਦ-ਜੋੜ ਕੋਸ਼@ ਅਨੁਸਾਰ ਦਾਅ ਅਤੇ ਦੇਅ ਸ਼ਬਦਾਂ ਵਿੱਚ ਇਸ ਧੁਨੀ ਨੂੰ ਇਸ ਕਾਰਨ ਵਰਤਿਆ ਗਿਆ ਹੈ ਕਿਉਂਕਿ ਇਹਨਾਂ ਸ਼ਬਦਾਂ ਨੂੰ @ਦਾ@ ਅਤੇ @ਦੇ@ ਸੰਬੰਧਕਾਂ ਤੋਂ ਵਖਰਿਆਉਣ ਦੀ ਲੋੜ ਸੀ। ਪਰ ਜੇਕਰ ਦੇਖਿਆ ਜਾਵੇ ਤਾਂ ਵ ਦੀ ਧੁਨੀ ਇਹਨਾਂ ਸ਼ਬਦਾਂ ਵਿੱਚ ਵੀ ਕਿਸੇ ਨਾ ਕਿਸੇ ਰੂਪ ਵਿੱਚ ਵਿਦਮਾਨ ਹੈ, ਜਿਵੇਂ: ਦਾਂਵ ਅਤੇ ਦੇਵ (ਰਾਖਸ਼)।

ਦੋ ਅਰਥਾਂ ਵਾਲ਼ੇ ਸ਼ਬਦਾਂ ਦੀ ਘਾੜਤ ਤਾਂ ਕੇਵਲ ਉਦੋਂ ਹੀ (ਸੁਤੇ-ਸਿੱਧ) ਘੜੀ ਗਈ ਹੈ ਜਦੋਂ ਉਸ ਤੋਂ ਕਿਸੇ ਵੀ ਹਾਲਤ ਵਿੱਚ ਛੁਟਕਾਰਾ ਹੀ ਨਹੀਂ ਸੀ, ਜਿਵੇਂ: ਨਿਰਮਾਣ (ਉਸਾਰੀ) ਅਤੇ ਨਿਰਮਾਣ (ਹਉਮੈਂ ਰਹਿਤ) ਆਦਿ ਸ਼ਬਦਾਂ ਸਮੇਤ ਹੋਰ ਵੀ ਅਨੇਕਾਂ ਸ਼ਬਦਾਂ ਵਿੱਚ। ਅਜਿਹੇ ਸਾਰੇ ਸ਼ਬਦਾਂ ਵਿੱਚ ਧੁਨੀਆਂ ਦੇ ਇੱਕ ਤੋਂ ਵੱਧ ਅਰਥਾਂ ਦਾ ਵਰਤਾਰਾ ਅਤੇ ਉਹਨਾਂ ਦੀਆਂ ਦਿਸ਼ਾਵਾਂ ਅਤੇ ਦਸ਼ਾਵਾਂ ਆਦਿ ਹੀ ਕੰਮ ਕਰ ਰਹੀਆਂ ਹਨ। ਓ, ਅ ਅਤੇ ੲ ਧੁਨੀਆਂ ਦੇ ਅਰਥਾਂ ਅਤੇ ਉਹਨਾਂ ਅਨੁਸਾਰ ਬਣਦੇ ਬਹੁਤ ਸਾਰੇ ਸ਼ਬਦਾਂ ਦੀਆਂ ਉਦਾਹਰਨਾਂ ਲੈ ਕੇ ਛੇਤੀ ਹੀ ਪਾਠਕਾਂ ਦੇ ਸਨਮੁੱਖ ਹਾਜ਼ਰ ਹੋਵਾਂਗਾ।

ਉਪਰੋਕਤ ਅਨੁਸਾਰ ਭਰਾ ਸ਼ਬਦ ਦਾ ਸੰਖੇਪ ਤਾਂ ਭਾ ਹੋ ਗਿਆ (ਰ ਅੱਖਰ ਲੋਪ ਹੋ ਕੇ) ਅਤੇ ਇਸ ਵਿੱਚ ਜੀ ਸ਼ਬਦ ਸਤਿਕਾਰ ਵਜੋਂ ਲਾਇਆ ਗਿਆ ਹੈ। ਇਹਨਾਂ ਵਿੱਚ ਅ ਅੱਖਰ ਕਿੱਥੋਂ ਆ ਗਿਆ ? ਜੇਕਰ ਭਰਾ ਦੇ ਨਾਲ਼ ਵੀ ਅ ਲਾ ਦਿੱਤਾ ਜਾਵੇ (ਭਰਾਅ) ਤਾਂ ਉਸ ਦੇ ਅਰਥ ਵੀ ਹੋਰ (ਰਜ਼ਾਈਆਂ ਆਦਿ ਭਰਾਉਣਾ) ਹੋ ਜਾਂਦੇ ਹਨ। ਇਸ ਲਈ ਇਹ ਸ਼ਬਦ ਵੀ ਜੇਕਰ ਅ-ਮੁਕਤ/ਅ ਤੋਂ ਬਿਨਾਂ (ਭਾ ਜੀ) ਹੀ ਲਿਖਿਆ ਜਾਵੇ ਤਾਂ ਸਹੀ ਹੈ।

ਇੱਕ ਅੰਦੇਸ਼ਾ ਹੋਰ ਵੀ ਹੈ। ਉਹ ਇਹ ਕਿ @ਭਾ ਜੀ@ ਨੂੰ ਜੇਕਰ @ਭਾਅ ਜੀ@ ਲਿਖਿਆ ਜਾਵੇਗਾ ਤਾਂ ਭਾਅ ਦਾ ਅਰਥ @ਕੀਮਤ@ ਸਮਝੇ ਜਾਣ ਦਾ ਭੁਲੇਖਾ ਵੀ ਲੱਗ ਸਕਦਾ ਹੈ ਜੋਕਿ ਸੰਸਕ੍ਰਿਤ ਮੂਲ ਦੇ @ਭਾਵ@ (ਅਰਥ: ਭਾਅ= ਉਪਰੋਕਤ ਅਨਸਾਰ ਅੰਤਲਾ ਵ ਅੱਖਰ ਪੰਜਾਬੀ ਵਿੱਚ ਆ ਕੇ ਅ ਅੱਖਰ ਵਿੱਚ ਬਦਲ ਜਾਂਦਾ ਹੈ) ਸ਼ਬਦ ਤੋਂ ਬਣਿਆ ਹੈ। ਜੇਕਰ ਦੋਂਹਾਂ ਸ਼ਬਦਾਂ ਨੂੰ ਜੋੜ ਕੇ ਲਿਖਾਂਗੇ ਤਾਂ ਸ਼ਬਦ @ਭਾਜੀ@ ਬਣ ਜਾਵੇਗਾ ਜਿਸ ਦੇ ਅਰਥ ਹਨ- ਸਬਜ਼ੀ। ਸੋ, ਉਪਰੋਕਤ ਚਰਚਾ ਅਨੁਸਾਰ ਇਸ ਸ਼ਬਦ ਨੂੰ @ਭਾ ਜੀ@ ਹੀ ਲਿਖਿਆ ਜਾਣਾ ਚਾਹੀਦਾ ਹੈ, ਭਾਅ ਜੀ ਨਹੀਂ।

**ਜਸਵੀਰ ਸਿੰਘ ਪਾਬਲਾ,**
**ਲੰਗੜੋਆ, ਨਵਾਂਸ਼ਹਿਰ।**
**ਫ਼ੋਨ ਨੰ. 9888403052.**

# ਕਰੋਨਾ ਦੌਰ ਦੀ ਸਿੱਖਿਆ

2020 ਚ ਪੂਰੇ ਵਿਸ਼ਵ ਵਿੱਚ ਕਰੋਨਾ ਮਹਾਂਮਾਰੀ ਕਾਰਨ ਹਾਹਾਕਾਰ ਮੱਚੀ ਹੋਈ ਸੀ। ਤਕਰੀਬਨ ਭਾਰਤ ਵਿੱਚ 22 ਮਾਰਚ ਤੋਂ ਤਾਲਾਬੰਦੀ ਕੀਤੀ ਗਈ ।ਜਿੱਥੇ ਕਰੋਨਾ ਮਹਾਂਮਾਰੀ ਕਾਰਨ ਆਰਥਿਕ ਪੱਖੋਂ ਕਾਫ਼ੀ ਨੁਕਸਾਨ ਹੋਇਆ ਹੈ, ਉੱਥੇ ਇਸ ਦਾ ਕੁਝ ਕੁ ਫਾਇਦਾ ਵੀ ਹੋਇਆ ਸੀ ।ਤਾਲਾਬੰਦੀ ਤਿੰਨ ਤੇ ਚਾਰ ਦੌਰਾਨ ਕੁਝ ਚੀਜ਼ਾਂ ਤੇ ਛੋਟ ਦਿੱਤੀ ਗਈ ।ਜਦੋਂ ਸਾਰੇ ਪਾਸੇ ਤਾਲਾਬੰਦੀ ਸੀ ਤਾਂ ਦੇਖਿਆ ਗਿਆ ਕਿ ਵਾਤਾਵਰਨ ਸਾਫ਼ ਸੁਥਰਾ ਹੋ ਚੁੱਕਿਆ ਸੀ ਤੇ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਪ੍ਰਦੂਸ਼ਣ ਦਾ ਪੱਧਰ ਸੁਧਰਿਆ ਸੀ ।ਕੁਦਰਤ ਨਵ ਵਿਆਹੀ ਵਹੁਟੀ ਦੀ ਤਰ੍ਹਾਂ ਸਜ ਗਈ ।ਦਰਿਆ ਸਾਫ ਹੋ ਚੁੱਕੇ ਸਨ ।ਜੋ ਸਮੇਂ ਦੀਆਂ ਸਰਕਾਰਾਂ ਨਹੀਂ ਕਰ ਸਕੀਆਂ ਸਨ, ਉਹ ਕਰੋਨਾ ਵਾਇਰਸ ਨੇ ਕਰ ਦਿਖਾਇਆ ਸੀ।ਜਿਵੇਂ ਜਿਵੇਂ ਤਾਲਾਬੰਦੀ ਦੌਰਾਨ ਛੋਟ ਦਿੱਤੀ ਗਈ, ਸਨਅਤ ਦਾ ਪਹੀਆ ਘੁੰਮਣਾ ਸ਼ੁਰੂ ਹੋਇਆ। ਫਿਰ ਦਰਿਆ ਪ੍ਰਦੂਸ਼ਿਤ ਹੋਣ ਲੱਗੇ । ਹਵਾ ਪ੍ਰਦੂਸ਼ਿਤ ਹੋਣ ਕਰਕੇ ਦਮਾ ਤੇ ਫੇਫੜਿਆਂ ਦੇ ਮਰੀਜ਼ ਲਗਾਤਾਰ ਵਧਣਾ ਸ਼ੁਰੂ ਹੋ ਚੁੱਕੇ ਹਨ। ਬੁੱਢਾ ਨਾਲਾ ਫਿਰ ਪ੍ਰਦੂਸ਼ਿਤ ਹੋਣ ਲੱਗਾ।ਸਰਸਾ ਦਰਿਆ ਵਿੱਚ ਮੱਛੀਆਂ ਮਰੀਆਂ ਹੋਈਆਂ ਪਾਈਆਂ ਗਈਆਂ ।ਦੇਖਣ ਵਿੱਚ ਆਇਆ ਹੈ ਕਿ ਸਾਰੇ ਕਾਰੋਬਾਰ ਕੰਮਕਾਜ ਠੱਪ ਹੋ ਚੁੱਕੇ ਹਨ। ਫਿਰ ਵੀ ਇਨਸਾਨ ਨਹੀਂ ਸੁਧਰਿਆ ਹੈ ,ਉਹ ਆਪਣੀ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ ਹੈ।ਪ੍ਰਦੂਸ਼ਣ ਫਿਰ ਵੱਧ ਗਿਆ ਹੈ ।ਵਿਚਾਰਨ ਵਾਲੀ ਗੱਲ ਹੈ ਕਿ ਕੁਦਰਤ ਨੇ ਸਾਨੂੰ ਮੌਕਾ ਤਾਂ ਦਿੱਤਾ ਹੈ ਕਿ ਤੁਸੀਂ ਸੰਭਲ ਜਾਓ ।ਪਰ ਫਿਰ ਵੀ ਕਿਉਂ ਨਹੀਂ ਅਸੀਂ ਕੁਦਰਤ ਦੇ ਮੁਤਾਬਿਕ ਜ਼ਿੰਦਗੀ ਨੂੰ ਬਸਰ ਕਰ ਰਹੇ ਹਨ। ਕੁਦਰਤ ਨੇ ਸਾਨੂੰ ਇਸ਼ਾਰੇ ਕੀਤੇ ਹਨ ,ਪਰ ਫਿਰ ਵੀ ਇਨਸਾਨ ਨਹੀਂ ਸਮਝ ਰਿਹਾ ਹੈ ।

ਫਜ਼ੂਲ ਖਰਚੀ ਨੂੰ ਬਹੁਤ ਜਿਆਦਾ ਠੱਲ੍ਹ ਪਈ ਸੀ ।ਜਿਨ੍ਹਾਂ ਪਰਿਵਾਰਾਂ ਵਿੱਚ ਕਿਸੇ ਬਿਮਾਰੀ ਕਾਰਨ ਮੌਤਾਂ ਹੋਈਆਂ ਸਨ, ਉੱਥੇ ਸਿਰਫ਼ ਪੰਜ ਜਾਂ ਸੱਤ ਮੈਂਬਰਾਂ ਦੀ ਮੌਜੂਦਗੀ ਵਿੱਚ ਹੀ ਸਾਦੇ ਭੋਗ ਪਾਏ ਗਏ ਸਨ।ਆਮ ਦੇਖਣ ਵਿੱਚ ਆ ਰਿਹਾ ਹੈ ਕਿ ਜੇ ਕਿਸੇ ਬਜ਼ੁਰਗ ਦੀ ਮੌਤ ਹੁੰਦੀ ,ਖਾਣੇ ਤੇ ਪਤਾ ਨਹੀਂ ਕਿੰਨੇ ਪੈਸੇ ਖਰਚ ਕਰ ਦਿੱਤੇ ਜਾ ਰਹੇ ਹਨ।ਟਰਾਲੀਆਂ ਦੀਆਂ ਟਰਾਲੀਆਂ, ਗੱਡੀਆਂ ਭਰ ਕੇ ਜਲੇਬੀਆਂ ਖਾਣ ਜਾਂ ਰਹੇ ਹਨ ।ਲਾਕ ਡਾਊਨ ਦੌਰਾਨ ਸਭ ਨੇ ਸਾਦੇ ਖਾਣੇ ਨੂੰ ਤਰਜੀਹ ਦਿੱਤੀ ਸੀ। ਚਾਹੇ ਸੂਬਾ ਸਰਕਾਰਾਂ ਨੇ ਹੋਟਲ ਰੈਸਟੋਰੈਂਟ ਖੋਲ੍ਹ ਦਿੱਤੇ ਹਨ, ਪਰ ਸਾਨੂੰ ਬਾਹਰ ਦੇ ਖਾਣੇ ਨੂੰ ਤਰਜ਼ੀਹ ਨਹੀਂ ਦੇਣੀ ਚਾਹੀਦੀ ।

ਪੰਜਾਬੀ ਵਿਆਹਾਂ ਤੇ ਲੱਖਾਂ ਲੱਖਾਂ ਰੁਪਏ ਰੋੜ ਦਿੰਦੇ ਹਨ ।ਵਿਆਹ ਤੋਂ ਪਹਿਲੇ ਪ੍ਰੀ ਵੈਡਿੰਗ ਸ਼ੂਟ ਕੀਤਾ ਜਾਂਦਾ ਹੈ, ਜਿਸ ਉੱਤੇ ਪੰਜ ਪੰਜ ਲੱਖ ਰੁਪਏ ਖਰਚਾ ਤੱਕ ਆ ਜਾਂਦਾ ਹੈ। ਸਭ ਨੇ ਵੇਖਿਆ ਸੀ ਕਰੋਨਾ ਮਹਾਂਮਾਰੀ ਕਰਕੇ ਸਿਰਫ ਸੀਮਿਤ ਸਾਧਨਾਂ ਵਿੱਚ ਹੀ ਸ਼ੁੱਭ ਕਾਰਜ ਨੇਪੜੇ ਚੜ੍ਹਾਏ ।ਪਰਿਵਾਰਾਂ ਦੇ ਪੰਜ ਪੰਜ ਮੈਂਬਰਾਂ ਨੇ ਹੀ ਇਸ ਸ਼ੁੱਭ ਕਾਰਜ ਨੂੰ ਨੇਪਰੇ ਚੜ੍ਹਾ ਕੇ ਆਪਣੇ ਫਰਜ਼ ਨਿਭਾਏ।ਹੋਟਲ ,ਬੈਂਡ ਬਾਜੇ, ਡੀਜੇ ਆਰਕੈਸਟਰਾ ਸਾਰੇ ਹੀ ਆਪਣੇ ਵਿਆਹ ਵਿੱਚ ਇਨ੍ਹਾਂ ਨੂੰ ਬੁੱਕ ਕਰਦੇ ਸਨ ।ਲੱਖਾਂ ਲੱਖਾਂ ਰੁਪਿਆ ਇਨ੍ਹਾਂ ਉੱਤੇ ਖਰਚ ਆ ਜਾਂਦਾ ਸੀ ।ਆਮ ਵੇਖਣ ਵਿੱਚ ਆ ਰਿਹਾ ਹੈ ਕਿ ਜਦੋਂ ਕੁੜੀ ਦਾ ਵਿਆਹ ਰੱਖਿਆ ਜਾਂਦਾ ਹੈ, ਤਾਂ ਪਰਿਵਾਰ ਛੇ ਛੇ ਮਹੀਨੇ ਪਹਿਲਾਂ ਹੀ ਖਰੀਦਦਾਰੀ ਸ਼ੁਰੂ ਕਰ ਦਿੰਦਾ ਹੈ। ਆਪਣੀ ਕੁੜੀ ਦਾ ਵਧੀਆ ਕਾਰਜ ਨੇਪੜੇ ਚਾੜ੍ਹਨ ਲਈ ਬੈਂਕਾਂ , ਆੜ੍ਹਤੀਆਂ ਤੋਂ ਕਰਜ਼ਾ ਚੁੱਕਦਾ ਹੈ। ਸਮੇਂ ਸਿਰ ਕਰਜ਼ਾ ਨਾ ਚੁੱਕਣ ਕਰਕੇ ਉਸਨੂੰ ਖੁਦਕੁਸ਼ੀ ਵੀ ਕਰਨੀ ਪੈਂਦੀ ਹੈ । ਧੀਆਂ ਨੂੰ ਕੁੱਖ ਵਿੱਚ ਮਾਰਨ ਦਾ ਵੀ ਵੱਡਾ ਕਾਰਨ ਇਹ ਹੈ ਕਿ ਗਰੀਬੀ ਕਾਰਨ ਉਹ ਪਿਓ ਆਪਣੀ ਕੁੜੀ ਦਾ ਵਧੀਆ ਕਾਰਜ ਨਹੀਂ ਕਰ ਸਕਦਾ ,ਜਿਸ ਕਾਰਨ ਕੁੜੀ ਨੂੰ ਕੁੱਖ ਵਿੱਚ ਹੀ ਮਾਰ ਦਿੱਤਾ ਜਾਂਦਾ ਹੈ।ਇਹ ਹੁਣ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਹ ਸਾਦਗੀ ਬਰਕਰਾਰ ਰਹਿ ਪਾਏਗੀ ? ਜਾਂ ਫਿਰ ਆਪਣੀ ਧੀ ਦਾ ਕਾਰਜ ਨੇਪੜੇ ਚੜਾਉਣ ਲਈ ਪਿਓ ਨੂੰ ਲੱਖਾਂ ਰੁਪਏ ਦਾ ਕਰਜ਼ਾ ਚੁੱਕਣਾ ਪਵੇਗਾ । ਕਰੋਨਾ ਹਜੇ ਗਿਆ ਨਹੀਂ ਹੈ।ਆਮ ਦੇਖਣ ਵਿਚ ਆ ਰਿਹਾ ਹੈ ਕਿ ਵਿਆਹ , ਭੋਗਾਂ ਤੇ ਫਿਰ ਫ਼ਜ਼ੂਲਖਰਚੀ ਦਾ ਸਿਲਸਿਲਾ ਜਾਰੀ ਹੈ। ਲਾਕਡਾਊਨ ਦੌਰਾਨ ਸਭ ਨੇ ਹੀ ਸਾਦੇ ਵਿਆਹ ,ਸਾਦੇ ਭੋਗ ਦੇਖੇ।ਸਾਨੂੰ ਸਾਰਿਆਂ ਨੂੰ ਹੀ ਲਾਕ ਡਾਊਨ ਵਿੱਚ ਹੋਏ ਵਿਆਹਾਂ ਤੋਂ ਸਬਕ ਲੈਣਾ ਚਾਹੀਦਾ ਹੈ ਤੇ ਫਜ਼ੂਲਖਰਚੀ ਨੂੰ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ।

**ਸੰਜੀਵ ਸਿੰਘ ਸੈਣੀ, ਮੋਹਾਲੀ**

# ਬਹਾਦਰ ਔਰਤ

ਸਤਿੰਦਰ ਘਰ ਦਾ ਕੰਮਕਾਜ ਨਿਪਟਾ ਕੇ, ਨਹਾ-ਧੋ ਕੇ ਸੀਸ਼ੇ ਅੱਗੇ ਤਿਆਰ ਹੋ ਰਹੀ ਸੀ। ਉਸ ਦੀ ਗਰਦਨ ਤੇ ਦੋਵੇਂ ਪਾਸੇ ਨੀਲ ਦੇ ਨਿਸ਼ਾਨ ਸਨ। ਉਸ ਨੂੰ ਵੇਖ ਕੇ ਉਸ ਦੇ ਮਨ ਵਿੱਚ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ ਸੀ, ਕੋਈ ਦੁੱਖ ਨਹੀਂ ਸੀ। ਉਸ ਨੂੰ ਇਹ ਸਭ ਕਰਮਾਂ ਦਾ ਖੇਡ ਹੀ ਲੱਗਦਾ ਸੀ। ਜਦ ਉਹ ਕੰਘੀ ਨਾਲ ਵਾਲ ਵਾਹੁਣ ਲੱਗੀ ਤਾਂ ਵਾਲਾਂ ਦੀਆਂ ਜੜ੍ਹਾਂ ਦਰਦ ਕਰ ਰਹੀਆਂ ਸਨ। ਦਰ ਅਸਲ ਅੱਜ ਸਵੇਰੇ ਹੀ ਉਹ ਜਦ ਘਰ ਦੀਆਂ ਸਫਾਈਆਂ ਕਰਕੇ ਸਵੇਰ ਦੀ ਪਹਿਲੀ ਚਾਹ ਪੀਣ ਲਈ ਡਾਈਨਿੰਗ ਟੇਬਲ ਵਾਲੀ ਕੁਰਸੀ ਤੇ ਬੈਠੀ ਹੀ ਸੀ ਕਿ ਉਸ ਨੇ ਆਪਣੇ ਪਤੀ ਨੂੰ ਸਹਿਜ ਸੁਭਾਅ ਹੀ ਪੁੱਛ ਲਿਆ,"ਅੱਜ ਤੁਸੀਂ ਸਵੇਰੇ ਸਵੇਰੇ ਮੇਰੀ ਸਕੂਟਰੀ ਬਾਹਰ ਕਿਉਂ ਕੱਢੀ ਹੈ ?" ਬੱਸ ਐਨੀ ਗੱਲ ਉਸ ਦੇ ਮੂੰਹ ਤੋਂ ਕੀ ਨਿਕਲੀ ਕਿ ਉਸ ਦੇ ਪਤੀ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ ,ਭੱਜ ਕੇ ਆਇਆ ਤੇ ਉਸ ਦੇ ਵਾਲ ਦੋਵੇਂ ਮੁੱਠੀਆਂ ਵਿੱਚ ਘੁੱਟ ਕੇ ਦੋ-ਚਾਰ ਵਾਰੀ ਜੋਰ ਜੋਰ ਦੀ ਸਿਰ ਨੂੰ ਹਲੂਣਾ ਦੇ ਦਿੱਤਾ ਅਤੇ ਗਰਦਨ ਨੂੰ ਦੋਵੇਂ ਹੱਥਾਂ ਨਾਲ ਘੁੱਟ ਦਿੱਤਾ ਸੀ ਤੇ ਨਾਲ ਹੀ ਮਾਂ-ਭੈਣ ਦੀਆਂ ਗਾਲਾਂ ਦੀ ਝੜੀ ਲਾ ਦਿੱਤੀ। ਉਸ ਨੂੰ ਕਹਿਣ ਲੱਗਾ,"ਤੇਰੇ ਪਿਓ ਨੇ ਦਿੱਤੀ ਸੀ ? ਆਈ ਵੱਡੀ 'ਮੇਰੀ ਸਕੂਟਰੀ' ਕਹਿਣ ਵਾਲੀ।" ਨਾਲ ਹੀ ਅੱਠ ਦਸ ਮੋਟੀਆਂ ਮੋਟੀਆਂ ਗਾਲਾਂ ਸਤਿੰਦਰ ਦੇ ਮਰੇ ਹੋਏ ਮਾਂ ਬਾਪ ਤੇ ਭੈਣਾਂ-ਭਰਾਵਾਂ ਨੂੰ ਕੱਢੀਆਂ, ਗੱਲ ਕੀ ਸਾਰੇ ਖਾਨਦਾਨ ਦੀ ਮਾਂ-ਭੈਣ ਇੱਕ ਕਰ ਦਿੱਤੀ। ਇਹ ਉਸ ਲਈ ਕੋਈ ਨਵੀਂ ਗੱਲ ਨਹੀਂ ਸੀ। ਕੋਈ ਦਿਨ ਹੀ ਭਾਗਾਂ ਵਾਲਾ ਹੁੰਦਾ ਸੀ ਜਦ ਕਦੇ ਉਹ ਸਤਿੰਦਰ ਨੂੰ ਗਾਲਾਂ ਕੱਢੇ ਬਿਨਾਂ ਸੌਂਦਾ ਹੋਵੇ। ਜਿਵੇਂ ਕੋਈ ਪਿਛਲੇ ਜਨਮ ਦਾ ਵੈਰ ਕੱਢਦਾ ਹੋਵੇ। ਕਦੇ ਕਦੇ ਤਾਂ ਉਹ ਉਸ ਨੂੰ ਬਾਂਹੋਂ ਫੜ ਕੇ ਘਰੋਂ ਬਾਹਰ ਵੀ ਕੱਢ ਦਿੰਦਾ ਸੀ। ਸਤਿੰਦਰ ਨੂੰ ਪਤਾ ਨਹੀਂ ਕਿਹੜੀ ਮਜਬੂਰੀ ਨੇ ਰੋਕ ਕੇ ਰੱਖਿਆ ਹੋਇਆ ਸੀ ਜੋ ਉਸ ਨੇ ਆਪਣੀ ਸਾਰੀ ਜ਼ਿੰਦਗੀ ਨਰਕ ਵਿੱਚ ਕੱਢ ਲਈ ਸੀ।

ਦਰ ਅਸਲ ਪਹਿਲਾਂ ਜਦ ਉਸ ਦੇ ਬੱਚੇ ਛੋਟੇ ਸਨ ਤਾਂ ਇੱਕ-ਦੋ ਵਾਰ ਉਹ ਪਤੀ ਦੀ ਇਸੇ ਆਦਤ ਤੋਂ ਤੰਗ ਆ ਕੇ ਪੇਕੇ ਜਾ ਕੇ ਬੈਠੀ ਤਾਂ ਭਰਾ-ਭਰਜਾਈਆਂ ਉਸ ਨੂੰ ਬੋਝ ਸਮਝਣ ਲੱਗਦੇ। ਵੈਸੇ ਵੀ ਮਾਂ ਦੀ ਇਹ ਗੱਲ ਉਸ ਨੇ ਲੜ ਬੰਨ੍ਹ ਲਈ ਸੀ ਜੋ ਹਮੇਸ਼ਾਂ ਉਸ ਨੂੰ ਸਮਝਾਉਂਦੇ ਹੋਏ ਕਹਿੰਦੀ ਹੁੰਦੀ ਸੀ," ਧੀਏ ਸੁਘੜ ਕੁੜੀਆਂ ਵਿਆਹ ਤੋਂ ਬਾਅਦ ਕਦੇ ਪੇਕਿਆਂ ਵੱਲ ਨਹੀਂ ਝਾਕਦੀਆਂ ਹੁੰਦੀਆਂ। ਆਦਮੀ ਮਾੜਾ ਹੋਵੇ ਚਾਹੇ ਚੰਗਾ,ਔਰਤ ਆਪਣੇ ਘਰ ਹੀ ਰਾਣੀ ਹੁੰਦੀ ਐ। ਔਖ-ਸੌਖ ਕੱਟਣ ਵਾਲੀ ਕੁੜੀ ਈ ਬਹਾਦਰ ਹੁੰਦੀ ਆ।" ਉਹ ਵੀ ਆਪਣੀ ਮਾਂ ਵਾਂਗ ਘਰ ਵਸਾਉਣ ਵਾਲੀ ਹੀ ਗੱਲ ਸੋਚਦੀ ਸੀ ਜੇ ਕੋਈ ਉਸ ਨੂੰ ਇਸ ਆਦਮੀ ਤੋਂ ਛੁਟਕਾਰਾ ਪਾਉਣ ਲਈ ਸਲਾਹ ਦਿੰਦਾ ਤਾਂ ਉਹ ਜਵਾਬ ਦਿੰਦੀ, "ਇਹ ਤਾਂ ਕੋਈ ਗਰੰਟੀ ਨਹੀਂ ਕਿ ਇਸ ਆਦਮੀ ਨੂੰ ਛੱਡ ਕੇ ਦੂਜਾ ਕੋਈ ਚੰਗਾ ਹੀ ਮਿਲੇਗਾ। ਬੱਚਿਆਂ ਦੀ ਜਿੰਦਗੀ ਵਾਧੂ ਵਿੱਚ ਰੁਲ ਜਾਵੇਗੀ। ਤਲਾਕ ਲੈਂਦਿਆਂ ਹੀ ਪਤੀ-ਪਤਨੀ ਦੇ ਨਾਲ ਬੱਚੇ ਵੀ ਵੰਡੇ ਜਾਣਗੇ ਅਤੇ ਇੱਕ ਜਣੇ ਦੇ ਪਿਆਰ ਤੋਂ ਸੱਖਣੇ ਰਹਿ ਜਾਣਗੇ।" ਗੱਲ ਵੀ ਸਹੀ ਸੀ ,ਘਰਾਣੇ ਘਰ ਦੀਆਂ ਕੁੜੀਆਂ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਸੌ ਵਾਰ ਸੋਚਦੀਆਂ ਹਨ।

ਸਤਿੰਦਰ ਅੰਦਰ ਸਬਰ ਐਨਾ ਸੀ ਕਿ ਉਹ ਆਦਮੀ ਦੀ ਮਾੜੀ-ਮੋਟੀ ਗਾਲੀ-ਗਲੋਚ ਨੂੰ ਤਾਂ ਅਣਗੌਲਿਆਂ ਹੀ ਕਰ ਛੱਡਦੀ ਸੀ। ਉਹ ਮੁਸਕਰਾਉਂਦੇ ਹੋਏ ਚੁੱਪ-ਚਾਪ ਵਿੱਚ ਕੰਮ ਕਰਦੀ ਰਹਿੰਦੀ ਸੀ। ਸਾਰੇ ਦਿਨ ਵਿੱਚ ਪਤੀ ਨਾਲ ਤਾਂ ਗਿਣਤੀ ਦੇ ਅੱਠ ਦਸ ਫਕਿਰੇ ਹੀ ਬੋਲਦੀ ਹੋਊ। ਜਦ ਉਸ ਦਾ ਪਤੀ ਕੰਨ ਪਾੜਵੀਆਂ ਅਵਾਜਾਂ ਵਿੱਚ ਉਸ ਨੂੰ ਬੁਰਾ ਭਲਾ ਬੋਲ ਰਿਹਾ ਹੁੰਦਾ ਤਾਂ ਉਹ ਹਾਲਾਤ ਨੂੰ ਸੰਭਾਲਦੇ ਹੋਏ ਕਦੇ ਉਸ ਨੂੰ ਮੋੜਵਾਂ ਜਵਾਬ ਦੇਣ ਦੀ ਬਜਾਏ ਮਨ ਵਿੱਚ ਰੱਬ ਦਾ ਨਾਂ ਲੈਣ ਲੱਗ ਜਾਂਦੀ। ਇਹੀ ਹਾਲਾਤ ਸੰਭਾਲਦੀ ਨੇ ਉਸ ਨੇ ਅਠਾਈ ਸਾਲ ਕੱਢ ਲਏ ਸਨ ਪਰ ਅੱਜ ਤੱਕ ਉਸ ਨੇ ਨਾ ਕਦੇ ਕਰਮਾਂ ਨੂੰ ਦੋਸ਼ ਦਿੱਤਾ ਸੀ ਅਤੇ ਨਾ ਹੀ ਕਦੇ ਜ਼ਿੰਦਗੀ ਤੇ ਕੋਈ ਗਿਲਾ ਕੀਤਾ ਸੀ। ਹਾਂ ਕਦੇ ਕਦਾਈਂ ਆਪਣੀ ਕਾਲਜ ਦੀ ਸਹੇਲੀ ਮਨਜੋਤ ਨਾਲ ਆਪਣੇ ਹਾਲਾਤਾਂ ਦੀ ਸਾਂਝ ਜਰੂਰ ਪਾ ਲੈਂਦੀ ਸੀ।

ਸਤਿੰਦਰ ਦੇ ਦੋ ਲੜਕੇ ਸਨ ਜੋ ਪੜ੍ਹ ਲਿਖ ਕੇ ਦੂਜੇ ਸ਼ਹਿਰਾਂ ਵਿੱਚ ਉੱਚੇ ਅਹੁਦਿਆਂ ਤੇ ਲੱਗ ਗਏ ਸਨ। ਦੋਵਾਂ ਦੇ ਬਹੁਤ ਪੜ੍ਹੀਆਂ- ਲਿਖੀਆਂ ਕੁੜੀਆਂ ਨਾਲ ਵਿਆਹ ਹੋ ਗਏ ਸਨ। ਪਹਿਲਾਂ-ਪਹਿਲ ਸਤਿੰਦਰ ਮਨ ਹੀ ਮਨ ਸੋਚਦੀ ਹੁੰਦੀ ਸੀ ,"ਜਦ ਬੱਚੇ ਨੌਕਰੀਆਂ ਕਰਨ ਲੱਗੇ ਤਾਂ ਉਸ ਨੇ ਇੱਕ ਦਿਨ ਵੀ ਇਸ ਬੰਦੇ ਕੋਲ ਨਹੀਂ ਰਹਿਣਾ। ਉਹ ਇਸ ਨੂੰ ਛੱਡ ਕੇ ਬੱਚਿਆਂ ਨਾਲ ਹੀ ਰਹੇਗੀ, ਇਹ ਖਾਵੇ ਧੱਕੇ, ਮੈਂ ਇਹਦਾ ਸਾਰੀ ਉਮਰ ਦਾ ਠੇਕਾ ਤਾਂ ਨੀ ਲਿਆ ਹੋਇਆ ?" ਉਸ ਦਾ ਇਹ ਸੁਪਨਾ ਵੀ ਟੁੱਟ ਗਿਆ ਜਦ ਦੋਵਾਂ ਮੁੰਡਿਆਂ ਦੀਆਂ ਪਤਨੀਆਂ ਦੇ ਸੁਭਾਅ ਵੀ ਬਹੁਤੇ ਚੰਗੇ ਨਾ ਨਿਕਲੇ। ਉਹ ਤਾਂ ਇੱਕ-ਦੋ ਦਿਨ ਮਿਲਣ ਗਈਆਂ ਨਾਲ ਹੀ ਸਿੱਧੇ ਮੂੰਹ ਗੱਲ ਨਹੀਂ ਕਰਦੀਆਂ ਸਨ। ਉਹਨਾਂ ਨੂੰ ਆਪਣੇ ਸਹੁਰੇ ਦੇ ਸੁਭਾਅ ਦਾ ਤਾਂ ਪਤਾ ਹੀ ਸੀ। ਇਸ ਲਈ ਉਹ ਡਰਦੀਆਂ ਸਨ ਕਿ ਕਿਧਰੇ ਉਹਨਾਂ ਦੀ ਸੱਸ ਉਹਨਾਂ ਕੋਲ ਹੀ ਨਾ ਰਹਿਣ ਲੱਗ ਜਾਵੇ। ਸਤਿੰਦਰ ਮਨ ਹੀ ਮਨ ਉਹਨਾਂ ਨੂੰ ਜਵਾਬ ਦਿੰਦੀ,"ਬੇਟਾ,ਜਿਹੜੇ ਮਾਪਿਆਂ ਨੇ ਇਹਦੇ ਲੜ ਲਾਇਆ ਸੀ, ਮੈਂ ਤਾਂ ਅੱਜ ਤੱਕ ਉਹਨਾਂ ਨੂੰ ਦੁੱਖ ਨਹੀਂ ਦਿੱਤਾ,ਭਲਾ ਦੱਸੋ ਮੈਂ ਤੁਹਾਨੂੰ ਕਿਉਂ ਦੁੱਖ ਦੇਵਾਂਗੀ ?" ਪਰ ਸਤਿੰਦਰ ਦੇ ਦੋਨੋਂ ਪੁੱਤਰ ਉਸ ਦਾ ਬਹੁਤ ਸਤਿਕਾਰ ਕਰਦੇ ਸਨ। ਉੱਝ ਵੀ ਉਹ ਆਦਰਸ਼ਵਾਦੀ ਬੱਚੇ ਸਨ। ਉਹਨਾਂ ਨੂੰ ਆਪਣੀ ਮਾਂ ਦੀਆਂ ਕੁਰਬਾਨੀਆਂ ਦਾ ਇੱਕ ਇੱਕ ਦਿਨ ਯਾਦ ਸੀ। ਆਪਣੇ ਹਿੱਸੇ ਦਾ ਆਪਣੀ ਮਾਂ ਨੂੰ ਬਹੁਤ ਸਤਿਕਾਰ ਦਿੰਦੇ ਸਨ। ਆਪਣੇ ਪੁੱਤਰਾਂ ਨੂੰ ਵਧਦੇ-ਫੁੱਲਦੇ ਦੇਖ ਕੇ ਉਹ ਬਹੁਤ ਖੁਸ਼ ਹੁੰਦੀ ਤੇ ਸੋਚਦੀ ਕਿ ਉਸ ਨੂੰ ਉਸ ਦੀ ਤਪੱਸਿਆ ਦਾ ਫਲ ਮਿਲ ਗਿਆ ਹੈ।

ਇੱਕ ਦਿਨ ਸਤਿੰਦਰ ਨੂੰ ਮਨਜੋਤ ਦਾ ਫੋਨ ਆਇਆ ਕਿ ਉਹ ਕਿਸੇ ਕੰਮ ਦੇ ਸਿਲਸਿਲੇ ਵਿੱਚ ਉਹਨਾਂ ਦੇ ਸ਼ਹਿਰ ਆ ਰਹੀ ਹੈ ਅਤੇ ਉਹ ਉਸ ਕੋਲ ਹੀ ਰੁਕੇਗੀ। ਕਾਲਜ ਪੜ੍ਹਦਿਆਂ ਦੋਵਾਂ ਸਹੇਲੀਆਂ ਦਾ ਸਕੀਆਂ ਭੈਣਾਂ ਵਰਗਾ ਪਿਆਰ ਸੀ। ਮਨਜੋਤ ਦੇ ਪਿਤਾ ਬਹੁਤ ਗਰੀਬ ਸਨ। ਉਹਨਾਂ ਨੂੰ ਰਿਸ਼ਤੇਦਾਰੀ ਵਿੱਚ ਹੀ ਚੰਗਾ ਮੁੰਡਾ ਲੱਭ ਗਿਆ ਸੀ ਜੋ ਉਸ ਨਾਲ ਬਿਨਾਂ ਦਾਜ ਦਹੇਜ ਲਏ ਵਿਆਹ ਕਰਵਾਉਣਾ ਚਾਹੁੰਦਾ ਸੀ। ਇਸ ਲਈ ਉਸ ਦੇ ਮਾਪਿਆਂ ਨੇ ਪੜ੍ਹਾਈ ਵਿੱਚੇ ਛੁਡਵਾ ਕੇ ਉਸ ਦਾ ਵਿਆਹ ਕਰ ਦਿੱਤਾ ਸੀ। ਮਨਜੋਤ ਦਾ ਪਤੀ ਐਨਾ ਚੰਗਾ ਸੀ ਕਿ ਉਸ ਨੇ ਤਾਂ ਜਿਵੇਂ ਉਸ ਨੂੰ ਜ਼ਿੰਦਗੀ ਦੇ ਸਫਰ ਵਿੱਚ ਉਡਾਰੀਆਂ ਮਾਰਨ ਲਈ ਖੰਭ ਹੀ ਦੇ ਦਿੱਤੇ ਹੋਣ। ਕਾਲਜ ਦੇ ਸਮੇਂ ਤੋਂ ਹੀ ਉਸ ਨੂੰ ਗਾਉਣ ਦਾ ਸ਼ੌਕ ਸੀ ਉਸ ਦੇ ਪਤੀ ਨੇ ਉਸ ਨੂੰ ਮਿਊਜ਼ਿਕ ਦੀ ਪੜ੍ਹਾਈ ਕਰਵਾ ਕੇ ਉਸ ਨੂੰ ਮਿਊਜ਼ਿਕ ਅਕੈਡਮੀ ਚਾਲੂ ਕਰਕੇ ਦਿੱਤੀ ਜਿੱਥੇ ਉਹ ਗਰੀਬ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰ ਕੇ ਉੱਘੇ ਸਿਤਾਰੇ ਬਣਨ ਵਿੱਚ ਮਦਦ ਕਰਦੀ ਲੋਕ ਸੇਵਾਵਾਂ ਲਈ ਉਹ ਇੱਕ ਮੰਨੀ ਪ੍ਰਮੰਨੀ ਹਸਤੀ ਬਣ ਗਈ ਸੀ। ਇਸੇ ਸਿਲਸਿਲੇ ਵਿੱਚ ਅੱਜ ਔਰਤ ਦਿਵਸ ਦੇ ਮੌਕੇ ਤੇ ਉਸ ਨੂੰ ਸਨਮਾਨਿਤ ਕੀਤਾ ਜਾਣਾ ਸੀ। ਮਨਜੋਤ ਦੇ ਆਉਣ ਦੀ ਖੁਸ਼ੀ ਸਤਿੰਦਰ ਤੋਂ ਸੰਭਾਲੀ ਨਹੀਂ ਸੀ ਜਾ ਰਹੀ ਉਹ ਬਹੁਤ ਖੁਸ਼ ਸੀ। ਦੋਵੇਂ ਅੱਧੀ ਰਾਤ ਤੱਕ ਆਪਣੀਆਂ ਕਾਲਜ ਦੀਆਂ ਯਾਦਾਂ ਸਾਂਝੀਆਂ ਕਰਦੀਆਂ ਰਹੀਆਂ। ਅਗਲੇ ਦਿਨ ਮਨਜੋਤ ਸਨਮਾਨ ਸਮਾਰੋਹ ਵਿੱਚ ਆਪਣੇ ਨਾਲ ਸਤਿੰਦਰ ਨੂੰ ਵੀ ਲੈ ਕੇ ਗਈ। ਸਮਾਰੋਹ ਸ਼ੁਰੂ ਹੋਇਆ , ਜਿਵੇਂ ਹੀ ਐਵਾਰਡ ਲੈਣ ਲਈ ਸਟੇਜ ਤੇ ਪਹੁੰਚੀ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਰਿਹਾ ਸੀ , ਮਨਜੋਤ ਨੇ ਐਵਾਰਡ ਹਾਸਲ ਕਰਕੇ ਮਾਈਕ ਤੇ ਕਿਹਾ," ਇਹ ਐਵਾਰਡ ਸਿਰਫ ਮੇਰਾ ਨਹੀਂ ਹੈ,ਇਹ ਹਰ ਉਸ ਮਰਦ ਦਾ ਇਨਾਮ ਹੈ ਜੋ ਆਪਣੀ ਪਤਨੀ ਨੂੰ ਆਪਣੇ ਬਰਾਬਰ ਦਾ ਦਰਜਾ ਦੇ ਕੇ ਸਨਮਾਨਿਤ ਕਰਦਾ ਹੈ,ਜੋ ਉਸ ਦੇ ਅਧੂਰੇ ਸੁਪਨਿਆਂ ਨੂੰ ਪਰਵਾਜ਼ ਦਿੰਦਾ ਹੈ,ਉਸ ਨੂੰ ਸਮਾਜ ਵਿੱਚ ਵੱਖਰੀ ਪਛਾਣ ਦਿੰਦਾ ਹੈ।" ਮਨਜੋਤ ਨੇ ਨਾਲ ਹੀ ਕਿਹਾ," ਮੈਂ ਇਹ ਸਨਮਾਨ ਹਰ ਉਸ ਬਹਾਦਰ ਔਰਤ ਦੀ ਝੋਲੀ ਪਾਉਂਦੀ ਹਾਂ ਜਿਨ੍ਹਾਂ ਨੂੰ ਸਮਾਜ ਵਿੱਚ ਸਨਮਾਨ ਦਿਵਾਉਣ ਵਾਲਾ ਵਿਅਕਤੀ ਖੁਦ ਅਪਮਾਨਿਤ ਕਰਦਾ ਰਿਹਾ ਹੋਵੇ, ਫਿਰ ਵੀ ਉਹ ਔਰਤਾਂ ਘਰ ਨਾ ਟੁੱਟਣ ਦਾ ਸੰਘਰਸ਼ ਕਰਦੀਆਂ ਹੋਈਆਂ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਅਤੇ ਚੰਗੇ ਸੰਸਕਾਰ ਦੇ ਕੇ ਪਰਵਰਿਸ਼ ਕਰਦੀਆਂ ਹਨ ,ਉਹ ਔਰਤਾਂ ਹੀ ਅਸਲੀ ਬਹਾਦਰ ਔਰਤਾਂ ਹੁੰਦੀਆਂ ਹਨ।" ਮਨਜੋਤ ਨੇ ਸਤਿੰਦਰ ਨੂੰ ਸਟੇਜ ਤੇ ਬੁਲਾ ਕੇ ਆਪਣਾ ਐਵਾਰਡ ਉਸ ਦੀ ਝੋਲੀ ਪਾ ਦਿੱਤਾ। ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਇਹ ਸਾਰਾ ਸਮਾਗਮ ਟੀ. ਵੀ. ਤੇ ਲਾਈਵ ਚੱਲ ਰਿਹਾ ਸੀ ਜਿਸ ਨੂੰ ਸਤਿੰਦਰ ਦਾ ਪਤੀ ਘਰ ਬੈਠਾ ਦੇਖ ਰਿਹਾ ਸੀ ਉਸ ਨੂੰ ਆਪਣੇ ਆਪ ਤੇ ਬਹੁਤ ਸ਼ਰਮ ਆਈ। ਉਹਨਾਂ ਦੋਨਾਂ ਦੇ ਘਰ ਆਉਂਦਿਆਂ ਹੀ ਉਹ ਸਾਹਮਣੇ ਹੱਥ ਜੋੜੀ ਖੜ੍ਹਾ ਸੀ ਉਸ ਨੇ ਸਤਿੰਦਰ ਤੋਂ ਮਾਫੀ ਮੰਗਦਿਆਂ ਕਿਹਾ," ਮੈਂ ਤੇਰੇ ਹੱਕ ਦੀ ਖੁਸ਼ੀ ਦੇ ਅਠਾਈ ਸਾਲ ਤਾਂ ਨਹੀਂ ਮੋੜ ਸਕਦਾ ਪਰ ਐਨਾ ਵਾਅਦਾ ਹੈ ਕਿ ਹੁਣ ਜਿੰਨੀ ਜ਼ਿੰਦਗੀ ਆਪਾਂ ਇਕੱਠੇ ਰਹਾਂਗੇ, ਤੈਨੂੰ ਮੈਂ ਰਾਣੀ ਬਣਾ ਕੇ ਰੱਖਾਂਗਾ।" ਨਾਲ ਹੀ ਉਸ ਨੇ ਮਨਜੋਤ ਦਾ ਧੰਨਵਾਦ ਕੀਤਾ ਕਿ ਉਸ ਨੇ ਤਾਂ ਉਸ ਦੀਆਂ ਅੱਖਾਂ ਹੀ ਖੋਲ੍ਹ ਦਿੱਤੀਆਂ ਹਨ। ਮਨਜੋਤ ਬਹੁਤ ਖੁਸ਼ ਸੀ। ਉਸ ਨੂੰ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਉਸ ਨੇ ਕੋਈ ਵੱਡੀ ਜੰਗ ਜਿੱਤ ਲਈ ਹੋਵੇ।

ਬਰਜਿੰਦਰ ਕੌਰ ਬਿਸਰਾਓ...
9988901324

# ਕੀ ਕੇਜਰੀਵਾਲ ਵੱਲੋਂ ਆਪਣਾ ਛੋਟਾ ਭਰਾ ਦੱਸੇ ਜਾਣ ਵਾਲਾ ਹੀ ਹੋਵੇਗਾ ਆਮ ਆਦਮੀ ਪਾਰਟੀ ਦਾ ਮੁੱਖਮੰਤਰੀ ?

ਆਮ ਆਦਮੀ ਪਾਰਟੀ ਨੇ ਭਾਵੇਂ ਹਜੇ ਤੱਕ ਪੰਜਾਬ ਲਈ ਮੁੱਖਮੰਤਰੀ ਦਾ ਚਿਹਰਾ ਨਹੀਂ ਐਲਾਨਿਆਂ ਹੈ ਪਰ ਹੌਲੀ-ਹੌਲੀ ਇਹ ਸਾਫ ਹੋਣ ਲੱਗਿਆ ਹੈ ਕਿ ਪਾਰਟੀ ਦੇ ਸੰਸਦ ਭਗਵੰਤ ਮਾਨ ਹੀ ਮੁੱਖਮੰਤਰੀ ਅਹੁਦੇ ਦੇ ਉਮੀਦਵਾਰ ਹੋਣਗੇ। ਇਸ ਤੋਂ ਪਹਿਲਾਂ ਪਾਰਟੀ ਦੇ ਬਾਨੀ ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਪੰਜਾਬ ਨੂੰ ਮੁੱਖਮੰਤਰੀ ਦਾ ਅਜਿਹਾ ਚਿਹਰਾ ਦੇਵੇਗੀ ਜਿਸ 'ਤੇ ਸਾਰਿਆਂ ਨੂੰ ਮਾਣ ਹੋਵੇਗਾ। ਉਸ ਤੋਂ ਬਾਅਦ ਕੇਜਰੀਵਾਲ ਨੇ ਸਰਦਾਰ ਸੇਵਾ ਸਿੰਘ ਸੇਖਵਾਂ ਨੂੰ ਉਨ੍ਹਾਂ ਦੇ ਘਰ ਜਾ ਕੇ ਪਾਰਟੀ 'ਚ ਸ਼ਾਮਲ ਕੀਤਾ ਤਾਂ ਅਜਿਹਾ ਲੱਗਣ ਲੱਗਿਆ ਕਿ ਸ਼ਾਇਦ ਪਾਰਟੀ ਉਨ੍ਹਾਂ ਨੂੰ ਮੁੱਖਮੰਤਰੀ ਅਹੁਦੇ ਦਾ ਚਿਹਰਾ ਬਣਾਏਗੀ ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਇਹ ਸੰਭਾਵਨਾ ਖਤਮ ਹੋ ਗਈ। ਆਮ ਆਦਮੀ ਪਾਰਟੀ ਦੇ ਕਈ ਪ੍ਰੋਗਰਾਮਾਂ 'ਚ ਭਗਵੰਤ ਮਾਨ ਦੇ ਸ਼ਾਮਲ ਨਾ ਹੋਣ ਦੇ ਚੱਲਦਿਆਂ ਸਿਆਸੀ ਗਲਿਆਰਿਆਂ 'ਚ ਇਹ ਗੱਲ ਫੈਲ ਗਈ ਕਿ ਮਾਨ ਮੁੱਖਮੰਤਰੀ ਅਹੁਦੇ ਦਾ ਉਮੀਦਵਾਰ ਨਾ ਐਲਾਨੇ ਜਾਣ ਕਰਕੇ ਨਰਾਜ਼ ਚੱਲ ਰਹੇ ਹਨ। ਪਰ ਲੱਗਦਾ ਹੈ ਕਿ ਹੁਣ ਅਰਵਿੰਦ ਕੇਜਰੀਵਾਲ ਨੇ ਵੀ ਮੰਨ ਲਿਆ ਹੈ ਕਿ ਭਗਵੰਤ ਮਾਨ ਤੋਂ ਇਲਾਵਾ ਪਾਰਟੀ ਕੋਲ ਹੋਰ ਕੋਈ ਵੀ ਚਿਹਰਾ ਨਹੀਂ ਹੈ। ਕਿਉਂਕਿ ਪਿਛਲੇ ਦਿਨੀ ਜਦੋਂ ਕਾਂਗ੍ਰਸ ਦੇ ਸੀਨੀਅਰ ਲੀਡਰ ਰਮਨ ਬਹਿਲ ਨੂੰ ਆਮ ਆਦਮੀ ਪਾਰਟੀ 'ਚ ਸ਼ਾਮਲ ਕੀਤਾ ਗਿਆ ਤਾਂ ਉਸ ਵਕਤ ਭਗਵੰਤ ਮਾਨ ਦੇ ਨਾਲ ਰਾਘਵ ਚੱਢਾ ਵੀ ਮੌਜੂਦ ਸਨ। ਵਰਨਾ ਅਜਿਹੇ ਪ੍ਰੋਗਰਾਮਾਂ 'ਚ ਅਰਵਿੰਦ ਕੇਜਰੀਵਾਲ ਖੁਦ ਸ਼ਾਮਲ ਹੁੰਦੇ ਹਨ ਅਤੇ ਉਸ ਤੋਂ ਬਾਅਦ ਭਗਵੰਤ ਮਾਨ ਨੇ ਵੀ ਤਾਬੜਤੋੜ ਬਿਆਨ ਜਾਰੀ ਕਰਨੇ ਸ਼ੁਰੂ ਕਰ ਦਿੱਤੇ।

ਇਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਆਮ ਆਦਮੀ ਪਾਰਟੀ ਦੀ ਇਕ ਮਹਿਲਾ ਨੇਤਾ ਜੋ ਭਗਵੰਤ ਮਾਨ ਨੂੰ ਮੁੱਖਮੰਤਰੀ ਅਹੁਦੇ ਲਈ ਨਾਮਜ਼ਦ ਕਰਨ ਤੋਂ ਨਰਾਜ਼ ਚੱਲ ਰਹੀ ਸੀ ਪਿਛਲੇ ਦਿਨੀਂ ਉਹ ਖੁਦ ਕਾਂਗ੍ਰਸ 'ਚ ਸ਼ਾਮਲ ਹੋ ਗਈ। ਕਾਂਗ੍ਰਸ 'ਚ ਸ਼ਾਮਲ ਹੋਣ ਤੋਂ ਬਾਅਦ ਉਸ ਮਹਿਲਾ ਲੀਡਰ ਨੇ ਇਹ ਬਿਆਨ ਦਿੱਤਾ ਕਿ ਜੇਕਰ ਭਗਵੰਤ ਮਾਨ ਨੂੰ ਜਲਦ ਹੀ ਮੁੱਖਮੰਤਰੀ ਅਹੁਦੇ ਦਾ ਚਿਹਰਾ ਨਾ ਐਲਾਨਿਆਂ ਗਿਆ ਤਾਂ ਕਈ ਹੋਰ ਆਗੂ ਕਾਂਗ੍ਰਸ 'ਚ ਸ਼ਾਮਲ ਹੋ ਸਕਦੇ ਹਨ।

ਅਜਿਹਾ ਲੱਗਦਾ ਹੈ ਕਿ ਆਮ ਆਦਮੀ ਪਾਰਟੀ 'ਚ ਸਭ ਕੁਝ ਠੀਕ ਨਹੀਂ ਹੈ। ਸਿਆਸੀ ਸੂਤਰਾਂ ਮੁਤਾਬਕ ਆਮ ਆਦਮੀ ਪਾਰਟੀ ਹੁਣ ਸੱਚਾ ਸਿੰਘ ਛੋਟੇਪੁਰ ਨੂੰ ਮੁੜ ਫਿਰ ਪਾਰਟੀ 'ਚ ਸ਼ਾਮਲ ਕਰਨ ਦਾ ਮਨ ਬਣਾ ਰਹੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਆਮ ਆਦਮੀ ਪਾਰਟੀ ਲਈ ਸੰਭਾਵਨਾਵਾਂ ਵਧ ਜਾਣਗੀਆਂ। ਵੈਸੇ ਦੇਖਿਆ ਜਾਵੇ ਤਾਂ ਕਾਂਗ੍ਰਸ ਦੇ ਅੰਦਰੂਨੀ ਕਲੇਸ਼ ਦੇ ਚੱਲਦਿਆਂ ਆਮ ਆਦਮੀ ਪਾਰਟੀ ਦੇ ਕਈ ਨੇਤਾ ਅੰਦਰ ਖਾਤੇ ਖੁੱਸ਼ ਦੱਸੇ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਚੋਣਾਂ 'ਚ ਕਾਂਗ੍ਰਸ ਹੀ ਕਾਂਗ੍ਰਸ ਨੂੰ ਮਾਤ ਦੇਵੇਗੀ ਅਤੇ ਲੋਕਾਂ ਕੋਲ ਆਮ ਆਦਮੀ ਪਾਰਟੀ ਨੂੰ ਵੋਟ ਦੇਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੋਵੇਗਾ।

ਹੁਣ ਦੇਖਣਾ ਇਹ ਹੋਵੇਗਾ ਕਿ ਆਮ ਆਦਮੀ ਪਾਰਟੀ ਜਨਤਕ ਰੂਪ 'ਚ ਭਗਵੰਤ ਮਾਨ ਨੂੰ ਕਦੋਂ ਮੁੱਖਮੰਤਰੀ ਅਹੁਦੇ ਦਾ ਚਿਹਰਾ ਐਲਾਨਦੀ ਹੈ, ਕਿਉਂਕਿ ਜੇਕਰ ਇਸ ਕੰਮ 'ਚ ਦੇਰੀ ਕੀਤੀ ਗਈ ਤਾਂ ਪਾਰਟੀ ਨੂੰ 2017 ਵਾਂਗ ਇਸਦਾ ਖਾਮਿਆਜ਼ਾ ਭੁਗਤਨਾ ਪੈ ਸਕਦਾ ਹੈ। ਆਮ ਆਦਮੀ ਪਾਰਟੀ ਨੇ 2017 'ਚ 20 ਸੀਟਾਂ 'ਤੇ ਚੋਣ ਜਿੱਤੀ ਸੀ, ਜਿਨ੍ਹਾਂ ਵਿਚੋਂ 6 ਵਿਧਾਇਕ ਪਾਰਟੀ ਛੱਡ ਕੇ ਚਲੇ ਗਏ ਹਨ ਉਨ੍ਹਾਂ ਵਿਚੋਂ ਸੁਖਪਾਲ ਖਹਿਰਾ ਦਾ ਅਸਤੀਫਾ ਵੀ ਮਨਜ਼ੂਰ ਕਰ ਲਿਆ ਗਿਆ ਹੈ ਹੁਣ ਦੇਖਣਾ ਇਹ ਹੈ ਕਿ ਬਾਕੀ ਬਚੇ ਵਿਧਾਇਕਾਂ ਦਾ ਕੀ ਬਣਦਾ ਹੈ ?

ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ,ਬਠਿੰਡਾ

## ਆਪਣੀ ਹਵਾਈ ਫ਼ੌਜ ਦੀ ਬਣਾਉਣ ਦੀ ਤਿਆਰੀ 'ਚ ਤਾਲਿਬਾਨ

ਕਾਬੁਲ 'ਤੇ ਕਬਜਾ ਕਰਨ ਤੋਂ ਬਾਅਦ ਹੁਣ ਤਾਲਿਬਾਨ ਨੇ ਐਲਾਨ ਕਰ ਦਿੱਤਾ ਹੈ ਕਿ ਦੇਸ਼ 'ਚ ਆਪਣੀ ਹਵਾਈ ਫੌਜ ਦਾ ਹੋਣਾ ਲਾਜ਼ਮੀ ਹੈ। ਅਜਿਹੇ 'ਚ ਹੁਣ ਤਾਲਿਬਾਨ ਨੇ ਆਪਣੀ ਹਵਾਈ ਫੌਜ ਬਣਾਉਣ ਦਾ ਫੈਸਲਾ ਕੀਤਾ ਹੈ। ਮੁਲਕ 'ਚ ਹਕੂਮਤ ਸੰਭਾਲਣ ਤੋਂ ਦੋ ਮਹੀਨੇ ਬਾਅਦ ਤਾਲਿਬਾਨ ਨੇ ਆਪਣੀ ਹਵਾਈ ਫੌਜ ਖੜੀ ਕਰਨ ਅਤੇ ਉਸ ਨੂੰ ਤਾਕਤਵਰ ਬਣਾਉਣ ਦੀ ਗੱਲ ਕਹੀ। ਰਾਜਧਾਨੀ ਕਾਬੁਲ 'ਚ ਆਈਐਸਆਈਐਸ ਦੇ ਲੜਕਿਆਂ ਨੇ ਦਾਊਦ ਖਾਨ ਹਸਪਤਾਲ 'ਤੇ ਵੱਡਾ ਹਮਲਾ ਕੀਤਾ ਸੀ, ਜਿਸ ਵਿਚ ਤਕਰੀਬਨ 23 ਲੋਕਾਂ ਦੀ ਮੌਤ ਹੋ ਗਈ ਸੀ। ਇਸ ਹਮਲੇ 'ਚ ਤਾਲਿਬਾਨ ਵੱਲੋਂ ਹਸਪਤਾਲ ਦੀ ਸੁਰੱਖਿਆ 'ਚ ਤੈਨਾਤ ਕੀਤੇ ਬਲੈਕ ਹੱਕ ਅਤੇ ਤਿੰਨ ਹੈਲੀਕਾਪਟਰਾਂ ਨੇ ਅਹਿਮ ਰੋਲ ਨਿਭਾਇਆ ਸੀ। ਇਸ ਤੋਂ ਬਾਅਦ ਹੀ ਤਾਲਿਬਾਨ ਨੇ ਹੁਣ ਕਿਹਾ ਹੈ ਕਿ ਦੇਸ਼ 'ਚ ਹਵਾਈ ਫੌਜ ਨੂੰ ਤਾਕਤਵਾਰ ਕੀਤਾ ਜਾਵੇਗਾ, ਤਾਂ ਜੋ ਦੇਸ਼ ਦੇ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਤਾਲਿਬਾਨ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਅਸੀਂ ਪਿਛਲੀ ਸਰਕਾਰ ਦੀ ਹਵਾਈ ਫੌਜ 'ਚ ਸ਼ਾਮਲ ਫੌਜ ਨੂੰ ਇਸਤਮਾਲ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਉਹ ਸਾਰੇ ਸਾਡੇ ਕੋਲ ਵਾਪਸ ਆ ਜਾਣ। ਇਹ ਦੱਸਣਯੋਗ ਹੈ ਕਿ ਤਾਲਿਬਾਨ ਨੇ ਕਾਬੁਲ ਦੇ ਰਾਸ਼ਟਰਪਤੀ ਭਵਨ 'ਚ ਘੁਸਪੈਠ ਕਰਨ ਤੋਂ ਕੁਝ ਦਿਨ ਪਹਿਲਾਂ ਹੀ ਕੰਧਾਰ ਏਅਰਫੋਰਸ ਨੂੰ ਜਬਤ ਕਰ ਲਿਆ ਸੀ ਅਤੇ ਅਮਰੀਕੀ ਹਵਾਈ ਜਹਾਜ਼ ਐਮਆਈ -17 ਨੂੰ ਵੀ ਤਾਲਿਬਾਨ ਨੇ ਆਪਣੇ ਕਬਜੇ 'ਚ ਲੈ ਲਿਆ ਸੀ।

ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ,ਬਠਿੰਡਾ

# ਕਿੱਧਰ ਗਈਆਂ ਲੋਰੀਆਂ ?

ਲੋਰੀ ਦਾ ਨਾਂ ਸੁਣਦੇ ਸਾਰ ਹੀ ਸਭ ਨੂੰ ਮਾਂ , ਮਾਂ ਦੀ ਗੋਦ , ਪੰਘੂੜੇ , ਨੀਂਦ , ਰੋਣਾ , ਰਾਤ , ਚੰਨ - ਤਾਰਿਆਂ ਤੇ ਮਾਂ ਦੀ ਛੋਹ ਦੀ ਕਲਪਨਾ ਜਿਹੀ ਆ ਜਾਂਦੀ ਹੈ। ਲੋਰੀ ਮਾਂ ਦੇ ਸ਼ਾਂਤ , ਸਹਿਜ , ਮੁਲਾਇਮ , ਪਿਆਰ ਭਰੇ , ਦਿਆਲੂ , ਸਮਰਪਣ ਅਤੇ ਕੋਮਲ ਹਿਰਦੇ ਵਿੱਚੋਂ ਮਿਲਿਆ ਵਰਦਾਨ ਹੈ। ਹਰ ਯੁੱਗ ਦੇ ਸਮੇਂ ਵਿੱਚ ਮਾਂ ਨੇ ਲੋਰੀ ਨੂੰ ਆਪਣੀ ਮਮਤਾ , ਸਨੇਹ , ਕਰੁਣਾ ਅਤੇ ਦਰਿਆਦਿਲੀ ਦਾ ਵਿਸ਼ਾ ਬਣਾਇਆ। ਲੋਰੀ , ਮਾਂ ਦੇ ਹਿਰਦੇ ਵਿੱਚੋਂ ਨਿਕਲ ਕੇ ਹੈਰਾਨੀ - ਪ੍ਰੇਸ਼ਾਨੀ ਦੇ ਸਮੇਂ ਬੱਚੇ ਨੂੰ ਸੁੱਖ ਤੇ ਪਿਆਰ ਦੀ ਠੰਢਕ ਪਹੁੰਚਾਉਂਦੀ ਹੈ। ਇਸ ਵਿੱਚ ਮਿਠਾਸ ਹੀ ਮਿਠਾਸ , ਪਿਆਰ ਹੀ ਪਿਆਰ , ਮਮਤਾ ਹੀ ਮਮਤਾ ਹੁੰਦੀ ਹੈ। ਲੋਰੀ , ਔਰਤ ਦੇ ਮਨ ਦੇ ਉਸ ਕੋਨੇ ਵਿੱਚੋਂ ਨਿਕਲਦੀ ਹੈ , ਜਿੱਥੇ ਮਮਤਾ ਤੇ ਪਿਆਰ ਹੁੰਦਾ ਹੈ ,ਉਹ ਮਨ ਪਾਕ - ਪਵਿੱਤਰ ਹੁੰਦਾ ਹੈ , ਸ਼ੀਸ਼ੇ ਵਾਂਗ...। ਇਸ ਲਈ ਮਾਂ ਨੂੰ " ਮਮਤਾ ਦੀ ਮੂਰਤ " ਕਿਹਾ ਗਿਆ ਹੈ। ਲੋਰੀ ਛੋਟੇ ਬੱਚਿਆਂ ਨੂੰ ਸੁਆਉਣ ( ਸੌਣ ) ਲਈ , ਮਨਪ੍ਰਚਾਵੇ ਜਾਂ ਰੋ ਰਹੇ ਬੱਚੇ ਨੂੰ ਚੁੱਪ ਕਰਵਾਉਣ ਲਈ ਗਾਈ ਜਾਂਦੀ ਹੈ। ਇਨ੍ਹਾਂ ਲੋਰੀਆਂ ਵਿੱਚੋਂ ਹੀ ਸਮੇਂ ਦੀ ਆਰਥਿਕ ਸਥਿਤੀ , ਔਰਤ ਦੇ ਪਿਆਰ , ਵਿਯੋਗ , ਇੱਛਾਵਾਂ , ਉਮੰਗਾਂ , ਰਸਮਾਂ - ਰਿਵਾਜਾਂ ਤੇ ਜ਼ਮੀਨੀ ਹਕੀਕਤ ਪ੍ਰਗਟ ਹੁੰਦੀ ਹੈ। ਲੋਰੀ ਰੋਟੀ - ਟੁੱਕ ਬਣਾਉਣ , ਕੱਪੜੇ ਧੋਣ, ਘਰ ਸੰਭਾਲਣ ਤੇ ਰੋਜ਼ ਦੇ ਕੰਮਾਂ ਦੇ ਨਾਲ ਬੱਚੇ ਨੂੰ ਸੰਭਾਲਣ , ਰੋਂਦੇ ਨੂੰ ਚੁੱਪ ਕਰਵਾਉਣ ਤੇ ਸੁਆਉਣ ਲਈ ਗਾਈ ਜਾਂਦੀ ਹੁੰਦੀ ਸੀ। ਸਾਡੀਆਂ ਲੋਰੀਆਂ ਵਿੱਚ ਪਸ਼ੂ , ਪੰਛੀ , ਸੂਰਜ , ਚੰਨ , ਤਾਰੇ , ਨਦੀਆਂ , ਪਰਬਤ, ਸਮੁੰਦਰ , ਰਾਜੇ - ਮਹਾਰਾਜੇ ਆਦਿ ਦੇ ਵੇਰਵੇ ਵੀ ਮਿਲਦੇ ਹਨ। ਮਾਤਾਵਾਂ ਬੱਚਿਆਂ ਨੂੰ ਕਈ ਢੰਗਾਂ ਨਾਲ ਜਿਵੇਂ ਉਠਾ ਕੇ ,ਲਿਟਾ ਕੇ ਜਾਂ ਆਪਣੇ ਸਰੀਰ ਨਾਲ ਲਗਾ ਕੇ ਲੋਰੀਆਂ ਸੁਣਾਉਂਦੀਆਂ ਹੁੰਦੀਆਂ ਸਨ। ਲੋਰੀਆਂ ਨਾਲ ਨਿੱਕੇ ਬੱਚਿਆਂ ਨੂੰ ਇੱਕ ਵੱਖਰਾ ਹੀ ਮਾਨਸਿਕ ਸਕੂਨ ਵੀ ਮਿਲਦਾ ਹੁੰਦਾ ਸੀ। ਬੱਚੇ ਦਾ ਮਨ ਪਰਚਾਵਾ ਕਰਨ ਤੇ ਉਸ ਨੂੰ ਸੁਆਉਣ ਦਾ ਬਹੁਤ ਹੀ ਕਾਰਗਰ ਤਰੀਕਾ ਹੁੰਦੀ ਸੀ ਲੋਰੀ। ਮਾਂ ਆਪਣੇ ਪੁੱਤਰਾਂ - ਧੀਆਂ ਨੂੰ ਸੁਆਉਣ ਲਈ ਲੋਰੀ ਗਾਉਂਦੀਆਂ ਹੁੰਦੀਆਂ ਸਨ :

" ਨਾ ਰੋ ਰਾਣਿਆਂ ਵੇ ,
ਮਾਂ ਦਿਆ ਅਮੋਲ ਖਜਾਨਿਆਂ ਵੇ ,
ਮਾਂ ਦੀ ਸੋਹਣੀ ਗੋਦੀ ਵੇ ,
ਫੜੀ ਨਾ ਪਿਓ ਦੀ ਬੋਦੀ ਵੇ ,
ਮੇਰਾ ਕੁੱਕੂ ਰਾਣਾ ਰੋਂਦਾ ,
ਹਾਏ ਮੈਂ ਮਰਜਾਂ ਰੋਂਦਾ।"

ਅਤੇ

" ਸੋਹਣਾ ਪੁੱਤ ਮਾਂ ਦਾ ,
ਦੁੱਧ ਪੀਵੇ ਗਾਂ ਦਾ ,
ਰੋਟੀ ਖਾਵੇ ਕਣਕ ਦੀ ,
ਵਹੁਟੀ ਲਿਆਵੇ ਛਣਕਦੀ।"

ਲੋਰੀਆਂ ਵਿੱਚ ਪਰੀਆਂ ਦਾ ਜ਼ਿਕਰ ਵੀ ਕੀਤਾ ਜਾਂਦਾ ਸੀ। ਮਾਂ ਆਪਣੀ ਲਾਡੋ ਧੀ ਨੂੰ ਸੁਆਉਣ ਲਈ ਆਖਦੀ ਹੁੰਦੀ ਸੀ ,

" ਸੋ ਜਾ ਮੇਰੀ ਲਾਡੋ ਰਾਣੀ ਸੌਂ ਜਾ ,
ਨੀਂਦਰ ਦੇ ਵਿੱਚ ਜਾਏਂਗੀ ,
ਪਰੀਆਂ ਕੋਲ ਬੁਲਾਏਂਗੀ ,
ਪੀਂਘਾਂ ਉੱਚੀਆਂ ਪਾਵੇਂਗੀ ,
ਪਿਆਰ ਹੁਲਾਰੇ ਖਾਏਂਗੀ।"

ਇਸ ਤਰ੍ਹਾਂ ਬੱਚੇ ਲੋਰੀਆਂ ਰਾਹੀਂ ਮਾਂ ਦਾ ਪਿਆਰ , ਸਨੇਹ , ਤੇ ਮਮਤਾ ਪਾ ਕੇ ਭੌਰ - ਭੌਰ ਹੋ ਜਾਇਆ ਕਰਦੇ ਸੀ। ਵਡਭਾਗੇ ਹਨ ਉਹ, ਜਿਨ੍ਹਾਂ ਨੇ ਮਾਂ ਦੀ ਮਮਤਾ ਦੇ ਉਹ ਪਲ ਹੰਢਾਏ ਹਨ , ਪਰ ਅੱਜਕੱਲ੍ਹ ਸੂਚਨਾ ਕ੍ਰਾਂਤੀ , ਟੈਲੀਵਿਜ਼ਨ ਚੈਨਲਾਂ , ਕੰਮਾਂਕਾਰਾਂ, ਕੈਰੀਅਰ ਬਣਾਉਣ ਤੇ ਬਚਾਉਣ ਦੀ ਤਾਂਘ , ਸਾਂਝੇ ਪਰਿਵਾਰਾਂ ਦੀ ਅਣਹੋਂਦ ,ਕਾਰਟੂਨ ਫ਼ਿਲਮਾਂ ਦੀ ਭਰਮਾਰ , ਵਿਗਿਆਨਕ ਕ੍ਰਾਂਤੀ ਆਦਿ ਨੇ ਰਲ - ਮਿਲ ਕੇ ਬੱਚਿਆਂ ਕੋਲੋਂ ਲੋਰੀਆਂ ਖੋਹ ਹੀ ਲਈਆਂ ਹਨ। ਦੌੜ - ਭੱਜ ਦੇ ਸਮੇਂ ਵਿੱਚ ਤੇ ਪੈਸੇ ਦੀ ਅੰਨ੍ਹੀ ਦੌੜ ਨੇ ਅੱਜ ਬਚਪਨ ਨੂੰ ਕਰੈਚਾਂ , ਆਇਆ ਅਤੇ ਨੌਕਰਾਣੀਆਂ ਹਵਾਲੇ ਕਰ ਛੱਡਿਆ ਹੈ ਅਤੇ ਤੇਜ਼ੀ ਦੇ ਜ਼ਮਾਨੇ ਵਿੱਚ ਲੋਰੀਆਂ ਕਿਤੇ ਗੁਆਚ ਜਿਹੀਆਂ ਹੀ ਗਈਆਂ ਹਨ , ਪਰ ਮਾਂ ਦੀ ਮਮਤਾ , ਛੋਹ , ਭਾਵਾਂ ਅਤੇ ਕਰੁਣਾ ਨਾਲ ਭਰੀ ਲੋਰੀ ਦੀ ਛਾਪ ਤੇ ਹੋਂਦ ਹਮੇਸ਼ਾ ਸਭ ਦੇ ਤਪਦੇ ਹਿਰਦਿਆਂ ਨੂੰ ਠੰਢ ਪਹੁੰਚਾਉਂਦੀ ਰਹੇਗੀ।

ਲੇਖਕ ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356



## ਨਿਰੋਗੀ ਜੀਵਨ ਤੇ ਲੰਬੀ ਉਮਰ (ਛੇਵਾਂ ਅੰਕ)

# ਪੇਟ ਤੇ ਗੰਭੀਰ ਮਸਲੇ



ਡਾ. ਲਵਪ੍ਰੀਤ ਕੌਰ "ਜਵੰਦਾ"
9814203357

ਆਯੁਰਵੇਦ ਅਨੁਸਾਰ ਮੈਂ ਪਹਿਲਾ ਜੀਵਨ ਜਾਚ ਦੱਸ ਚੁੱਕੀ ਹਾਂ ਸਾਡੇ ਸਰੀਰ ਦੀ ਰਚਨਾ ਦੇ ਹਿਸਾਬ ਨਾਲ ਜਨਮ ਤੋ ਲੈਕੇ ਮਰਨ ਤੱਕ ਦੇ ਕੁਦਰਤ ਨੇ ਨਿਯਮ ਬਣਾਏ ਹਨ। ਅਗਰ ਅਸੀਂ ਉਸ ਹਿਸਾਬ ਨਾਲ ਆਪਣੀ ਦਿਨ ਚਰਿਆ ਕਰਦੇ ਹਾਂ ਤਾਂ ਰੋਗ ਸਾਡੇ ਨੇੜੇ ਨਹੀਂ ਆਉਂਦੇ ਪਰ ਜੇ ਅਸੀ ਉਨਾਂ ਦੇ ਉਲਟ ਚਲਦੇ ਹਾਂ ਤਾਂ ਸਾਡਾ ਸਰੀਰ ਰੋਗ ਗ੍ਰਸਥ ਹੋ ਜਾਂਦਾ ਹੈ।ਠੀਕ ਸਮੇਂ ਤੇ ਭੋਜਨ ਨਾ ਕਰਨਾ ਤੇ ਗਲਤ ਖਾਣ-ਪੀਣ, ਸਿਹਤ 'ਚ ਲਾਪ੍ਰਵਾਹੀ ਆਦਿ ਦੇ ਕਾਰਨ ਸਾਡੇ ਪੇਟ ਦੇ ਵਿੱਚ ਦੂਸ਼ਤਿ ਵਾਯੂ ਇਕੱਠੀ ਹੋ ਜਾਂਦੀ ਹੈ ਜੋ ਪੇਟ ਦਾ ਅਫਾਰਾ ਜਾਂ ਪੇਟ ਦੇ ਅੰਦਰ ਗੈਸ ਪੈਦਾ ਕਰਦੀ ਹੈ।ਇਸ ਦੇ ਕਾਰਨ ਪੇਟ ਦੀਆਂ ਨਸਾਂ ਵਿੱਚ ਖਿਚਾਅ ਮਹਿਸੂਸ ਹੋਣ ਲੱਗਦਾ ਹੈ ਪੇਟ ਫੁੱਲਣ ਲੱਗਦਾ ਹੈ, ਜਦੋਂ ਗੈਸ ਦਾ ਅਫਾਰਾ ਉੱਤੇ ਨੂੰ ਵਧਦਾ ਹੈ ਤਾਂ ਸਾਡੇ ਦਿਲ ਤੇ ਵੀ ਦਬਾਅ ਪੈਂਦਾ ਹੈ।ਜਿਸ ਨਾਲ ਘਬਰਾਹਟ ਮਹਿਸੂਸ ਹੁੰਦੀ ਹੈ। ਇਹ ਗੈਸ ਜਦੋਂ ਪੇਟ ਦੇ ਅੰਦਰ ਕਾਫੀ ਲੰਬੇ ਸਮੇਂ ਤੱਕ ਰੁਕ ਜਾਂਦੀ ਹੈ ਤਾਂ ਪੇਟ ਅੰਦਰ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਹੋਲੀ ਹੋਲੀ ਇਹ ਪੇਟ ਅੰਦਰ ਤੇਜ਼ਾਬ ਦਾ ਬਣਨਾ ਸ਼ੁਰੂ ਕਰ ਦਿੰਦੀ ਹੈ। ਜਿਸ ਨਾਲ ਖੱਟੇ ਡਕਾਰ, ਬਦਹਜ਼ਮੀ, ਸੀਨੇ ਵਿਚ ਜਲਨ, ਸਿਰ ਦਰਦ,ਕਬਜ, ਦਸਤ ,ਸੰਗ੍ਰਹਿਣੀ ,ਬਵਾਸੀਰ, ਸ਼ੂਗਰ, ਯੂਰਿਕ ਐਸਿਡ,,ਜੋੜਾ ਦੇ ਦਰਦ,ਖੂਨ ਦਾ ਗਾੜ੍ਹਾ ਹੋਣਾ,ਮੋਟਾਪਾ, ਆਦਿ ਰੋਗ ਲੱਗ ਜਾਂਦੇ ਹਨ।ਪੇਟ ਦੇ ਰੋਗਾਂ ਤੋ ਹੀ ਸਰੀਰ ਦੇ ਸਾਰੇ ਰੋਗ ਸ਼ੁਰੂ ਹੁੰਦੇ ਹਨ ਸਾਰੇ ਰੋਗਾਂ ਦੀ ਜੜ੍ਹ ਅਗਰ ਕਿਹਾ ਜਾਵੇ ਪੇਟ ਹੈ ਤਾਂ ਗਲਤ ਨਹੀਂ ਹੋਵੇਗਾ।

**ਪੇਟ ਅੰਦਰ ਗੈਸ ਬਣਨ ਦੇ ਕਾਰਨ:-**

ਜਦੋਂ ਪੇਟ ਆਫਰ ਜਾਵੇ ਤਾਂ ਵਾਯੂ ਇਕੱਠੀ ਹੋਣ ਦੇ ਨਾਲ-ਨਾਲ ਪੇਟ ਫੁੱਲਣ ਲੱਗਦਾ ਹੈ, ਜਿਸ ਨਾਲ ਕਬਜ ਪੈਦਾ ਹੁੰਦੀ ਹੈ ਕਬਜ ਦੇ ਕਾਰਨ ਅੰਤੜੀਆਂ ਵਿੱਚ ਮਲ ਜਮ੍ਹਾ ਹੋਣ ਲੱਗਦਾ ਹੈ ਤਾਂ ਇਸਦੇ ਗਲਣ ਸੜਨ ਨਾਲ ਦੂਸ਼ਤਿ ਵਾਯੂ ਪੈਦਾ ਹੁੰਦੀ ਹੈ। ਜਦੋਂ ਇਸ ਨੂੰ ਬਾਹਰ ਨਿਕਲਣ ਦਾ ਰਸਤਾ ਨਹੀਂ ਮਿਲਦਾ ਤਾਂ ਇਹ ਪੇਟ ਵਿੱਚ ਹੀ ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ। ਲੋੜ ਤੋਂ ਵੱਧ ਭੋਜਨ ਕਰਨ ਨਾਲ,ਫ਼ਾਸਟ ਫੂਡ, ਬਾਜਾਰਾਂ ਵਿੱਚੋਂ ਮਿਲਣ ਵਾਲਾ ਤੇਲ ਮਿਰਚ ਮਸਾਲੇ ਵਾਲਾ ਗਰਮ ਮਸਾਲੇ ਵਾਲਾ ਭੋਜਨ, ਮੀਟ ਮਸਾਲਿਆਂ ਦੀ ਵੱਧ ਵਰਤੋਂ ਜਾਂ ਕੋਈ ਚਿੰਤਾ-ਡਰ ,ਪ੍ਰੇਸ਼ਾਨੀ, ਲੜਾਈ ਝਗੜੇ ਕਾਰਨ ਪਾਚਣ ਕਿਰਿਆ ਵਿੱਚ ਇਹ ਵਿਕਾਰ ਆਉਣਾ ਸ਼ੁਰੂ ਹੋ ਜਾਂਦਾ ਹੈ।ਤੇ ਅੱਜ ਕੱਲ ਅਸੀ ਝੱਟ ,ਖਾਲੀ ਪੇਟ ਗੈਸ ਲਈ ਕੈਪਸੂਲ ਲੈਣਾ ਸ਼ੁਰੂ ਕਰ ਦਿੰਦੇ ਹਾਂ ਜੋ ਕੇ ਇਸ ਦਾ ਇਲਾਜ ਨਹੀਂ ਹਨ ਇਸ ਨਾਲ ਲੀਵਰ ਖਰਾਬ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਅਸੀ ਇੰਨਾ ਦੇ ਆਦੀ ਹੋ ਜਾਂਦੇ ਹਾਂ ਤੇ ਇੱਕ ਦਿਨ ਇੰਨਾ ਦਾ ਅਸਰ ਘਟਣ ਲਗਦਾ ਤੇ ਇੰਨਾ ਦੀ ਖੁਰਾਕ ਵਧਣ ਲਗਦੀ ਹੈ ਮੈਂ ਅੰਗਰੇਜੀ ਦਵਾਈਆਂ ਦੇ ਖਿਲਾਫ ਨਹੀਂ ਹਾਂ ਸਮੇ ਦੀ ਜਰੂਰਤ ਹਨ ਐਲੋਪੈਥਕ ਦਵਾਈਆਂ ਲੇਕਿਨ ਸਾਨੂੰ ਇੰਨਾ ਦੇ ਮੋਹਤਾਜ ਨਹੀਂ ਹੋਣਾ ਚਾਹੀਦਾ।ਐਲੋਪੈਥਕ ਦਵਾਈ ਸਾਡੇ ਦਰਦ ਨੂੰ ਦਬਾਉਂਦੀ, ਘਟਾਉਂਦੀ ਹੈ ਲੇਕਿਨ ਉਸਦੇ ਕਾਰਨ ਨੂੰ ਖਤਮ ਨਹੀਂ ਕਰਦੀ।ਆਯੁਰਵੇਦ ਦਰਦ ਨੂੰ ਦਬਾਉਂਦਾ, ਘਟਾਉਂਦਾ ਤੇ ਹੋਲੀ ਹੋਲੀ ਉਸਦੀ ਜੜ੍ਹ ਨੂੰ ਪੁੱਟਦਾ ਹੈ ਬਿਨਾ ਸਾਈਡ ਇਫੈਕਟਾਂ ਦੇ ।ਕਈ ਵਾਰੀ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਕਤੀ ਵਧਾ ਕੇ ਦੂਜੇ ਰੋਗਾਂ ਨੂੰ ਵੀ ਠੀਕ ਕਰਨ ਵਿਚ ਮਦਦ ਕਰਦਾ ਹੈ। ਇਸ ਲਈ ਸਾਨੂੰ ਆਪਣੀ ਜੀਵਨ ਜਾਂਚ ਬਦਲ ਕੇ ਪ੍ਰਕਿਰਤੀ ਅਨੁਸਾਰ ਚਲ ਕੇ ਕੁਦਰਤ ਦੇ ਦਿੱਤੇ ਅਨਮੋਲ ਤੋਹਫਿਆਂ ਦਾ ਫਾਇਦਾ ਚੁੱਕਣਾ ਚਾਹੀਦਾ ਹੈ ਤੇ ਨਿਰੋਗੀ ਜੀਵਨ ਜੀਣਾ ਚਾਹੀਦਾ ਹੈ। ਕਿਵੇਂ ਪਤਾ ਚੱਲੇ ਕੇ ਸਾਡੇ ਸਰੀਰ ਵਿੱਚ ਜੋ ਛੋਟੀਆਂ ਛੋਟੀਆਂ ਸਰੀਰਕ ਤਕਲੀਫ ਹੋ ਰਹੀਆਂ ਹਨ ਉਨ੍ਹਾਂ ਦਾ ਕਰਨ ਪੇਟ ਗੈਸ ਹੈ ਆਓ ਜਾਣੀਏ ਇਸਦੇ ਲੱਛਣਾਂ ਬਾਰੇ

**ਪੇਟ ਦੀ ਗੈਸ ਹੋਣ ਦੇ ਲੱਛਣ:-**

ਪੇਟ ਦੇ ਅੰਦਰ ਵਾਯੂ ਇਕੱਠੀ ਹੋਣ ਨਾਲ ਪੇਟ ਹੱਦ ਤੋ ਵੱਧ ਭਰਿਆ ਮਹਿਸੂਸ ਹੋਣਾ, ਦਰਦ ਹੋਣਾ ,ਜੀ ਮਚਲਾਉਣਾ, ਜਲਣ ,ਡਕਾਰ ਨਾ ਆਉਣਾ,ਛਾਤੀ ਵਿੱਚ ਗੈਸ ਭਰ ਜਾਣਾ, ਸਾਹ ਲੈਣ ਵਿੱਚ ਕਠਿਨਾਈ ਦੇ ਨਾਲ-ਨਾਲ ਰੋਗੀ ਨੂੰ ਘਬਰਾਹਟ ਵੀ ਹੁੰਦੀ ਹੈ। ਛਾਤੀ ਵਿੱਚ ਜਲਨ ਹੁੰਦੀ ਹੈ, ਵਾਯੂ ਜਦੋਂ ਉੱਤੇ ਨੂੰ ਚੜ੍ਹਦੀ ਹੈ ਤਾਂ ਕਈ ਵਾਰੀ ਸਿਰ ਵੀ ਦਰਦ ਹੋਣ ਲੱਗਦਾ ਹੈ ਅਤੇ ਚੱਕਰ ਆਉਂਦੇ ਹਨ। ਜਦੋਂ ਤੱਕ ਡਕਾਰ ਨਹੀਂ ਆਉਂਦੀ ਜਾਂ ਇਹ ਗੈਸ ਬਾਹਰ ਨਹੀਂ ਨਿਕਲਦੀ ਉਦੋਂ ਤੱਕ ਬੇਚੈਨੀ ਅਤੇ ਪੇਟ ਦਰਦ ਹੁੰਦਾ ਰਹਿੰਦਾ ਹੈ।ਜਦੋਂ ਗੈਸ ਦਿਲ ਵੱਲ ਨੂੰ ਚੜਦੀ ਹੈ ਤਾਂ ਦਿਲ ਨੂੰ ਟਾਈਟ ਕਰ ਦਿੰਦੀ ਹੈ ਜਿਸ ਨਾਲ ਦਿਲ ਨੂੰ ਆਪਣਾ ਕੰਮ ਕਰਨ ਵਿਚ ਪ੍ਰੇਸ਼ਾਨੀ ਹੁੰਦੀ ਹੈ ਤੇ ਕਈ ਵਾਰ ਦਿੱਲ ਤੇ ਦਬਾਓ ਵੱਧ ਪੈਣ ਨਾਲ ਦਿਲ ਤੇ ਦਰਦ ਸ਼ੁਰੂ ਹੋ ਜਾਂਦਾ ਤੇ ਇਨਸਾਨ ਨੂੰ ਭੁਲੇਖਾ ਲਗਦਾ ਕੇ ਕਿਤੇ ਹਾਰਟ ਅਟੈਕ ਨਾਂ ਹੋ ਜਾਵੇ।

ਰੋਟੀ ਖਾਣ ਨੂੰ ਜੀਅ ਨਾ ਕਰਨਾ,ਰੋਟੀ ਖਾ ਕੇ ਪੇਟ ਭਰਿਆ ਭਰਿਆ ਲੱਗਣਾ,ਪੇਟ ਦਰਦ, ਪੇਟ ਦੀ ਸੋਜ, ਅੰਤੜੀਆਂ ਦੀ ਸੋਜ, ਮੇਹਦੇ ਦਾ ਦਰਦ, ਮੇਹਦੇ ਦੀ ਸੋਜ,ਉਲਟੀ ਆਉਣੀ,ਜੀਅ ਕੱਚਾ ਹੋਣਾ,ਭੋਜਨ ਵਾਲੀ ਨਾੜੀ ਵਿੱਚ ਜਲਣ ਹੋਣੀ, ਮੇਹਦੇ ਦੀ ਗਰਮੀ, ਮੇਹਦੇ ਵਿਚ ਦਰਦ ਹੋਣਾ, ਢਿੱਡ ਪੀੜ, ਢਿੱਡ ਵਿੱਚ ਜਲਣ, ਢਿੱਡ ਵਿੱਚ ਦਰਦ ਹੋਣਾ,ਬਦਹਜ਼ਮੀ, ਖੱਟੇ ਡਕਾਰ ਆਉਣੇ, ਬਦ ਹਾਜਮਾ,ਅਫਰੇਮਾ, ਪੇਟ ਫੁੱਲਣਾ, ਪੇਟ ਦੀ ਸੋਜ, ਰੋਟੀ ਹਜਮ ਨਾ ਹੋਣੀ,ਅੰਤੜੀਆਂ ਦੀ ਸੋਜ,ਖਾਧਾ ਪੀਤਾ ਹਜਮ ਨਾ ਹੋਣਾ,ਬਦਹਜਮੀ,ਅਫਾਰਾ, ਪੇਟ ਚ ਮਰੋੜ ਹੋਣੀ,ਪੇਟ ਗੈਸ, ਤੇਜ਼ਾਬ ਬਣਨਾ,ਮਿਹਦੇ ਦੀ ਸੋਜ, ਮਿਹਦੇ ਵਿੱਚ ਜਲਣ ਹੋਣੀ ਆਦਿ ਲੱਛਣ ਹਨ।

ਮੈਂ ਆਪ ਜੀ ਨਾਲ ਕੁਝ ਦੇਸੀ ਤਰੀਕੇ ਸਾਂਝੇ ਕਰ ਰਹੀ ਹਾਂ ਜਿਨ੍ਹਾਂ ਨੂੰ ਅਜਮਾ ਕੇ ਤੁਸੀ ਇਸ ਤੋਂ ਨਜਾਤ ਪਾ ਸਕਦੇ ਹੋ ਅਗਰ ਰੋਗ ਗੰਭੀਰ ਹੋ ਚੁੱਕਾ ਹੈ ਪੁਰਾਣਾ ਹੋ ਗਿਆ ਹੈ ਤਾ ਕਿਸੇ ਕਾਬਿਲ ਡਾਕਟਰ ਦੀ ਮਦਦ ਲਵੋ ਇੰਨਾ ਨੁਸਖਿਆਂ ਨੂੰ ਹਰ ਗਰੀਬ ਅਮੀਰ ਵਰਤ ਕੇ ਗੈਸ ਤੇਜ਼ਾਬ,ਪੇਟ ਫੁੱਲਣਾ, ਮੇਹਦੇ ਦੀ ਗਰਮੀ,ਮੇਹਦੇ ਦੀ ਸੋਜ,ਲੀਵਰ ਦੀ ਸੋਜ, ਰੋਟੀ ਖਾ ਕੇ ਸਾਹ ਲੈਣਾ ਔਖਾ ਹੋਣਾ ਆਦਿ ਤਕਲੀਫਾ ਤੋ ਮੁਕਤੀ ਪਾ ਸਕਦੇ ਹਨ।

**ਅਜਵੈਣ** :-ਹਰੀ ਅਜਵੈਣ ਨੂੰ ਘਰ ਦੇ ਗਮਲੇ ਵਿੱਚ ਬੀਜ ਲਵੋ ਤੇ ਖਾਣੇ ਤੋ ਬਾਅਦ ਉਸਦੇ 4ਪੱਤੇ ਚਬਾ ਕੇ ਖਾ ਲਵੋ।ਇਸ ਨਾਲ ਪੇਟ ਗੈਸ ਨੂੰ ਆਰਾਮ ਮਿਲਦਾ ਹੈ ।ਅਜਵੈਂਣ ਵਿੱਚ ਥੋੜਾ ਜਿਹਾ ਸੇਂਧਾ ਨਮਕ ਮਿਲਾ ਕੇ ਮਲ ਕੇ ਚਬਾ ਲਵੋ ਉਪਰੋਂ ਥੋੜਾ ਜਿਹਾ ਪਾਣੀ ਪੀਣ ਨਾਲ ਪੇਟ ਗੈਸ ਤੋ ਰਾਹਤ ਮਿਲਦੀ ਹੈ।

**ਪੁਦੀਨਾ:** ਪੁਦੀਨੇ ਦੀਆਂ 5-7 ਪੱਤੀਆਂ ਅਤੇ ਥੋੜ੍ਹਾ ਜਿਹਾ ਸੇਂਧਾ ਨਮਕ ਇਕੱਠੇ ਮਿਲਾ ਕੇ ਖਾਣ ਨਾਲ ਪੇਟ ਦਾ ਅਫਾਰਾ ਠੀਕ ਹੋ ਜਾਂਦਾ ਹੈ।

**ਅਦਰਕ:** 3 ਗ੍ਰਾਮ ਅਦਰਕ ਅਤੇ 10 ਗ੍ਰਾਮ ਪੀਸਿਆ ਹੋਇਆ ਗੁੜ ਇਨ੍ਹਾਂ ਨੂੰ ਇਕੱਠੇ ਖਾਣ ਨਾਲ ਵੀ ਪੇਟ ਦਾ ਅਫਾਰਾ ਠੀਕ ਹੁੰਦਾ ਹੈ।

**ਲਸਣ:** ਲਸਣ ਦੀਆਂ 2 ਕਲੀਆਂ ਦੇਸੀ ਘਿਓ ਦੇ ਵਿੱਚ ਭੁਝੋ ਕੇ ਖਾਣ ਨਾਲ ਵੀ ਪੇਟ ਤੇ ਵਿਚਲੀ ਗੈਸ ਬਾਹਰ ਨਿਕਲਦੀ ਹੈ।

**ਸੌਂਫ:** ਲਗਭਗ 25ਗ੍ਰਾਮ ਸੌਂਫ ਨੂੰ ਅੱਧਾ ਲਿਟਰ ਪਾਣੀ ਵਿੱਚ ਉਬਾਲੋ, ਜਦੋਂ ਤੱਕ ਪਾਣੀ ਉੱਬਲ ਕੇ ਪੰਜਵਾਂ ਹਿੱਸਾ ਨਾ ਰਹਿ ਜਾਵੇ ਉਦੋਂ ਤੱਕ ਉਬਾਲਦੇ ਰਹੋ ਅਤੇ ਉਸ ਮਗਰੋਂ ਇਸ ਵਿੱਚ ਸੇਂਧਾ ਨਮਕ ਇੱਕ ਇੱਕ ਚੁਟਕੀ ਪਾਓ ਅਤੇ ਇਸ ਕਾੜ੍ਹੇ ਨੂੰ ਛਾਣ ਕੇ ਪੀਣ ਨਾਲ ਪੇਟ ਦਾ ਅਫਾਰਾ ਤੇ ਗੈਸ ਖਤਮ ਹੁੰਦੀ ਹੈ।

**ਪਿੱਪਲ:** ਪਿੱਪਲ ਦੇ ਪੱਤੇ ਦਾ ਚੂਰਨ 3 ਗ੍ਰਾਮ ਸੇਂਧਾ ਨਮਕ ਇੱਕ ਗ੍ਰਾਮ ਵਿੱਚ ਮਿਲਾ ਕੇ 150 ਮਿਲੀ ਲੀਟਰ ਲੱਸੀ ਵਿੱਚ ਮਿਲਾ ਕੇ ਪੀਣ ਨਾਲ ਪੇਟ ਦਾ ਅਫਾਰਾ ਦੂਰ ਹੁੰਦਾ ਹੈ।

**ਦਾਲ ਚੀਨੀ:** ਲੱਗਭਗ ਦੋ ਚੁਟਕੀ ਦਾਲਚੀਨੀ ਨੂੰ ਮਿਸਰੀ ਵਿੱਚ ਮਿਲਾ ਕੇ ਸਵੇਰੇ ਸਾਮ ਖਾਣ ਨਾਲ ਵੀ ਪੇਟ ਦੀ ਗੈਸ ਦੂਰ ਹੁੰਦੀ ਹੈ।

**ਤੇਜ ਪੱਤਾ:** ਤੇਜ ਪੱਤੇ ਦਾ ਪੀਸਿਆ ਹੋਇਆ ਚੂਰਨ ਇੱਕ ਤੋਂ ਚਾਰ ਗ੍ਰਾਮ ਸਵੇਰੇ ਸਾਮ ਲੈਣ ਨਾਲ ਪੇਟ ਵਿਚ ਗੈਸ ਨਹੀਂ ਬਣਦੀ

**ਕੇਸਰ:** ਲੱਗਭਗ ਅੱਧਾ ਗ੍ਰਾਮ ਕੇਸਰ ਇੱਕ ਚਮਚ ਸਹਿਦ ਵਿੱਚ ਮਿਲਾ ਕੇ ਲੈਣ ਨਾਲ ਪੇਟ ਦੀ ਗੈਸ ਅਤੇ ਦਸਤ ਉਲਟੀ ਠੀਕ ਹੁੰਦੇ ਹਨ

**ਹਿੰਗ:** ਹਿੰਗ ਨੂੰ ਪਾਣੀ ਵਿੱਚ ਘੋਲ ਕੇ ਧੁੰਨੀ ਦੇ ਆਸ ਪਾਸ ਦੇ ਹਿੱਸੇ ਤੇ ਲੇਪ ਕਰਨ ਨਾਲ ਪੇਟ ਵਿੱਚੋਂ ਗੈਸ ਨਿਕਲਦੀ ਹੈ।

**ਨਿੰਬੂ:** ਨਿੰਬੂ ਦੇ ਰਸ ਨੂੰ ਪਾਣੀ ਦੇ ਵਿਚ ਥੋੜ੍ਹਾ ਜਿਹਾ ਸੇਂਧਾ ਨਮਕ ਮਿਲਾ ਕੇ ਪੀਣ ਨਾਲ ਵੀ ਪੇਟ ਦੀ ਗੈਸ ਨਿਕਲਦੀ ਹੈ।

**ਮੂਲੀ:** ਮੂਲੀ ਦੇ ਪੱਤਿਆਂ ਦਾ ਰਸ ਸਵੇਰੇ ਸਾਮ 40 ਮਿਲੀਲੀਟਰ ਪੀਣ ਨਾਲ ਪੇਟ ਦੀ ਗੈਸ ਪੇਟ ਤੋਂ ਬਾਹਰ ਨਿਕਲਦੀ ਹੈ।

**ਗੁੜ:** ਗੁੜ ਵਿੱਚ ਮੇਥੀ ਦਾਣਾ ਉਬਾਲ ਕੇ ਪੀਣ ਨਾਲ ਵੀ ਪੇਟ ਦਾ ਅਫਾਰਾ ਖਤਮ ਹੁੰਦਾ ਹੈ।


**ਧਨੀਆ:** ਧਨੀਏ ਦਾ ਤੇਲ ਇੱਕ ਤੋਂ ਚਾਰ ਬੂੰਦਾ ਮਿਸਰੀ ਦੇ ਨਾਲ ਬੱਚਿਆਂ ਦੇ ਪੇਟ ਦੀ ਗੈਸ ਤੋਂ ਰਾਹਤ ਮਿਲਦੀ ਹੈ ਜਾਂ ਦੋ ਚਮਚ ਸੁੱਕਿਆ ਧਨੀਆ ਇੱਕ ਗਲਾਸ ਪਾਣੀ ਵਿੱਚ ਉਬਾਲ ਕੇ ਦਿਨ ਵਿੱਚ ਤਿੰਨ ਵਾਰ ਪੀਣ ਨਾਲ ਗੈਸ ਤੋਂ ਲਾਭ ਹੁੰਦਾ ਹੈ।ਹਰੇ ਧਨੀਏ ਦੀ ਚਟਨੀ ਕਾਲਾ ਨਮਕ ਅਤੇ ਕਾਲੀ ਮਿਰਚ ਮਿਲਾ ਕੇ ਬਣਾਉਣ ਨਾਲ ਵੀ ਇਸ ਦੇ ਸੇਵਨ ਨਾਲ ਪੇਟ ਦੇ ਅਫਾਰੇ ਤੋਂ ਰਾਹਤ ਮਿਲਦੀ ਹੈ।

**ਪੇਟ ਦੀ ਗੈਸ ਤੋਂ ਬਚਣ ਲਈ ਭੋਜਨ ਅਤੇ ਪਰਹੇਜ:-** ਖਾਣੇ ਦੇ ਨਾਲ ਕਦੇ ਵੀ ਪਾਣੀ ਨ ਪੀਓ ਪਾਣੀ ਹਮੇਸ਼ਾ 40 ਮਿੰਟ ਬਾਅਦ ਪੀਣਾ ਚਾਹੀਦਾ ਹੈ।

ਛੋਟਾ ਅਨਾਜ, ਪੁਰਾਣਾ ਚਾਵਲ, ਲਸਣ, ਕਰੇਲਾ, ਕਟਹਲ ਦੇ ਪੱਤੇ, ਫਲ ਅਤੇ ਬਾਥੂ ਇਹ ਸਭ ਪੇਟ ਦੇ ਅਫਾਰੇ ਤੋਂ ਬਚਾਉਂਦੇ ਹਨ ਇਸ ਲਈ ਇਨ੍ਹਾਂ ਦਾ ਸੇਵਨ ਵੱਧ ਤੋਂ ਵੱਧ ਕਰੋ। ਬੰਦਗੋਭੀ, ਆਲੂ, ਅਰਬੀ, ਭਿੰਡੀ ਅਤੇ ਠੰਢੀਆਂ ਚੀਜਾਂ ਇਨ੍ਹਾਂ ਦਾ ਸੇਵਨ ਕਰਨ ਨਾਲ ਸਾਡੇ ਪੇਟ ਦੇ ਅੰਦਰ ਗੈਸ ਬਣਦੀ ਹੈ।ਫਾਸਟ ਫੂਡ ਤੇ ਮਾਈਕ੍ਰੋਵੇਵ ਵਿੱਚ ਪਕਾਏ ਤੇ ਗਰਮ ਕੀਤੇ ਖਾਣੇ ਨ ਖਾਓ। ਤਲੀਆਂ ਚੀਜਾਂ ਤੇ ਤੇਲ ਘਿਓ ਦੀ ਵਰਤੋਂ ਘੱਟ ਕਰੋ।ਫਾਈਬਰ ਵਾਲੀਆਂ ਚੀਜਾਂ ਜਿਆਦਾ ਖਾਓ ਪਾਣੀ ਜਿਆਦਾ ਪੀਓ, ਚਿੰਤਾ ,ਤਣਾਓ ਤੇ ਕਲੇਸਾਂ ਤੋਂ ਦੂਰ ਰਹੋ ਖੁੱਦ ਖੁਸ ਰਹੋ ਤੇ ਦੂਜਿਆਂ ਨੂੰ ਵੀ ਖੁਸ ਰੱਖੋ।

**ਸੱਤਵੇਂ ਅੰਕ ਵਿਚ ਗੱਲ ਕਰਾਗੇ ਫੇਰ ਪੇਟ ਸੰਬੰਧੀ ਤਕਲੀਫਾਂ ਤੇ ਦਿੱਕਤਾਂ ਬਾਰੇ**

# ਕੈਫੇ ਵੀ ਤੇ ਲਾਈਬਰੇਰੀ ਵੀ-ਕੱਪ ਤੇ ਕਿਤਾਬ



ਔਰਤ ਜਦੋਂ ਕੁਝ ਕਰਨ ਦੀ ਠਾਣ ਲੈਂਦੀ ਹੈ ਤਾਂ ਰੱਬ ਵੀ ਉਸਦੀ ਮਦਦ ਲਈ ਆਪ ਆ ਕੇ ਬਹੁੜਦਾ ਹੈ।ਉਪਰੋਂ ਜੇਕਰ ਉਸਦੇ ਜੀਵਣ ਸਾਥੀ ਵਲੋਂ ਸਹਿਯੋਗ ਦੇ ਨਾਲ-ਨਾਲ ਉਤਸ਼ਾਹ ਮਿਲੇ ਤਾਂ ਗੱਲ ਸੋਨੇ 'ਤੇ ਸੁਹਾਗੇ ਵਾਲੀ ਬਣ ਜਾਂਦੀ ਹੈ। ਅਜਿਹੀ ਹੀ ਇੱਕ ਉਦਮੀ ਔਰਤ ਹੈ ਨੀਰੂ ਖੱਟਰ, ਜਿਸਨੇ ਮਨ ਹੀ ਮਨ ਜ਼ਿੰਦਗੀ 'ਚ ਕੁਝ ਵੱਖਰਾ ਕਰਨ ਦਾ ਸੁਪਨਾ ਦੇਖਿਆ ਸੀ।ਉਸਦੀ ਪਤੀ ਮਕੈਨੀਕਲ ਇੰਜੀਨੀਅਰ ਹੈ ਅਤੇ ਉਨ੍ਹਾਂ ਦੀਆਂ ਦੋ ਧੀਆਂ ਹਨ। ਉਹ 2004 'ਚ ਬਾਹਰ ਚਲੇ ਗਏ ਸਨ, ਜਿਥੇ ਉਹ ਕਈ ਦੇਸ਼ਾਂ 'ਚ ਘੁੰਮੇ। ਸੇਵਾ-ਮੁਕਤ ਪ੍ਰੋਫੈਸਰ ਮਾਪਿਆਂ ਦੀ ਪੜ੍ਹੀ-ਲਿਖੀ ਧੀ ਹੋਣ ਕਾਰਨ ਉਸਨੇ ਲਿਬੀਆ 'ਚ ਅੰਗਰੇਜੀ ਦੀ ਪ੍ਰੋਫੈਸਰੀ ਵੀ ਕੀਤੀ। ਕੋਆਰਡੀਨੇਟਰ, ਐਸੋਸੀਏਟ ਪ੍ਰੋਫੈਸਰ ਤੇ ਪ੍ਰਿੰਸੀਪਲ ਵਰਗੇ ਅਹੁਦਿਆਂ 'ਤੇ ਕੰਮ ਕਰਦਿਆਂ-ਕਰਦਿਆਂ ਅਚੇਤ ਮਨ 'ਚ ਦੇਖਿਆ ਉਸਦਾ ਸੁਪਨਾ ਵੀ ਪਨਪਦਾ ਰਿਹਾ।ਪਰ ਇਨ੍ਹਾਂ ਸਾਲਾਂ ਦੌਰਾਨ ਰੁਝੇਵਿਆਂ ਕਾਰਨ ਉਹ ਇਸ ਪਾਸੇ ਜਿਆਦਾ ਧਿਆਨ ਨਾ ਦੇ ਸਕੀ।

ਫਰਵਰੀ 2011 'ਚ ਸਿਵਲ ਵਾਰ ਸ਼ੁਰੂ ਹੋ ਗਈ, ਜਿਸ ਕਾਰਨ ਉਹ ਵਾਪਸ ਭਾਰਤ ਆ ਗਏ। ਇਸ ਦਹਾਕੇ ਦੇ ਸਮੇਂ ਦੌਰਾਨ ਉਸਨੇ ਵਾਚਿਆ ਕਿ ਮੁਹਾਲੀ ਵਰਗੇ ਸ਼ਹਿਰ 'ਚ ਲੋਕਾਂ ਨੂੰ ਪੜ੍ਹਨ ਦੀ ਆਦਤ ਬਹੁਤ ਘੱਟ ਹੈ। ਇਧਰ ਆ ਕੇ ਖਾਲੀ ਸਮੇਂ ਨੂੰ ਪੂਰਨ ਲਈ ਉਸਨੇ ਆਪਣੇ ਅਧੂਰੇ ਪਏ ਪੁਰਾਣੇ ਸੁਪਨੇ ਨੂੰ ਅੰਜਾਮ ਦੇਣ ਦੀ ਸੋਚੀ ਤੇ ਉਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ।ਪੜ੍ਹਨ-ਲਿਖਣ ਦੀ ਸ਼ੌਕੀਨ ਨੀਰੂ ਖੱਟਰ ਦੀ 10 ਫੇਸ ਮੁਹਾਲੀ ਦੇ ਸਿਲਵੀ ਪਾਰਕ 'ਚ ਸੈਰ ਕਰਦਿਆਂ ਇੱਕ ਦਿਨ ਉਸਦੀ ਨਜ਼ਰ ਉਥੇ ਖਾਲੀ ਪਈ ਇਮਾਰਤ 'ਤੇ ਪਈ, ਜਿਥੇ ਉਸਨੂੰ ਆਪਣਾ ਸੁਪਨਾ ਸੱਚ ਹੁੰਦਿਆਂ ਦਿੱਸਿਆ।ਉਸ ਨੇ ਇਕਦਮ ਮਨ 'ਚ ਠਾਣ ਲਿਆ ਕਿ ਇਹੀ ਉਹ ਥਾਂ ਹੈ ਜਿਸਦੀ ਉਸ ਨੂੰ ਚਿਰਾਂ ਤੋਂ ਭਾਲ ਸੀ, ਕਿਉਂਕਿ ਇਹ ਸ਼ਾਂਤ ਮਹੌਲ ਵਾਲੀ ਜਗਾ ਕੁਝ ਪੜ੍ਹਨ-ਲਿਖਣ ਤੇ ਖਾਣ ਪੀਣ ਬਹੁਤ ਢੁੱਕਵੀਂ ਥਾਂ ਸੀ।ਉਸਨੇ ਪਤਾ ਕੀਤਾ ਤਾਂ ਉਹ ਥਾਂ ਮੁਹਾਲੀ ਨਗਰ ਕੌਂਸਲ ਦੀ ਸੀ।ਉਸ ਥਾਂ ਨੂੰ ਲੀਜ਼ 'ਤੇ ਲੈਣ ਲਈ ਉਸਨੇ ਸਾਲ ਭਰ ਦਫਤਰਾਂ ਦੇ ਚੱਕਰ ਲਗਾਏ। 1 ਜਨਵਰੀ 2020 ਨੂੰ ਉਸਨੇ ਆਪਣੀ ਉਮਰ ਭਰ ਦੀ ਪੂੰਜੀ ਲਗਾ ਕੇ ਮੁਹਾਲੀ 'ਚ ਆਪਣੀ ਵਿਲੱਖਣ ਕਿਸਮ ਦੇ ਪਹਿਲੇ ਕੈਫੇ ਦੀ ਸ਼ੁਰੂਆਤ ਕੀਤੀ ਅਤੇ 2 ਮਹੀਨੇ ਬਾਅਦ ਹੀ ਮਾਰਚ 2020 'ਚ ਕਰੋਨਾ ਕਾਰਨ ਲਾਕਡਾਊਨ ਲੱਗ ਗਿਆ। ਕਿਤਾਬਾਂ ਪੜ੍ਹਨ ਦਾ ਸ਼ੌਕ ਜਨੂੰਨ ਦੀ ਹੱਦ ਤੀਕਰ ਸੀ।ਸ਼ਾਇਦ ਇਸੇ ਲਈ ਕਰੀਬ 50-55 ਨਾਂਵਾਂ 'ਚੋਂ ਛਾਂਟ ਕੇ ਆਪਣੇ ਕੈਫੇ ਦਾ ਨਾਂ 'ਕੱਪ ਤੇ ਕਿਤਾਬ' ਰੱਖਿਆ।ਬਾਕੀਆਂ ਵਾਂਗ ਭਾਵੇਂ ਉਸਦੇ ਕੰਮਕਾਰ 'ਤੇ ਵੀ ਲਾਕਡਾਊਨ ਦੀ ਮਾਰ ਪਈ ਹੈ ਪਰ ਫਿਰ ਵੀ ਆਪਣੇ ਸੁਪਨੇ ਨੂੰ ਸੱਚ ਹੁੰਦਿਆਂ ਵੇਖ ਕੇ ਉਹ ਖੁਸ਼ ਹੈ। ਉਹ ਦੱਸਦੀ ਹੈ ਕਿ ਭਾਰਤ ਦੇ ਕਲਕੱਤੇ ਮਹਾਨਗਰ 'ਚ ਅਜਿਹੇ ਕੈਫਿਆਂ ਦਾ ਬਹੁਤ ਰੁਝਾਨ ਹੈ, ਜਿਨ੍ਹਾਂ ਨੂੰ ਉਥੇ ਅੱਡਾ ਕਿਹਾ ਜਾਂਦਾ ਹੈ, ਜਿਥੇ ਪੜ੍ਹਨ ਤੇ ਖਾਣ-ਪੀਣ ਦੇ ਸ਼ੌਕੀਨਾਂ ਲਈ ਦੋਵੇਂ ਚੀਜ਼ਾਂ ਇੱਕੋ ਥਾਂ 'ਤੇ ਮਿਲ ਜਾਂਦੀਆਂ ਹਨ। ਇਸੇ ਤਰਜ਼ 'ਤੇ ਨੀਰੂ ਨੇ ਮੁਹਾਲੀ ਵਿਖੇ 'ਕੱਪ ਤੇ ਕਿਤਾਬ' ਨਾਮਕ ਕੈਫੇ ਖੋਲ੍ਹਿਆ।ਉਹ ਆਪਣੇ ਕੈਫੇ ਦੇ ਗਾਹਕਾਂ ਨੂੰ ਗੈਸਟ ਮੰਨਦੀ ਹੈ, ਜਿਥੇ ਉਸਦੇ ਗੈਸਟਾਂ ਦੇ ਪੜ੍ਹਨ ਲਈ ਵਧੀਆ ਪੁਸਤਕਾਂ ਦੇ ਨਾਲ-ਨਾਲ ਖਾਣ-ਪੀਣ ਲਈ ਵੀ ਹਰ ਤਰਾਂ ਦੀ ਸਹੂਲਤ ਮੁਹੱਈਆ ਕਰਵਾਈ ਜਾਂਦੀ ਹੈ। ਉਥੇ ਵੱਖਰਾ ਜਿਹਾ ਅਪਣੱਤ ਭਰਿਆ ਮਾਹੌਲ ਹੈ, ਸ਼ਾਇਦ ਇਸੇ ਲਈ ਕੋਈ ਉਸਨੂੰ ਆਂਟੀ, ਕੋਈ ਮਾਤਾ, ਕੋਈ ਬੇਬੇ, ਕੋਈ ਦੀਦੀ, ਕੋਈ ਮਾਂ ਤੇ ਕੋਈ ਨੀਰੂ ਕਹਿ ਕੇ ਬੁਲਾਉਂਦਾ ਹੈ। ਨੀਰੂ ਖੱਟਰ ਨੇ 'ਕੱਪ ਤੇ ਕਿਤਾਬ' ਦਾ ਇੰਟੀਰੀਅਰ ਇੰਨਾ ਸੋਹਣਾ ਬਣਵਾਇਆ ਹੋਇਆ ਹੈ ਕਿ ਹਰ ਕੋਈ ਉਥੇ ਜਾ ਕੇ ਬੈਠਣਾ ਲੋਚਦਾ ਹੈ। ਉਸ ਦੀ ਲਾਇਬਰੇਰੀ 'ਚ ਅੰਗਰੇਜੀ, ਪੰਜਾਬੀ ਤੇ ਹਿੰਦੀ ਦੀਆਂ ਕਿਤਾਬਾਂ ਮੌਜੂਦ ਹਨ, ਜਿਨ੍ਹਾਂ 'ਚੋਂ ਜਿਆਦਾਤਰ ਕਿਤਾਬਾਂ ਉਸ ਦੀ ਆਪਣੀ ਨਿੱਜੀ ਕੁਲੈਕਸ਼ਨ ਹੈ। ਗੀਤਕਾਰਾਂ, ਕਵੀਆਂ, ਲੇਖਕਾਂ ਤੇ ਸਾਹਿਤਕਾਰਾਂ ਲਈ ਇਹ ਸਥਾਨ ਇੱਕ ਮੱਕਾ ਹੈ।ਭੀੜ ਭੜੱਕੇ ਤੋਂ ਦੂਰ ਸ਼ਾਂਤ ਵਾਤਾਵਰਨ 'ਚ ਬੈਠਣ ਵਾਲੇ ਗੈਸਟਾਂ ਦੀ ਉਸਦੇ ਕੈਫੇ 'ਚ ਭਰਮਾਰ ਹੈ, ਜਿਨ੍ਹਾਂ 'ਚੋਂ ਵਿਦਿਆਰਥੀ, ਕਰੀਏਟਿਵ ਆਰਟਿਸਟ, ਵੱਖ-ਵੱਖ ਕਿੱਤਿਆਂ ਨਾਲ ਸਬੰਧਤ ਪ੍ਰੋਫੈਸ਼ਨਲ, ਗਾਇਕ, ਗੀਤਕਾਰ ਤੇ ਸਾਹਿਤਕਾਰ ਸ਼ਾਮਿਲ ਹਨ। ਪੜ੍ਹਨ ਤੇ ਖਾਣ-ਪੀਣ ਤੋਂ ਇਲਾਵਾ ਇਥੇ ਆਏ ਦਿਨ ਹੋਰ ਕਈ ਤਰਾਂ ਦੀਆਂ ਮਨਭਾਉਂਦੀਆਂ ਗਤੀਵਿਧੀਆਂ ਚੱਲਦੀਆਂ ਰਹਿੰਦੀਆਂ ਹਨ।ਉਸਦੇ ਗੈਸਟਾਂ ਦੀ ਲਿਸਟ ਦਿਨੋ-ਦਿਨ ਲੰਬੀ ਹੁੰਦੀ ਜਾ ਰਹੀ ਹੈ, ਜਿਨ੍ਹਾਂ 'ਚ ਗਾਇਕ ਮਨਿੰਦਰ ਬੁੱਟਰ, ਰਣਜੀਤ ਬਾਵਾ, ਮਾਸ਼ਾ ਅਲੀ, ਇੰਦਰਜੀਤ ਨਿੱਕੂ, ਅਹਿਨ, ਪਰਵਿੰਦਰ, ਅਬੀਰ, ਅਮਨਦੀਪ, ਗੁਰਸ਼ਬਦ ਆਦਿ ਦੇ ਨਾਂ ਵਰਣਨਯੋਗ ਹਨ।ਪ੍ਰਮਾਤਮਾ ਅੱਗੇ ਦੁਆ ਹੈ ਕਿ ਉਸਦੇ ਸੁਪਨੇ ਹੋਰ ਲੰਮੀ ਉਡਾਨ ਭਰਨ ਤਾਂ ਜੋ ਹੋਰ ਔਰਤਾਂ ਵੀ ਉਸਨੂੰ ਦੇਖ ਕੇ ਆਪਣੇ ਸੁਪਨੇ ਪੂਰਨ ਲਈ ਉਤਸ਼ਾਹਿਤ ਹੋ ਸਕਣ।


**ਅਮਰਬੀਰ ਸਿੰਘ ਚੀਮਾ**
**ਸਰਹਿੰਦ, ਫ਼ਤਿਹਗੜ੍ਹ ਸਾਹਿਬ**
**ਮੋਬਾਈਲ ਨੰ: 9888940211**

# ਦੂਰਦਰਸ਼ਨ ਪੰਜਾਬੀ ਦਾ ਪੁਨਰ ਜਨਮ




ਰਮੇਸ਼ਵਰ ਸਿੰਘ ਪਟਿਆਲਾ
ਸੰਪਰਕ ਨੰਬਰ-9914880392

ਦੂਰਦਰਸ਼ਨ ਜਲੰਧਰ ਤੋਂ ਦੂਰਦਰਸ਼ਨ ਪੰਜਾਬੀ ਵਿੱਚ ਤਬਦੀਲ ਹੋ ਕੇ ਇਹ ਖੇਤਰੀ ਚੈਨਲ ਸੰਨ 2000 ਵਿੱਚ ਚੌਵੀ ਘੰਟੇ ਦਾ ਪ੍ਰਸਾਰਣ ਉਪਗ੍ਰਹਿ ਰਾਹੀਂ ਚਾਲੂ ਹੋਇਆ ਸੀ।ਇਸ ਕੇਂਦਰ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਤਕੜੀ ਮਿਹਨਤ ਸਦਕਾ ਪੂਰੀ ਦੁਨੀਆਂ ਵਿੱਚ ਮਾਂ ਬੋਲੀ ਪੰਜਾਬੀ ਦੇ ਝੰਡੇ ਝੂਲਣ ਲੱਗ ਗਏ ਸਨ।ਪੰਜਾਬ,ਪੰਜਾਬੀ ਤੇ ਪੰਜਾਬੀਅਤ ਦਾ ਹਰ ਰੰਗ ਪੂਰੀ ਦੁਨੀਆਂ ਨੂੰ ਥੋੜ੍ਹੇ ਚਿਰ ਵਿੱਚ ਹੀ ਵਿਖਾ ਕੇ ਦੂਰਦਰਸ਼ਨ ਦੇ ਚੈਨਲਾਂ ਵਿੱਚੋਂ ਮੋਢੀ ਬਣ ਗਿਆ ਸੀ।ਪੰਜਾਬੀ ਸੱਭਿਆਚਾਰ ਦਾ ਹਰ ਰੰਗ ਲੋਕ ਗੀਤ, ਨਾਟਕ, ਕਵਿਤਾਵਾਂ ਕਹਾਣੀਆਂ ਤੇ ਪੰਜਾਬ ਦਾ ਮੁੱਖ ਕਿੱਤਾ ਖੇਤੀ ਹਰ ਰੰਗ ਨਾਲ ਭਰਪੂਰ ਪ੍ਰੋਗਰਾਮ ਪੇਸ਼ ਕੀਤੇ ਜਾਣ ਲੱਗੇ।ਬੇਸ਼ੱਕ ਪ੍ਰੋਗਰਾਮ ਮੁਖੀ ਇਹੋ ਜਿਹੇ ਵੀ ਆਏ ਜੋ ਪੰਜਾਬੀ ਬੋਲੀ ਤੋਂ ਅਣਜਾਣ ਸਨ,ਪਰ ਆਪਣੇ ਅਧਿਕਾਰੀਆਂ ਨਾਲ ਉਨ੍ਹਾਂ ਦਾ ਮੇਲ ਜੋਲ ਏਨਾ ਗੂੜ੍ਹਾ ਹੁੰਦਾ ਸੀ ਕੇ ਥੋੜ੍ਹੇ ਸਮੇਂ ਵਿੱਚ ਉਹ ਪੰਜਾਬੀ ਬੋਲਣ ਤੇ ਸਮਝਣ ਲੱਗ ਜਾਂਦੇ ਸਨ।ਨਵੇਂ ਸਾਲ ਦਾ ਖ਼ਾਸ ਪ੍ਰੋਗਰਾਮ ਦੂਰਦਰਸ਼ਨ ਪੰਜਾਬੀ ਦਾ ਹੀ ਉੱਚ ਕੋਟੀ ਦਾ ਹੋ ਨਿੱਬੜਿਆ ਹੈ,ਜੋ ਸਾਰੇ ਦੂਰਦਰਸ਼ਨ ਦੇ ਚੈਨਲਾਂ ਨਾਲੋਂ ਵਧੀਆ ਹੁੰਦਾ ਹੈ ਤੇ ਕੰਪਨੀਆਂ ਬੋਲੀ ਤੇ ਉਸ ਨੂੰ ਲੱਖਾਂ ਵਿੱਚ ਖ਼ਰੀਦ ਦੀਆਂ ਵੀ ਹਨ।ਦੂਰਦਰਸ਼ਨ ਵਿਭਾਗ ਜਦੋਂ ਪ੍ਰਸਾਰ ਭਾਰਤੀ ਕਾਰਪੋਰੇਸ਼ਨ ਵਿਚ ਤਬਦੀਲ ਹੋਇਆ ਆਰਥਿਕ ਸਥਿਤੀਆਂ ਦੀ ਤਬਦੀਲੀ ਹੋਣ ਕਾਰਨ ਕਮਰਸ਼ੀਅਲ ਪ੍ਰੋਗਰਾਮ ਵੀ ਚਲਾਉਣੇ ਲਾਜ਼ਮੀ ਕਰ ਦਿੱਤੇ,ਪਰ ਸਦਕੇ ਜਾਈਏ ਉਸ ਸਮੇਂ ਦੇ ਅਧਿਕਾਰੀਆਂ ਵਿੱਚੋ ਜਿਨ੍ਹਾਂ ਵਿੱਚੋਂ ਕੇਂਦਰ ਨਿਰਦੇਸ਼ਕ ਡਾ ਦਲਜੀਤ ਸਿੰਘ ਜਿਨ੍ਹਾਂ ਨੇ ਪ੍ਰਸਾਰ ਭਾਰਤੀ ਨੂੰ ਇਹ ਦੱਸ ਦਿੱਤਾ ਕਿ ਸਭ ਤੋਂ ਪਹਿਲਾਂ ਅਸੀਂ ਸਾਡੇ ਖੇਤਰ ਦਾ ਮਨੋਰੰਜਨ ਤੇ ਉਨ੍ਹਾਂ ਲਈ ਢੁੱਕਵੇਂ ਪ੍ਰੋਗਰਾਮ ਬਣਾਉਣੇ ਹਨ,ਜ਼ਬਰਦਸਤੀ ਅਸੀਂ ਸਰੋਤਿਆਂ ਉੱਤੇ ਕੁਝ ਵੀ ਨਹੀਂ ਭਾਰ ਪੈਣ ਦੇਵਾਂਗੇ,ਕਿਤੇ ਅਜਿਹਾ ਨਾ ਹੋ ਜਾਵੇ ਕਿ ਆਪਣੇ ਪਿਆਰੇ ਚੈਨਲ ਨੂੰ ਛੱਡ ਕੇ ਦੂਸਰੇ ਚੈਨਲ ਵੱਲ ਜਾਣ।ਪਰ ਸੰਨ 2012 ਵਿੱਚ ਉਨ੍ਹਾਂ ਦੇ ਸੇਵਾਮੁਕਤ ਹੋਣ ਤੋਂ ਬਾਅਦ ਬਹੁਤ ਲੰਮਾ ਸਮਾਂ ਪਿਛਲੇ ਦੋ ਮਹੀਨੇ ਤਕ ਜਿਹੜੇ ਵੀ ਕੇਂਦਰ ਦੇ ਮੁਖੀ ਆਏ ਉਨ੍ਹਾਂ ਨੇ ਦੂਰਦਰਸ਼ਨ ਪੰਜਾਬੀ ਨੂੰ ਕਮਾਈ ਦਾ ਧੰਦਾ ਬਣਾ ਲਿਆ ਤੇ ਖੇਤਰੀ ਚੈਨਲ ਨੇ ਸਰੋਤਿਆਂ ਲਈ ਕੀ ਪਰੋਸਣਾ ਹੁੰਦਾ ਹੈ ਉਹ ਸਭ ਭੁੱਲ ਗਏ।ਦਿਨੋਂ ਦਿਨ ਸਰੋਤਿਆਂ ਦੀ ਗਿਣਤੀ ਘਟਦੀ ਗਈ,ਅਜੋਕੀ ਨੌਜਵਾਨ ਪੀੜ੍ਹੀ ਦੇ ਸਰੋਤਿਆਂ ਨੂੰ ਇਹ ਵੀ ਪਤਾ ਨਹੀਂ ਕਿ ਪ੍ਰਸਾਰ ਭਾਰਤੀ ਵੱਲੋਂ ਵੀ ਸਾਡੇ ਲਈ ਕੋਈ ਚੈਨਲ ਕੰਮ ਕਰਦਾ ਹੈ। ਕਾਲੀ ਰਾਤ ਜਿੰਨੀ ਮਰਜ਼ੀ ਲੰਮੀ ਹੋ ਜਾਵੇ ਸਵੇਰਾ ਤਾਂ ਹੋਣਾ ਤੈਅ ਹੈ,ਪ੍ਰਸਾਰ ਭਾਰਤੀ ਨੂੰ ਪਤਾ ਲੱਗਿਆ ਕਿ ਦੂਰਦਰਸ਼ਨ ਪੰਜਾਬੀ ਦੇ ਅਧਿਕਾਰੀ ਸਹੀ ਸੇਵਾ ਨਹੀਂ ਨਿਭਾ ਰਹੇ,ਉਨ੍ਹਾਂ ਨੇ ਦੋ ਕੁ ਮਹੀਨੇ ਪਹਿਲਾਂ ਕਮਾਂਡ ਸ੍ਰੀ ਮਾਨ ਅਨੂਪ ਖਜੂਰੀਆ ਜੀ ਨੂੰ ਦੇ ਦਿੱਤੀ ਜੋ ਦੂਰਦਰਸ਼ਨ ਦੇ ਪ੍ਰੋਗਰਾਮਾਂ ਦੇ ਸੋਲਾਂ ਕਲਾ ਸੰਪੂਰਨ ਪ੍ਰੋਗਰਾਮ ਮੁਖੀ ਹਨ,ਕਿਉਂਕਿ ਲੰਮੇ ਸਮੇਂ ਤੋਂ ਉਹ ਦੂਰਦਰਸ਼ਨ ਨੈਸ਼ਨਲ ਜੋ ਦਿੱਲੀ ਦਾ ਪਹਿਲੇ ਨੰਬਰ ਦਾ ਤੇ ਭਾਰਤ ਦਾ ਮੁੱਖ ਚੈਨਲ ਹੈ ਉਸ ਚੈਨਲ ਤੇ ਸੇਵਾ ਨਿਭਾਅ ਰਹੇ ਹਨ। ਖਜੂਰੀਆ ਸਾਹਿਬ ਪੂਰਨ ਰੂਪ ਵਿੱਚ ਪੰਜਾਬੀ ਹਨ, ਆਪਣੀ ਬੋਲੀ ਆਪਣੀ ਭਾਸ਼ਾ ਦੇ ਚੈਨਲ ਨੂੰ ਸੰਭਾਲਣਾ ਉਨ੍ਹਾਂ ਲਈ ਕੋਈ ਮੁਸ਼ਕਿਲ ਨਹੀਂ ਹੋਵੇਗਾ।ਕਮਾਂਡ ਸੰਭਾਲਣ ਤੋਂ ਕੁਝ ਦਿਨ ਬਾਅਦ ਮੇਰੀ ਖਜੂਰੀਆ ਸਾਹਿਬ ਨਾਲ ਗੱਲਬਾਤ ਹੋਈ,ਉਨ੍ਹਾਂ ਨੇ ਪ੍ਰੋਗਰਾਮਾਂ ਕਿਹੋ ਜਿਹੇ ਹੋਣੇ ਚਾਹੀਦੇ ਹਨ ਇਸ ਤੋਂ ਪਹਿਲਾਂ ਉਨ੍ਹਾਂ ਨੇ ਕਿਹਾ ਕਿ ਇਥੋਂ ਦੀ ਤਕਨੀਕ ਤੇ ਸਟੂਡੀਓ ਬਿਲਕੁਲ ਠੀਕ ਨਹੀਂ ਸਭ ਤੋਂ ਪਹਿਲਾਂ ਮੈਂ ਇਨ੍ਹਾਂ ਨੂੰ ਪੂਰਨ ਰੂਪ ਵਿਚ ਸਹੀ ਕਰਾਂਗਾ।ਕਹਿੰਦੇ ਜਿਸ ਸਟੇਜ ਤੇ ਖੜ੍ਹ ਕੇ ਬੋਲਣਾ ਹੋਵੇ ਉਹ ਸਹੀ ਨਾ ਹੋਵੇ ਤੇ ਆਵਾਜ਼ ਪਹੁੰਚਾਉਣ ਵਾਲੇ ਯੰਤਰ ਠੀਕ ਨਾ ਹੋਣ ਪ੍ਰੋਗਰਾਮ ਕਿਵੇਂ ਵਧੀਆ ਬਣ ਸਕਦੇ ਹਨ।ਦੂਸਰੀ ਗੱਲ ਕਹਿੰਦੇ ਮੈਂ ਲੰਮੇ ਸਮੇਂ ਤੋਂ ਦੂਰਦਰਸ਼ਨ ਪੰਜਾਬੀ ਨੂੰ ਵੇਖ ਰਿਹਾ ਹਾਂ ਜੋ ਗ਼ਲਤ ਪ੍ਰੋਗਰਾਮ ਹਨ ਉਹ ਪਹਿਲਾਂ ਬੰਦ ਕੀਤੇ ਜਾਣਗੇ ਬਾਕੀ ਮੈਂ ਤਾਂ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨੀ ਹੀ ਹੈ। ਮੇਰਾ ਮੁੱਖ ਮਕਸਦ ਹੈ ਮੇਰੀ ਮਾਂ ਬੋਲੀ ਪੰਜਾਬੀ ਹੈ ਮੈਂ ਆਪਣੇ ਇਸ ਚੈਨਲ ਨੂੰ ਹਰ ਇਕ ਰੰਗ ਵਿਚ ਪਹਿਲੇ ਨੰਬਰ ਤੇ ਲੈ ਕੇ ਆਵਾਂਗਾ। ÷ਖ਼ਾਸ ਖ਼ਬਰ ਇੱਕ ਨਜ਼ਰ÷ ਅਜਿਹਾ ਪ੍ਰੋਗਰਾਮ ਹੈ ਜਿਸ ਵਿੱਚ ਅਖ਼ਬਾਰਾਂ ਦੀਆਂ ਖ਼ਬਰਾਂ ਤੇ ਵਿਚਾਰ ਚਰਚਾ ਹੁੰਦੀ ਹੈ,ਇਸ ਪ੍ਰੋਗਰਾਮ ਵਿਚ ਉੱਚ ਕੋਟੀ ਦੇ ਪੱਤਰਕਾਰਾਂ ਨੇ ਅਖ਼ਬਾਰਾਂ ਦੀਆਂ ਖ਼ਬਰਾਂ ਬਾਰੇ ਵਿਚਾਰ ਚਰਚਾ ਕਰਨੀ ਹੁੰਦੀ ਹੈ। ਪਰ ਬਹੁਤ ਲੰਮੇ ਸਮੇਂ ਤੋਂ ਜੋ ਵੀ ਪ੍ਰੋਗਰਾਮ ਮੁਖੀ ਕਮਾਂਡ ਸੰਭਾਲਦੇ ਰਹੇ ਹਨ,ਉਹ ਪੱਤਰਕਾਰ ਜਾਂ ਪ੍ਰੋਗਰਾਮ ਦਾ ਆਧਾਰ ਨਹੀਂ ਵੇਖਦੇ ਸਨ ਆਪਣੇ ਮਿੱਤਰਾਂ ਨੂੰ ਲੱਭਦੇ ਸਨ ਜੋ ਕਦੇ ਅਖ਼ਬਾਰ ਵੀ ਨਾ ਪੜ੍ਹਦੇ ਹੋਣ ਉਨ੍ਹਾਂ ਨੂੰ ਖ਼ਬਰਾਂ ਤੇ ਮਾੜਾ ਮੋਟਾ ਮੂੰਹ ਮਾਰਨਾ ਸਿਖਾ ਲੈਂਦੇ ਸਨ ,ਉਨ੍ਹਾਂ ਦਾ ਦਾਲ ਫੁਲਕਾ ਚੱਲਦਾ ਰਹਿੰਦਾ ਸੀ ਤੇ ਦੂਰਦਰਸ਼ਨ ਦੇ ਅਧਿਕਾਰੀਆਂ ਦੀ ਮੌਜ ਮਸਤੀ ਸਰੋਤੇ ਕੀ ਕਰ ਸਕਦੇ ਹਨ।ਸ੍ਰੀ ਮਾਨ ਖਜੂਰੀਆ ਸਾਬ ਨੇ ਸਭ ਤੋਂ ਪਹਿਲਾਂ ਇਸ ਪ੍ਰੋਗਰਾਮ ਵਿਚ ਬਹੁਤ ਵੱਡੀ ਤਬਦੀਲੀ ਕੀਤੀ ਹੈ।ਜੋ ਕੰਮ ਚਲਾਊ ਤੇ ਵਿਉਪਾਰਕ ਪੱਤਰਕਾਰ ਵਿਚਾਰ ਚਰਚਾ ਲਈ ਆਉਂਦੇ ਸਨ ਉਨ੍ਹਾਂ ਨੂੰ ਕੇਂਦਰ ਤੋਂ ਸਦਾ ਲਈ ਦੂਰ ਕਰ ਦਿੱਤਾ।ਕੁਝ ਦਿਨਾਂ ਵਿਚ ਹੀ ਇਹ ਪ੍ਰੋਗਰਾਮ ਤੇ 80 ਪ੍ਰਤੀਸਤ ਰੰਗ ਚੜ੍ਹ ਗਿਆ ਹੈ।ਜਿਵੇਂ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ ਜਲਦੀ ਹੀ ਪ੍ਰੋਗ੍ਰਾਮ ਸ਼ੁੱਧ ਹੋ ਜਾਵੇਗਾ। ਸੱਤ ਕੁ ਸਾਲਾਂ ਤੋਂ ਸ਼ਾਮ ਤੇ ਰਾਤ ਦਾ ਮੁਢਲਾ ਸਮਾਂ ਜਿਸ ਨੂੰ ਦੂਰਦਰਸ਼ਨ ਵਾਲੇ ਪ੍ਰਾਈਮ ਟਾਈਮ (ਸਿਖਰਲਾ ਸਮਾਂ)ਕਹਿੰਦੇ ਹਨ ਸ਼ਾਮ ਨੂੰ ਸੱਤ ਵਜੇ ਤੋਂ ਲੈ ਕੇ ਰਾਤ ਦੱਸ ਵਜੇ ਤਕ ਇਹ ਉਹ ਸਮਾਂ ਹੁੰਦਾ ਹੈ ਜਦੋਂ ਸਾਰੇ ਪਰਿਵਾਰ ਦੇ ਕੋਈ ਵੀ ਕੰਮ ਕਰਦੇ ਹੋਣ ਘਰ ਵਿੱਚ ਮਿਲ ਕੇ ਬੈਠੇ ਹੁੰਦੇ ਹਨ ਤੇ ਮਨੋਰੰਜਨ ਮੁੱਖ ਅੱਜਕੱਲ੍ਹ ਟੀ.ਵੀ. ਹੀ ਹੈ,ਆਪਣੀ ਮਾਂ ਬੋਲੀ ਦੇ ਚੈਨਲ ਨੂੰ ਹਰ ਕੋਈ ਪਹਿਲ ਦਿੰਦਾ ਹੈ।ਪਰ ਇਸ ਸਮੇਂ ਵਿੱਚ ਜੋ ਵੀ ਪ੍ਰੋਗਰਾਮ ਮੁਖੀ ਆਏ ਉਨ੍ਹਾਂ ਨੇ ਇਸ ਸਮੇਂ ਨੂੰ ਪ੍ਰਾਈਵੇਟ ਅਦਾਰਿਆਂ ਨੂੰ ਵੇਚ ਕੇ ਕਮਾਈ ਸ਼ੁਰੂ ਕਰ ਦਿੱਤੀ ਪੁੱਛਣ ਤੇ ਘੜਿਆ ਘੜਾਇਆ ਜਵਾਬ ਹੁੰਦਾ ਸੀ ਕਿ ਪ੍ਰਸਾਰ ਭਾਰਤੀ ਵੱਲੋਂ ਹੁਕਮ ਹੈ ਕਿ ਪੈਸੇ ਕਮਾਓ ਤੇ ਪ੍ਰੋਗਰਾਮ ਚਲਾਓ।ਇਨ੍ਹਾਂ ਬਾਜ਼ਾਰੂ ਪ੍ਰੋਗਰਾਮਾਂ ਵਿਚ ਝੋਲਾ ਛਾਪ ਡਾਕਟਰ ਵਿਦੇਸ਼ਾਂ ਨੂੰ ਜਾਣ ਦੇ ਏਜੰਟਾਂ ਵੱਲੋਂ ਲਾਈਸੈਂਸ ਤੇ ਬਾਬਾਵਾਦ ਦਾ ਪ੍ਰਚਾਰ ਪ੍ਰੋਗਰਾਮਾਂ ਵਿੱਚ ਕੱਢਣ ਪਾਉਣ ਨੂੰ ਕੁਝ ਨਹੀਂ ਸੀ ਤਾਂ ਸਰੋਤਿਆਂ ਨੇ ਇਹ ਚੈਨਲ ਵੇਖਣਾ ਹੀ ਬੰਦ ਕਰ ਦਿੱਤਾ। ਮੁਲਾਕਾਤ ਵੇਲੇ ਜੋ ਖਜੂਰੀਆ ਸਾਹਿਬ ਨੇ ਗੱਲ ਕਹੀ ÷ ਕਿ ਪ੍ਰੋਗਰਾਮ ਮੁਖੀ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਰੋਤੇ ਕੀ ਤੇ ਕਦੋਂ ਕਿਹੋ ਜਿਹਾ ਪ੍ਰੋਗਰਾਮ ਵੇਖਣਾ ਚਾਹੁੰਦੇ ਹਨ ਉਹ ਹੀ ਅਸਲੀ ਪ੍ਰੋਗਰਾਮ ਮੁਖੀ ਹੁੰਦਾ ਹੈ।÷ ਸਭ ਤੋਂ ਵਧੀਆ ਸੁਧਾਰ ਇਨ੍ਹਾਂ ਨੇ ਪ੍ਰਾਈਮ ਟਾਈਮ ਜੋ ਕੇ ਪ੍ਰਾਈਵੇਟ ਅਦਾਰਿਆਂ ਕੋਲ ਵੇਚਿਆ ਹੋਇਆ ਸੀ ਉਹ ਨੀਤੀ ਖਤਮ ਕਰਕੇ ਸ਼ਾਮ ਨੂੰ ਉੱਚ ਕੋਟੀ ਦੇ ਪ੍ਰੋਗਰਾਮ ਜਿਨ੍ਹਾਂ ਵਿਚ ÷ਪਬਲਿਕ ਟਾਇਮ÷ ਟੈਲੀ ਫ਼ਿਲਮਾਂ,ਲੜੀਵਾਰ ਨਾਟਕ ਤੇ ਸੰਗੀਤਕ ਪ੍ਰੋਗਰਾਮ ਜਿਨ੍ਹਾਂ ਵਿਚ ਲਿਸ਼ਕਾਰਾ,ਹੁੱਲੇ ਹੁਲਾਰੇ,ਲਾਰਾ ਲੱਪਾ ਜਿਹੇ ਅਨੇਕਾਂ ਪ੍ਰੋਗਰਾਮ ਹਨ। ਪ੍ਰੋਗਰਾਮ ਮੁਖੀ ਸਾਹਿਬ ਨੇ ਜੋ ਗੱਲ ਕਹੀ ਸੀ ਉਸ ਤੇ ਪੂਰੇ ਉੱਤਰੇ ਹਨ,ਉਹ ਦਿਨ ਦੂਰ ਨਹੀਂ ਜਦੋਂ ਪੂਰਾ ਦਿਨ ਦੂਰਦਰਸ਼ਨ ਪੰਜਾਬੀ ਤੇ ਪੰਜਾਬ ਪੰਜਾਬੀ ਤੇ ਪੰਜਾਬੀਅਤ ਦੀ ਪਹਿਰੇਦਾਰੀ ਕਰਨ ਵਾਲੇ ਪ੍ਰੋਗਰਾਮ ਪੇਸ਼ ਕੀਤੇ ਜਾਇਆ ਕਰਨਗੇ।ਪ੍ਰੋਗਰਾਮਾਂ ਦਾ ਵੇਰਵਾ ਜੋ ਕਦੇ ਵੀ ਦੂਰਦਰਸ਼ਨ ਦੇ ਉੱਤੇ ਵਿਖਾਉਣਾ ਜ਼ਰੂਰੀ ਨਹੀਂ ਸਮਝਿਆ ਗਿਆ ਅੱਜਕੱਲ੍ਹ ਇਹ ਲੜੀ ਚਾਲੂ ਹੈ ਤੇ ਵੱਖ ਵੱਖ ਪ੍ਰੋਗਰਾਮਾਂ ਦੇ ਪ੍ਰੋਮੋ ਨਵੇਂ ਬਣਾ ਕੇ ਸਰੋਤਿਆਂ ਨੂੰ ਦੱਸਿਆ ਜਾਂਦਾ ਹੈ ਕਿ ਇਸ ਸਮੇਂ ਇਹ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਅੱਜ ਦੀ ਗੱਲ ਸ੍ਰੀ ਮਾਨ ਅਨੂਪ ਖਜੂਰੀਆ ਜੀ ਨੇ ਸਾਰਥਕ ਪ੍ਰੋਗਰਾਮਾਂ ਦੀ ਸੂਚੀ ਬਣਾ ਕੇ ਆਪਣੇ ਅਧਿਕਾਰੀਆਂ ਦੀ ਸੱਤ ਮੈਂਬਰੀ ਕਮੇਟੀ ਬਣਾ ਕੇ ਪ੍ਰੋਗਰਾਮ ਬਣਾਉਣ ਸੁਧਾਰਨ ਲਈ ਠੋਸ ਵਿਚਾਰ ਚਰਚਾ ਸ਼ੁਰੂ ਕਰ ਦਿੱਤੀ ਹੈ।ਉਨ੍ਹਾਂ ਦਾ ਕਹਿਣਾ ਹੈ ਸਰੋਤਿਆਂ ਦੀ ਹਰ ਪਸੰਦ ਨੂੰ ਮੈਂ ਮੁੱਖ ਰੱਖਾਂਗਾ।ਕਿਉਂਕਿ ਮੈਂ ਵੀ ਇਕ ਇਨਸਾਨ ਤੇ ਸਰੋਤਾ ਹਾਂ ਮੈਨੂੰ ਪਤਾ ਹੈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ।ਸਰੋਤਿਆਂ ਦੀਆਂ ਚਿੱਠੀਆਂ ਦਾ ਪ੍ਰੋਗਰਾਮ,ਪੰਜਾਬ ਦੇ ਸਮਾਜਿਕ ਤੇ ਆਰਥਿਕ ਮਸਲੇ ਤੇ ਲੋੜਾਂ,ਪਿੰਡਾਂ ਦੀਆਂ ਪੰਚਾਇਤਾਂ,ਸ਼ਹਿਰ ਦੀਆਂ ਮਿਉਂਸਪਲ ਕਮੇਟੀਆਂ ਤੇ ਕਾਰਪੋਰੇਸ਼ਨਾਂ ਤਕ ਸਾਡੀ ਪਹੁੰਚ ਰਹੇਗੀ ਜਨਤਾ ਨੂੰ ਜੋ ਵੀ ਕੋਈ ਮੁਸ਼ਕਿਲ ਆਵੇਗੀ ਉਸ ਨੂੰ ਸਾਰਥਿਕ ਰੂਪ ਵਿਚ ਅਸੀਂ ਪਰਦੇ ਤੇ ਦਿਖਾਉਣ ਤੋਂ ਪਹਿਲਾਂ ਹੱਲ ਕਰਵਾਉਣ ਲਈ ਠੋਸ ਕਦਮ ਚੁੱਕਾਂਗੇ। ÷ਮੇਰਾ ਪਿੰਡ ਮੇਰੇ ਖੇਤ÷ ਪ੍ਰੋਗਰਾਮ ਨੂੰ ਪੂਰਨ ਰੂਪ ਵਿੱਚ ਪਿੰਡਾਂ ਤੇ ਖੇਤਾਂ ਨਾਲ ਜੋੜਿ?ਆ ਜਾਵੇਗਾ ਕਿਉਂਕਿ ਪੰਜਾਬ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਸਰੋਤਿਆਂ ਨਾਲ ਸਾਡੀ ਵਿਚਾਰ ਚਰਚਾ ਜਾਰੀ ਰਹੇਗੀ ਜਿਸ ਤਰ੍ਹਾਂ ਦੇ ਉਹ ਪ੍ਰੋਗਰਾਮ ਚਾਹੁੰਦੇ ਹਨ ਉਹ ਪੇਸ਼ ਕੀਤੇ ਜਾਣਗੇ।ਠੋਸ ਵਿਚਾਰ ਉਨ੍ਹਾਂ ਦਾ ਇਹ ਹੈ ਸਰੋਤੇ ਮੈਨੂੰ ਇੱਕ ਮਹੀਨਾ ਦੇਣ ਉਨ੍ਹਾਂ ਦੀ ਮੰਗ ਵਾਲੇ ਸਾਰੇ ਪ੍ਰੋਗਰਾਮ ਮੈਂ ਪੇਸ਼ ਕਰਨ ਦਾ ਵਾਅਦਾ ਕਰਦਾ ਹਾਂ। ਮੈਨੂੰ ਉਨ੍ਹਾਂ ਦੀ ਮੁਲਾਕਾਤ ਵਿੱਚੋਂ ਪੂਰਨ ਰੂਪ ਵਿਚ ਆਉਣ ਵਾਲੇ ਸਮੇਂ ਵਿੱਚ ਦੂਰਦਰਸ਼ਨ ਪੰਜਾਬੀ ਦੀ ਉੱਭਰਦੀ ਤਸਵੀਰ ਸਾਫ਼ ਵਿਖਾਈ ਦੇ ਰਹੀ ਸੀ।ਉਨ੍ਹਾਂ ਦੇ ਵਿਚਾਰਾਂ ਵਿੱਚੋਂ ਸਾਫ਼ ਪਤਾ ਲੱਗ ਰਿਹਾ ਸੀ ਕਿ ਦੂਰਦਰਸ਼ਨ ਪੰਜਾਬੀ ਦਾ ਅਸਲੀ ਰੂਪ ਵਿੱਚ ਪੁਨਰ ਜਨਮ ਹੋਣ ਵਾਲਾ ਹੈ।



# ਨਹੀਂ ਭੁੱਲਦਾ ਚੁੱਲ੍ਹੇ ਵਿੱਚ ਬਣੀ ਰੋਟੀ ਦਾ ਸਵਾਦ...



ਚੁੱਲ੍ਹਾ ਪੇਂਡੂ ਪੰਜਾਬੀ ਸੱਭਿਆਚਾਰ , ਪਰਿਵਾਰਕ ਤੇ ਸਮਾਜਿਕ ਸਾਂਝ , ਆਪਸੀ ਪਿਆਰ , ਹਸਤਕਲਾ ਅਤੇ ਘਰ ਦੀ ਬਰਕਤ ਦੀ ਨਿਸ਼ਾਨੀ ਹੈ। ਕੁਝ ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਚੁੱਲ੍ਹੇ ਦਾ ਕਾਫੀ ਚਲਣ ਸੀ , ਪਰ ਆਧੁਨੀਕਰਨ ਨਾਲ ਜਿੱਥੇ ਹੋਰ ਕਾਫ਼ੀ ਕੁਝ ਖ਼ਤਮ ਹੀ ਹੋ ਗਿਆ , ਉੱਥੇ ਗੈਸ ਸਿਲੰਡਰ , ਬਿਜਲਈ ਚੁੱਲ੍ਹਿਆਂ , ਰੋਟੀ ਬਣਾਉਣ ਦੀਆਂ ਭਾਂਤ - ਭਾਂਤ ਦੀਆਂ ਮਸ਼ੀਨਾਂ ਤੇ ਸਾਧਨਾਂ ਆਦਿ ਦੀ ਆਮਦ ਨਾਲ ਸਾਡੇ ਰਸੋਈ ਘਰਾਂ ਅਤੇ ਵਿਹੜਿਆਂ ਵਿੱਚੋਂ ਚੁੱਲ੍ਹੇ ਖਤਮ ਹੋਣ ਕਿਨਾਰੇ ਹੋ ਗਏ। ਪੇਂਡੂ ਸੁਆਣੀਆਂ ਟੋਭਿਆਂ , ਤਲਾਬਾਂ ਜਾਂ ਢਿੱਗਾਂ ਦੀ ਚੀਕਣੀ ਮਿੱਟੀ ਪੁੱਟ ਕੇ ਲਿਆਉਂਦੀਆਂ ਅਤੇ ਭਾਂਤ - ਭਾਂਤ ਦੇ ਰੰਗ - ਰੂਪ ਦੇ ਸਥਾਈ ਜਾਂ ਚੱਕਵੇਂ - ਚੁੱਲ੍ਹੇ ਬਣਾਉਂਦੀਆਂ ਹੁੰਦੀਆਂ ਸਨ। ਫਿਰ ਉਹਨਾਂ ਨੂੰ ਗੋਹੇ - ਤੂੜੀ ਆਦਿ ਨਾਲ ਲਿੱਪ ਕੇ ਤਿਆਰ ਕਰਦੀਆਂ ਹੁੰਦੀਆਂ ਸਨ।ਅੱਗ ਬਾਲਣ ਲਈ ਭੂਕਨਾ ਜੋ ਕਿ ਲੋਹੇ ਦਾ ਬਣਿਆ ਹੁੰਦਾ ਸੀ , ਦੀ ਵਰਤੋਂ ਕਰਦੀਆਂ ਸਨ। ਲੋਕ ਗੋਬਰ ਤੋਂ ਤਿਆਰ ਪਾਥੀਆਂ , ਕਾਲੇ ਕੱਖ ਅਤੇ ਟੁੱਕੀਆਂ ਹੋਈਆਂ ਲੱਕੜਾਂ ਤੇ ਤਿੰਬੜੂ ਆਦਿ ਨਾਲ ਚੁੱਲ੍ਹੇ ਵਿੱਚ ਅੱਗ ਬਾਲਦੇ ਹੁੰਦੇ ਸੀ। ਚੁੱਲ੍ਹੇ ਦੀ ਅੱਗ ਉੱਤੇ ਤਿਆਰ ਕੀਤੀ ਰੋਟੀ , ਖਾਸ ਤੌਰ ‘ਤੇ ਮੱਕੀ ਦੀ ਰੋਟੀ ਅਤੇ ਚੁੱਲ੍ਹੇ ਦੇ ਕੌਲਿਆਂ ਉੱਤੇ ਰੱਖ ਕੇ ਰਾੜ੍ਹੀ / ਤਿਆਰ ਰੋਟੀ ਤੇ ਸਰ੍ਹੋਂ ਦੇ ਸਾਗ ਦਾ ਅਨੰਦ ਅਤੇ ਸਵਾਦ ਵੱਖਰਾ ਹੀ ਹੁੰਦਾ ਸੀ , ਜੋ ਅੱਜ ਹੋਰ ਸਾਧਨਾਂ ‘ਤੇ ਤਿਆਰ ਕੀਤੀ ਰੋਟੀ ਵਿੱਚ ਨਹੀਂ ਮਿਲਦਾ। ਬੱਚੇ ਅਕਸਰ ਰੋਟੀ ਬਣਨ ਤੋਂ ਬਾਅਦ ਸ਼ਕਰਕੰਦੀਆਂ ਜਾਂ ਆਲੂ ਚੁੱਲ੍ਹੇ ਦੇ ਕੌਲਿਆਂ ਵਿੱਚ ਪਾ ਕੇ ਦੱਬ ਦਿੰਦੇ ਸਨ ਅਤੇ ਕੁਝ ਦੇਰ ਬਾਅਦ ਇਹ ਭੁੰਨੇ ਹੋਏ ਆਲੂ ਤੇ ਸ਼ਕਰਕੰਦੀਆਂ ਖਾ ਕੇ ਅਥਾਹ ਖੁਸ਼ੀ ਮਹਿਸੂਸ ਕਰਦੇ ਹੁੰਦੇ ਸੀ। ਨਹਾਉਣ ਜਾਂ ਹੋਰ ਕੰਮਾਂ ਲਈ ਗਰਮ ਪਾਣੀ ਦੀ ਜਰੂਰਤ ਪੂਰੀ ਕਰਨ ਦੇ ਲਈ ਪਾਣੀ ਗਰਮ ਕਰਨ ਲਈ ਚੁੱਲ੍ਹੇ ‘ਤੇ ਹੀ ਵੱਡਾ ਪਤੀਲਾ ਜਾਂ ਹੋਰ ਬਰਤਨ ਰੱਖ ਕੇ ਚੁੱਲ੍ਹੇ ਦੇ ਬਚੇ ਹੋਏ ਕੋਲ਼ਿਆਂ ਅੰਗਾਰਿਆਂ ਦੇ ਆਸਰੇ ਕੰਮ ਚਲਾ ਲਿਆ ਜਾਂਦਾ ਹੁੰਦਾ ਸੀ। ਪਰਿਵਾਰ ਦੇ ਸਾਰੇ ਜੀਅ ਇਕੱਠੇ ਹੋ ਕੇ ਪਟੜਿਆਂ , ਪੀੜ੍ਹੀ ਜਾਂ ਸਫ ਆਦਿ ‘ਤੇ ਬੈਠ ਕੇ ਚੁੱਲ੍ਹੇ ਕੋਲ ਹੀ ਘਰ ਬਣਾਈ ਪੂਦਨੇ ( ਪੁਦੀਨੇ) ਦੀ ਖੱਟੀ - ਮਿੱਠੀ ਚਟਨੀ ਨਾਲ਼ ਗਰਮਾ - ਗਰਮ ਤਿਆਰ ਰੋਟੀ ਖਾਣ ਦਾ ਅਨੰਦ ਮਾਣਦੇ ਹੁੰਦੇ ਸੀ। ਕਈ ਵਾਰ ਬੱਚੇ ਪਹਿਲਾਂ ਰੋਟੀ ਖਾਣ ਦੇ ਚੱਕਰਾਂ ਵਿੱਚ ਚਾਅ - ਚਾਅ ਵਿੱਚ ਝੂਠੀ - ਮੂਠੀ ਦਾ ਨਾਰਾਜ਼ ਵੀ ਹੋ ਜਾਇਆ ਕਰਦੇ ਸਨ। ਇਹ ਰੁੱਸਣ - ਮਨਾਉਣ ਦਾ ਵਰਤਾਰਾ ਵੀ ਚੁੱਲ੍ਹੇ - ਚੌਂਕੇ ਕਰਕੇ ਹੀ ਹੁੰਦਾ ਸੀ। ਪੇਂਡੂ ਖੇਤਰ ਵਿੱਚ ਲੋਕਾਂ ਨੂੰ ਇਹ ਚੰਗੀ ਆਦਤ ਹੁੰਦੀ ਸੀ ਕਿ ਤੜਕੇ ਉੱਠ ਕੇ ਚੁੱਲ੍ਹਾ ਬਾਲ਼ ਕੇ ਪਾਣੀ ਆਦਿ ਗਰਮ ਕਰਨਾ ਚੁੱਲ੍ਹੇ ‘ਤੇ ਰੱਖਦੇ ਹੁੰਦੇ ਸੀ। ਚੁੱਲ੍ਹੇ ਵਿੱਚ ਸੁਵੱਖਤੇ ਅੱਗ ਜਗਾ ਦੇਣਾ ਬਰਕਤ ਅਤੇ ਸਬਰ - ਸੰਤੋਖ ਦੀ ਨਿਸ਼ਾਨੀ ਹੁੰਦੀ ਸੀ। ਸਰਦੀਆਂ ਵਿੱਚ ਚੁੱਲ੍ਹੇ ਦੇ ਚਾਰੇ ਪਾਸੇ ਇਕੱਠੇ ਹੋ ਕੇ ਅੱਗ ਸੇਕਣ ਦਾ ਬੜਾ ਨਜ਼ਾਰਾ ਆਉਂਦਾ ਹੁੰਦਾ ਸੀ। ਲੋਕੀਂ ਚੁੱਲ੍ਹੇ ਦੇ ਆਲੇ - ਦੁਆਲੇ ਬੈਠ ਕੇ ਗੁੜ ਤੇ ਮੂੰਗਫਲੀਆਂ ਖਾਂਦੇ ਹੁੰਦੇ ਸੀ ਤੇ ਆਪਸ ਵਿੱਚ ਦਿਲਾਂ ਦੀਆਂ ਰਮਜ਼ਾਂ ਵੀ ਸਾਂਝੀਆਂ ਕਰ ਲੈਂਦੇ ਹੁੰਦੇ ਸੀ। ਸੁਆਣੀਆਂ ਸਮੇਂ - ਸਮੇਂ ਸਿਰ ਚੁੱਲ੍ਹੇ ਨੂੰ ਗੇਰੂ ਮਿੱਟੀ ਤੇ ਗੋਬਰ , ਤੂੜੀ ਆਦਿ ਨਾਲ ਲਿੱਪ ਕੇ ਉਸ ਦੀ ਸਾਂਭ - ਸੰਭਾਲ ਕਰਦੀਆਂ ਰਹਿੰਦੀਆਂ ਹੁੰਦੀਆਂ ਸਨ। ਕਈ ਵਾਰ ਨਵਾਂ ਚੁੱਲ੍ਹਾ ਬਣਾਉਣ ਲਈ ਆਂਢੀਆਂ - ਗੁਆਂਢੀਆਂ ਨੂੰ ਵੀ ਮੱਦਦ ਲਈ ਬੁਲਾ ਲਿਆ ਜਾਂਦਾ ਸੀ। ਜਿਸ ਨਾਲ ਕਿ ਆਪਸੀ ਮਿਲਵਰਤਨ , ਸਾਂਝ ਤੇ ਭਾਈਚਾਰਕ ਪ੍ਰੇਮ - ਪਿਆਰ ਕਾਇਮ ਰਹਿੰਦਾ ਹੁੰਦਾ ਸੀ। ਸਮੇਂ ਦੇ ਬਦਲਣ ਨਾਲ ਚੁੱਲ੍ਹੇ - ਚੌਂਕਿਆਂ ਦਾ ਵਜੂਦ ਵੀ ਖਤਮ ਹੋ ਰਿਹਾ ਹੈ , ਪਰ ਜਿਸ ਕਿਸੇ ਨੇ ਵੀ ਦਾਦਕੇ ਜਾਂ ਨਾਨਕੇ ਘਰ ਵਿੱਚ ਬਜੁਰਗਾਂ ਕੋਲ਼ ਬੈਠ ਕੇ ਚੁੱਲ੍ਹੇ - ਚੌਂਕੇ ‘ਤੇ ਬਣੀਆਂ ਰੜ੍ਹੀਆਂ ਰੋਟੀਆਂ , ਭੁੰਨੇ ਆਲੂ ਤੇ ਸ਼ਕਰਕੰਦੀਆਂ ਦਾ ਅਨੰਦ ਓਸ ਭਲੇ ਸਮੇਂ ਮਾਣਿਆ ਹੋਵੇ , ਉਸ ਨੂੰ ਚੁੱਲ੍ਹੇ - ਚੌਂਕੇ ਨਾਲ ਜੁੜੀਆਂ ਯਾਦਾਂ ਤੇ ਬਿਤਾਇਆ ਸਮਾਂ ਕਦੇ ਨਹੀਂ ਭੁੱਲ ਸਕਦਾ।

ਲੇਖਕ ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356

# ਪ੍ਰੀਤ ਫੁਲਵਾੜੀ

## ਇਲਤੀਨਾਮਾ-੧
## ਬੇਸੁਰੀ ਕਵਿਤਾ

ਚੋਰ ਚੌਕੀਦਾਰ ਹੋਵੇ
ਫੇਰ ਕਾਹਦਾ ਡਰ ਜੀ
ਆਪਾਂ ਕੀ ਲੈਣਾ ਆਪਣਾ ਕੀ ਵੇਚਿਆ
ਚੁਪ ਰਹਿ ਕੇ ਜਾਵੇ ਸਰ ਜੀ
ਆਖਣਾ ਹੈ ਕੁੱਝ ਫੇਰ ਕਿਉ ਰਹੇ ਸੁੱਜ ਜੀ
ਹੈ ਤੁਹਾਡੇ 'ਚ ਕੋਈ ਨਰ ਜੀ
ਸੱਜਰੀ ਸਵੇਰੇ ਹੋਵੇ ਦਿਨੇ ਜੇ ਹਨੇਰ
ਕੀ ਲਵੋਗੇ ਕਰ ਜੀ ?
ਪੰਜਾਬ ਦਾ ਪਹਿਰੇਦਾਰ ਹੋਵੇ
ਕੀ ਹੋਇਆ
ਜੇ ਗੁਡੀ ਗੱਡੀ ਜਾਵੇ
ਚੜ੍ਹ ਜੀ ਕੋਈ ਬੰਦਾ ਬੁੰਦਾਂ
ਜਾਵੇ ਮਰ ਜੀ
ਬੁੱਧ ਬੋਲ ਹੋਵੇ
ਕਰਦਾ ਕਲੋਲ ਹੋਵੇ
ਤੋਲ ਤੁਕਾਂਤ ਭਾਵੇਂ ਘੱਟ ਜੀ
ਪਰ ਮਾਰਦਾ ਹੈ ਸੱਟ ਜੀ..
ਆਪਣੀ ਕਿਹੜਾ ਹੈ ਕੋਈ
ਕਿਸੇ ਨਾਲ ਸਾਂਝੀ ਵੱਟ ਜੀ
ਆਪਾਂ ਤੇ ਕਸਣੇ ਹੈ ਨੱਟ ਜੀ ।
ਤੂੰ ਵੀ ਕੁੱਝ ਬੋਲ ਮੈਂ ਵੀ
ਕੁੱਝ ਬੋਲਾਂ ..ਬਿਨ੍ਹਾਂ ਬੋਲਿਆ ਨੀ
ਹੁਣ ਦੱਸ ਕਿਵੇਂ ਜਾਊ ਸਰ ਜੀ ?
ਬੁੱਧ ਚਿੰਤਨ ਹੋਵੇ
ਫੇਰ ਕਿਵੇਂ ਮਨੁੱਖ ਰੋਵੇ
ਜਦ ਹਰ ਇਕ ਦੂਜੇ ਦਾ ਮੂੰਹ ਧੋਵੇ
ਫੇਰ ਜਿੱਤ ਹੋਊ ਸਰ ਜੀ..
ਜੋੜ ਬਿਨ ਸਰਨਾ ਨੀ, ਜਿਉਣਾ ਹੈ ਮਰਨਾ ਨੀ
ਹਿੱਕ ਡਾਹੇ ਬਿਨ੍ਹਾਂ ਸਰਨਾ ਨੀ
ਨਹੀਂ ਤਾਂ ਜਾਓਗੇ ਹਰ ਜੀ
ਜਾਤ ਨੂੰ ਜਮਾਤ ਬਣਾ
ਹੋਰ ਸਮਾਂ ਗਵਾ..
ਧੌਣ 'ਚੋਂ ਕੀਲਾ ਕੱਢ .
ਮੈਂ ਮੈ ਛੱਡ ..ਸਾਰੇ ਨੀ ਜੱਟ
ਬਣ ਕੇ ਮਨੁੱਖ ਮਨੁੱਖਤਾ ਬਣਾ
ਮੁੜ ਮੁੜ ਇਤਿਹਾਸ ਦੁਹਰਾ.ਆਪ ਸਮਝ
ਨਾ ਸਾਨੂੰ ਸਮਝਾ..ਨਹੀਂ ਹੋਵੇਗੀ .
.ਕਾਂ ਕਾਂ...ਸਭ ਦੀ ਇਕੋ ਬਾਪ ਮਾਂ
ਬੱਸ ਕਰ "ਓ ਨੀਲੋਂ "
ਨਾ ਸਾਨੂੰ ਸਮਝਾ..ਤੇਰੇ ਨਾਲੋਂ
ਅਸੀਂ ਵੱਧ ਸਿਆਣੇ..ਨਾ ਸਮਝ ਨਿਆਣੇ
ਅਸੀਂ ਜਾਣਦੇ ਰੱਬ ਦੇ ਭਾਣੇ
ਕਰ ਹੁਣ ਤੂੰ ਹਰ ਹਰ ਜੀ
ਚੌਂਕੀਦਾਰ ਚੋਰ ਹੋਵੇ
ਫੇਰ ਕਾਹਦਾ ਡਰ ਜੀ

**ਇਲਤੀ ਬਾਬਾ**
94643.70823

## ਆ ਗਿਆ ਸਿਆਲ ਬੱਚਿਓ....

ਆ ਗਿਆ ਸਿਆਲ ਬੱਚਿਓ,
ਜ਼ਰਾ ਰੱਖਿਓ ਖ਼ਿਆਲ ਬੱਚਿਓ।
ਕੋਟੀਆਂ ਸਵੈਟਰ ਤੇ ਬੂਟ ਪਾ ਲਵੋ,
ਮੋਟੇ ਮੋਟੇ ਹੁਣ ਤੁਸੀਂ ਸੂਟ ਪਾ ਲਵੋ।
ਪਾਣੀ ਵਿੱਚ ਹੱਥ ਵਾਰ ਵਾਰ ਪਾਇਓ ਨਾ,
ਕੁਲਫੀਆਂ ਤੇ ਆਈਸਕ੍ਰੀਮ ਹੁਣ ਖਾਇਓ ਨਾ।
ਸਾਗ ਅਤੇ ਮੂਲੀਆਂ ਬਣਾਈਆਂ ਮੰਮੀ ਨੇ
ਪਰੋਠੀਆਂ ਪਨੀਰ ਦੀਆਂ ਖਾਈਆਂ ਸ਼ੰਮੀ ਨੇ।
ਮੇਵੇ ਅਤੇ ਫ਼ਲ ਨਿੱਤ ਖਾ ਲਿਓ ਤੁਸੀਂ,
ਅੰਦਰਲੀ ਤਾਕਤ ਵਧਾ ਲਿਓ ਤੁਸੀਂ।
ਗਰਮ ਗਰਮ ਦੁੱਧ ਵੀ ਪੀਣਾ ਜਰੂਰੀ ਹੈ,
ਸਫ਼ਾਈ ਦੇ ਨਾਲ਼ ਵੀ ਜੀਣਾ ਜ਼ਰੂਰੀ ਹੈ।
ਬਿਮਾਰ ਅਸੀ ਬਿਲਕੁੱਲ ਵੀ ਹੋਣਾ ਨਹੀਂ,
ਤੰਗ ਮਾਪਿਆਂ ਨੂੰ ਅਸੀਂ ਕਰਨਾ ਨਹੀਂ।
ਮੰਮੀ ਅਤੇ ਡੈਡੀ ਦਾ ਵੀ ਧਿਆਨ ਰੱਖਣਾ,
ਸੋਹਣੇ ਸੋਹਣੇ ਬਾਲ ਬਣ ਕਹਿਣਾ ਮੰਨਣਾ।

**ਮਨਜੀਤ ਕੌਰ ਲੁਧਿਆਣਵੀ,**
**ਸ਼ੇਰਪੁਰ, ਲੁਧਿਆਣਾ।**
**ਸੰ:9464633059**

## ਕਵਿਤਾ

ਜਦ ਗੱਲ ਬਾਲ ਦਿਵਸ ਦੀ ਹੁੰਦੀ ।
ਹਿੰਦੁਸਤਾਨ ਦੀ ਜਨਤਾ ਕਿਉਂ ਸੌਂਦੀ ?
ਦਿਸਦੀ ਕਿਉਂ ਨਹੀ ਸਰਹਿੰਦ ਦੀ ਦੀਵਾਰ ?
ਜਿਸਨੂੰ ਵੇਖ ਪੂਰੀ ਖਲਕਤ ਹੈ ਰੋਂਦੀ ।।
ਗੋਬਿੰਦ ਦੇ ਜਿਗਰ ਦੇ ਉਹ ਸੀ ਤਾਰੇ !
ਉਹ ਚਮਕੇ ਫਿੱਕੇ ਪੈ ਗਏ ਸਿਤਾਰੇ ।
ਜਦ ਗਲ ਚਲਦੀ ਸੂਰਮਿਆਂ ਦੀ ।
ਤਦ ਚਮਕੌਰ ਦੀ ਗੜ੍ਹੀ ਖੁਦ ਹੈ ਰੋਂਦੀ।
ਧਰਮ ਅਤੇ ਦੇਸ਼ ਦੀ ਖਾਤਿਰ ।
ਨੀਹਾਂ ਵਿੱਚ ਚਿਣਵਾ ਦਿੱਤੇ ਆਖਿਰ।
ਗੂੰਜੀਆਂ ਨ ਉੱਥੋਂ ਕੋਈ ਚੀਕਾਂ ।
ਯੇ ਭਾਰ ਭੀ ਧਰਤੀ ਹੈ ਸਹਿੰਦੀ ।
ਕਿੰਨੇ ਸੋਹਣੇ ਕੋਮਲ ਪਿਆਰੇ ।
ਅਣਖ ਸਿਦਕ ਤੋਂ ਨ ਹਾਰੇ ।
ਨ ਮਾਇਆ ਨ ਪਦ ਦੀ ਲਾਲਚ।
ਇਨ੍ਹਾਂ ਲਈ ਹੀਰੇ ਭੀ ਨੇ ਮੋਤੀ ।।
ਬਲਿਦਾਨੀ ਦੀ ਨੀਂਹ ਟਿਕਾ ਗਏ।
ਸਾਨੂੰ ਅਨੋਖਾ ਪਾਠ ਸਿਖਾ ਗਏ ।
ਛੋਟੀ ਉਮਰੇ ਦੇ ਕੇ ਸ਼ਹਾਦਤਾਂ ।
ਸਵਾਸਾਂ ਦੀ ਮਾਲਾ ਇੰਝ ਨ ਪਿਰੋਤੀ ।।
ਛੋਟੀ ਉਮਰੇ ਬੜੇ ਕੰਮ ਕਰ ਗਏ ।
ਬੋਲੇ ਸੋ ਨਿਹਾਲ ਦੇ ਜੈਕਾਰੇ ਧਰ ਗਏ।
ਜਦ ਤੱਕ ਸੂਰਜ ,ਚੰਨ ਰਹੇਗਾ ।
ਤਦ ਤਕ ਦੀਵਾਰ ਮਹਿਕ ਬਟੋਰਦੀ ।।
25 ਨਵੰਬਰ ਤੋਂ ਸ਼ਹਾਦਤ ਦਿਵਸ ਦੇ ਰੂਪ ਤੇ।
ਯਾਦ ਕਰੋਂ ਇਸਨੂੰ ਬਲਿਦਾਨੀ ਸਵਰੂਪ ਤੇ।
ਦੇਸ਼, ਧਰਮ ਦੇ ਨਾਂ ਤੇ ਹੋ ਗਏ ਕੁਰਬਾਨ।
ਨਹੀ ਕਾਇਮ ਮਿਸ਼ਾਲ ਬਾਰ ਬਾਰ ਹੋਂਦੀ।।

**ਜਗਦੀਸ਼ ਕੌਰ**
**ਪ੍ਰਯਾਗਰਾਜ ਇਲਾਹਾਬਾਦ ਯੂ ਪੀ**
**ਮੋਬਾਈਲ ਨੰਬਰ 9956757150**

## ਅਰਥੀ

ਝੱਲਿਆ ਨਾ ਜਾਵੇ ਹਾਏ ਦੁੱਖ ਪਰਿਵਾਰ ਦਾ,,
ਕੱਲਾ ਕੱਲਾ ਜੀਅ ਸੀ ਪਿਆ ਧਾਹਾਂ ਮਾਰਦਾ,,
ਬੈਠਗੀ ਪ੍ਰਾਹੁਣੀ ਬਣ ਹਿੱਕ ਤੇ,
ਪਾਪਣ ਹੋਣੀ ਨਾ ਵਾਪਿਸ ਪਰਤੀ,
ਜਿਹੜੇ ਮੋਢੇ ਤੇ ਖਿਡਾਇਆ ਪੁੱਤ ਚੁੱਕ ਕੇ,
ਬਾਪੂ ਉਸੇ ਮੋਢੇ ਤੇ ਚੁੱਕੀ ਜਾਵੇ, ਅਰਥੀ,,

ਸੁਣੇ ਜਾਂਦੇ ਨਾ ਮਾਂ ਪਾਉਂਦੀ ਆ ਵੈਣ ਜੋ,
ਕਿਵੇਂ ਬੰਨ੍ਹ ਸਿਹਰੇ ਚੁੱਕੀ ਖੜੀਆ ਭੈਣ ਜੋ,
ਸਾਨੂੰ ਕਾਹਤੋਂ ਰੋਂਦਿਆ ਨੂੰ ਕੱਲੇ ਛੱਡ ਗਿਆ,
ਵੀਰੇ ਆਹ ਦੱਸ ਕੀ ਸਕੀਮ ਵਰਤੀ,
ਜਿਹੜੇ ਮੋਢੇ ਤੇ ਖਿਡਾਇਆ ਪੁੱਤ ਚੁੱਕ ਕੇ,
ਬਾਪੂ ਉਸੇ ਮੋਢੇ ਤੇ ਚੁੱਕੀ ਜਾਵੇ, ਅਰਥੀ,,

ਪੁੱਛਦਿਆ ਯਾਰ ਕਾਹਤੋਂ ਛੱਡ ਗਿਆ ਗਰੁੱਪ ਤੂੰ,
ਇੱਕ ਵਾਰੀ ਬੋਲ ਐਵੇ ਪਿਆ ਕਾਹਤੋਂ ਚੁੱਪ ਤੂੰ,,
ਤੈਨੂੰ ਪਤਾ ਓਏ ਤੇਰੇ ਤੋਂ ਜਾਨ ਵਾਰਦੇ,
ਯਾਰਾ ਸਾਡਾ ਐਵੇ ਨਾ ਪਿਆਰ ਪਰਖੀਂ,
ਜਿਹੜੇ ਮੋਢੇ ਤੇ ਖਿਡਾਇਆ ਪੁੱਤ ਚੁੱਕ ਕੇ,
ਬਾਪੂ ਉਸੇ ਮੋਢੇ ਤੇ ਚੁੱਕੀ ਜਾਵੇ, ਅਰਥੀ,,

ਚੰਗੀ ਨਹੀਂ ਕੀਤੀ ਤੂੰ ਬਹੁਤੇ ਪਿਆਰਾਂ ਵਾਲਿਆ,
ਉਮੀਦ ਤੋਂ ਪਹਿਲਾਂ ਹੀ ਤੂੰ ਤਾਂ ਰੰਗ ਵਟਾ ਲਿਆ,,
ਕਿੱਥੇ ਪਿੰਡ ਸ਼ੇਰੋਂ ਦੀਆਂ ਗਲ਼ੀਆਂ ਰੌਣਕਾਂ,,
ਮੱਖਣ ਆਖੇ ਸਾਡੇ ਨਾਲ ਜਾਣ ਖੁਸ਼ੀਆਂ ਹਰਖੀਂ,
ਜਿਹੜੇ ਮੋਢੇ ਤੇ ਖਿਡਾਇਆ ਪੁੱਤ ਚੁੱਕ ਕੇ,
ਬਾਪੂ ਉਸੇ ਮੋਢੇ ਤੇ ਚੁੱਕੀ ਜਾਵੇ, ਅਰਥੀ,,

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।**
**ਸੰਪਰਕ 98787-98726**

## ਆਪਣਾਪਣ

ਓ ਸੱਜਰੀ ਸਵੇਰ ਜਿਹਾ ਸੁੱਖ ਕਿਤੇ ਨਾ
ਲਹੂਆਂ ਦੇ ਸਾਕ ਜਿਹਾ ਸੁੱਖ ਕਿਤੇ ਨਾ
ਜੀ ਅੰਮਾਂ ਜਾਏ ਭੁੱਲਦੇ ਭਲਾਏ ਨਾ ਕਦੇ
ਠੰਡੀਆਂ ਹਵਾਵਾਂ ਜਿਹਾ ਸੁੱਖ ਕਿਤੇ ਨਾ
ਨੈਣਾਂ ਦੇ ਨਕਸ ਵਿੱਚ ਮਾਂ ਦਿਸ ਜਾਂਦੀ
ਮਮਤਾ ਦੀ ਗੋਦੀ ਜਿਹਾ ਨਿੱਘ ਕਿਤੇ ਨਾ
ਲਹੂ ਦੀ ਸਾਂਝ ਕਦੇ ਮਿਟੇ ਨਾ ਮਿਟਾਏ ਤੋਂ
ਭਰਾਵਾਂ ਜਿਹਾ ਸਰੀਕਾ ਮਿਲੇ ਕਿਤੇ ਨਾ
ਕਾੜ੍ਹਨੀ ਦੇ ਦੁੱਧ ਦੀ ਲਪਟ ਚੰਗੀ ਲੱਗੇ
ਚੁੱਲ੍ਹੇ ਆਲੀ ਰੋਟੀ ਦਾ ਸਵਾਦ ਕਿਤੇ ਨਾ
ਓ ਮੱਖਣ ਸਵਾਦ ਸਦਾ ਲੱਗੇ ਚਾਟੀ ਦਾ
ਮਾਂ ਵਾਲੀ ਚੂਰੀ ਦਾ ਸਵਾਦ ਕਿਤੇ ਨਾ
ਨਵੇਂ ਨਵੇਂ ਰਿਸਤੇ ਤੇ ਖਾਣੇ ਨਵੇਂ ਆ ਗਏ
ਚਿੱਬੜਾਂ ਦੀ ਚੱਟਣੀ ਦਾ ਸਵਾਦ ਕਿਤੇ ਨਾ
ਉਇ ਰਿਸਤੇ ਪੁਰਾਣੇ 'ਜੀਤ' ਗੁੜ ਵਰਗੇ
ਸੱਚੀਂ ਚਾਚੇ ਤਾਏ ਮਾਸੜ ਮਿਲਣ ਕਿਤੇ ਨਾ

**ਸਰਬਜੀਤ ਸਿੰਘ ਨਮੋਲ**
**ਪਿੰਡ ਨਮੋਲ ਜਿਲ੍ਹਾ ਸੰਗਰੂਰ**
9877358044

## ਐਵਾਰਡ ਕਿਸ ਨੂੰ ਮਿਲਣਾ ਚਾਹੀਦਾ ?

ਵਿਕਦੇ ਅਵਾਰਡ ਮੁੱਲ ਏਸ ਦੇਸ਼ ਵਿੱਚ
ਜਿਵੇਂ ਵਿਕਦੇ ਨੇ ਨੇਤਾ ਥੋਕ ਮੁੱਲ ਦੇ
ਆਖਿਆ ਜੋ ਹੁੰਦਾ ਸ਼ਹਾਦਤਾਂ ਦਾ ਚਿੰਨ੍ਹ
ਹੁਣ ਸਸਤੇ ਲੋਕਾਂ ਦੇ ਪੈਰੀਂ ਰੁਲ਼ਦੇ
ਸਿਰਾਂ ਵੱਟੇ ਲਈ ਸੀ ਆਜ਼ਾਦੀ ਲੜਕੇ
ਨੀ ਤੂੰ ਆਖਦੀ ਆਜ਼ਾਦੀ ਉਹ ਭੀਖ ਸੀ
ਸਿੱਕਿਆਂ ਦੇ ਮੁੱਲ ਤੂੰ ਜ਼ਮੀਰ ਵੇਚ ਕੇ
ਨੀ ਤੂੰ ਆਖਦੀ ਆਜ਼ਾਦੀ ਉਹ ਭੀਖ ਸੀ
ਲੱਖਾਂ ਦੀ ਤਾਦਾਦ ਵਿੱਚ ਫਾਂਸੀਆਂ ਸੀ ਚੜ੍ਹੇ
ਸਾਰੀ ਦੁਨੀਆਂ ਨੀ ਉਨਾਂ ਵਾਰੇ ਜਾਣਦੀ
ਤੇਰੇ ਵਾਂਗ ਵਿਕੇ ਨਾ ਨੀ ਅਣਖ ਪੰਜਾਬ ਦੀ
ਗੰਦੀ ਸੋਚ ਨਹੀਂਓਂ ਸਾਡੀ ਤੇਰੇ ਹਾਣਦੀ
ਤੂੰ ਕੀ ਜਾਣੇ ਜਾਲਿਮੇ ਆਜ਼ਾਦੀ ਦੇ ਦਰਦ
ਤੈਨੂੰ ਚੰਗੀ ਨੀ ਨਾ ਦਿੱਤੀ ਕਿਸੇ ਸੀਖ ਸੀ
ਸਿੱਕਿਆਂ ਦੇ ਮੁੱਲ ਤੂੰ ਜ਼ਮੀਰ ਵੇਚ ਕੇ
ਨੀ ਤੂੰ ਆਖਦੀ ਆਜ਼ਾਦੀ ਉਹ ਭੀਖ ਸੀ
ਕੈਮਰੇ ਦੇ ਮੂਹਰੇ ਖੜ੍ਹ ਸੌਖਾ ਹੁੰਦਾ ਬੋਲਣਾ
ਤੂੰ ਕੀ ਜਾਣੇ ਆਜ਼ਾਦੀ ਦੀ ਲੜਾਈ ਨੂੰ
ਤੋਤੇ ਦੀ ਰਟਾਈ ਤੂੰ ਜ਼ੁਬਾਨ ਰਹੀ ਬੋਲਦੀ
ਅਸੀਂ ਜਾਣਦੇ ਹਾਂ ਤੇਰੀ ਉਹ ਪੜ੍ਹਾਈ ਨੂੰ
ਸੋਚਿੰਓ ਵਗੈਰ ਤਾਂ ਤੂੰ ਸਦਾ ਰਹੀ ਬੋਲਦੀ
ਸੱਚ ਤੇਰੀ ਐ ਪੁਰਾਣੀ ਇਹ ਲੀਖ਼ ਨੀ
ਸਿੱਕਿਆਂ ਦੇ ਮੁੱਲ ਤੂੰ ਜ਼ਮੀਰ ਵੇਚ ਕੇ
ਨੀ ਤੂੰ ਆਖਦੀ ਆਜ਼ਾਦੀ ਉਹ ਭੀਖ ਸੀ
ਲੁੱਟ ਖਾ ਗਏ ਉਹ ਨੀ ਦੇਸ਼ ਤਾਈਂ ਜਿਹੜੇ
ਤੂੰ ਉਨ੍ਹਾਂ ਜ਼ਾਲਮਾਂ ਦੇ ਪੱਖ ਰਹੀ ਪੂਰਦੀ
ਹੱਕਾਂ ਲਈ ਲੜਦੇ ਨੇ ਲੋਕ ਜਿਹੜੇ ਡਟ ਕੇ
ਤੂੰ ਤਾਂ ਉਨ੍ਹਾਂ ਨੂੰ ਵੀ ਰਹੀ ਸਦਾ ਘੂਰਦੀ
ਪੈਸਿਆਂ ਦੇ ਲਈ ਤੂੰ ਤਾਂ ਤੋਲਦੀ ਕੁਫ਼ਰ
ਤੈਨੂੰ ਕਿਸ ਨੇ ਸਿਖਾਈ ਇਹ ਸੀਖ ਸੀ
ਸਿੱਕਿਆਂ ਦੇ ਮੁੱਲ ਤੂੰ ਜ਼ਮੀਰ ਵੇਚ ਕੇ
ਨੀ ਤੂੰ ਆਖਦੀ ਆਜ਼ਾਦੀ ਉਹ ਭੀਖ ਸੀ
ਵੇਚ ਕੇ ਜ਼ਮੀਰ ਜੀਤ ਲੋਕ ਕੀ ਨੇ ਭਾਲ਼ਦੇ
ਭਰਮ ਭੁਲੇਖੇ ਹੀ ਨੇ ਦਿਲਾਂ ਵਿੱਚ ਪਾਲਦੇ
ਭੁੱਲ ਗਿਆ ਔਕਾਤ ਜੋ ਪੈਰ ਛੱਡ ਆਪਣੀ
ਬੰਦੇ ਦੀ ਨਸਲ ਨਾ ਆਉਣ ਓਸ ਨਾਲ਼ ਦੇ
ਇੱਜਤਾਂ ਦੇ ਮੁੱਲ ਨਾ ਉਇ ਪੈਸਿਆਂ ਚ ਪੈਂਦੇ
ਜਾਗਦੇ ਜ਼ਮੀਰ ਦੀ ਤਾਂ ਫਾਂਸੀ ਦੀ ਤਾਰੀਖ ਸੀ
ਸਿੱਕਿਆਂ ਦੇ ਮੁੱਲ ਤੂੰ ਜ਼ਮੀਰ ਵੇਚ ਕੇ
ਨੀ ਤੂੰ ਆਖਦੀ ਆਜ਼ਾਦੀ ਉਹ ਭੀਖ ਸੀ

**ਸਰਬਜੀਤ ਸਿੰਘ ਨਮੋਲ਼**
**ਪਿੰਡ ਨਮੋਲ਼ ਜ਼ਿਲ੍ਹਾ ਸੰਗਰੂਰ**
9877358044

## ਗੀਤ : ਕੀ ਫਿਕਰ ਸਰਕਾਰਾਂ ਨੂੰ

ਅੱਗ ਲੱਗਣੇ ਸੈਲੰਡਰ ਮਹਿੰਗੇ , ਮਾਰਨ ਫੂਕ ਹਜਾਰਾਂ ਨੂੰ
ਰੁੱਖ ਰਹੇ ਨਾ, ਮਿਲੇ ਨਾ ਬਾਲਣ, ਕੀ ਫਕਿਰ ਸਰਕਾਰਾਂ ਨੂੰ
ਅੱਗ ਲੱਗਣੇ ਸੈਲੰਡਰ ਮਹਿੰਗੇ----- -- ---------
ਮੱਝਾਂ ਲੈ ਗਏ ਯੂ ਪੀ ਦੇ ਭਾਈ, ਪਾਥੀਆਂ ਦਾ ਮੁੱਲ ਕੋਈ ਨਾ
ਵੱਟ ਤੀਵੀਂ ਦੇ ਮੱਥੇ ਤੇ ਰਹਿੰਦੇ, ਚੁੱਲਿਆਂ ਲਈ ਗੁੱਲ ਕੋਈ ਨਾ
ਸੈਲੰਡਰ ਨਿੱਤ ਦੇ ਕਲੇਸ ਹੋ ਗਏ, ਘੂਰਾਂ ਪੈਣ ਮੁਟਿਆਰਾਂ ਨੂੰ
ਅੱਗ ਲੱਗਣ ਸੈਲੰਡਰ ਮਹਿੰਗੇ-' ---- --------------
ਛੱਡ ਚੁੱਲੇ , ਪੇਕੇ ਤੁਰੀਆਂ ਰਕਾਨਾਂ , ਨਿਆਣੇ ਭੁੱਖੇ ਮਰਦੇ
ਸਬਸਿਟੀ ਦਾ ਨਾਂਅ ਭੁੱਲ ਗਏ, ਭਗਤ ਅੰਨੇ ਤਰੀਫਾਂ ਕਰਦੇ
ਹੱਥ ਪੈ ਗਏ ਆਪ ਫੂਕਣੇ, ਅੱਕ ਘਰਾਂ ਦੇ ਲਾਣੇ ਦਾਰਾਂ ਨੂੰ
ਅੱਗ ਲੱਗਣੇ ਸੈਲੰਡਰ ਮਹਿੰਗੇ-------------
ਬਿਨ ਕੁੰਡੀ ਨਾ ਹੀਟਰ ਲੱਗਣ, ਫਿਰ ਬਿਜਲੀ ਦਾ ਬਿੱਲ ਮਾਰੇ
ਕਿੱਦਾਂ ਭਰੀਏ ਢਿੱਡ ਆਪਣੇ ਨੀ,ਦੱਸ ਅੰਨੀ-ਬੋਲੀਏ ਸਰਕਾਰੇ
ਸਭ ਖਜਾਨੇ ਤੈਂ ਖੋਲ ਲੁਟਾਏ, ਮੇਰੇ ਵਤਨ ਦਿਆਂ ਗਦਾਰਾਂ ਨੂੰ
ਅੱਗ ਲੱਗਣੇ ਸੈਲੰਡਰ ਮਹਿੰਗੇ- ----- ------' ---
ਚੁੱਪ ਅੰਦਰ ਬੈਠਿਆਂ ਮਰ ਜਾਵਾਂਗੇ,ਆਓ ਦਿੱਲੀ ਲਾਈਏ ਧਰਨੇ
ਭੁੱਖ ਨਾਲੋਂ ਤਾਂ ਲੜਦੇ ਮਰਜੋ, ਚਲੋ, ਚੁੱਪ ਤੋੜੋ,ਬਣੋ ਨਾ ਡਰਨੇ
"ਰੇਤਗੜ੍ਹ ਬਾਲੀ" ਲਾਹੋ ਗੱਦੀਓ, ਠੱਗਾਂ, ਚੋਰਾਂ,ਚੌਕੀਦਾਰਾਂ ਨੂੰ
ਅੱਗ ਲੱਗਣੇ ਸੈਲੰਡਰ ਮਹਿੰਗੇ----------

**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ "**
+919465129168
+917087629168

## ਕਲਮ..

ਕਲਮ ਕੀ ਚੀਜ਼ ਏ ਸਾਈਆਂ,
ਅੱਜ ਤੱਕ ਸਮਝ ਨਾਂ ਆਈ..
ਦਿਖਣ ਨੂੰ ਨਾਜ਼ੁਕ ਕਿੰਨੀ ਏ,
ਪਰ ਬੜੀ ਸ਼ਾਤਰ ਤੂੰ ਬਣਾਈ ..

ਖ਼ੂਨ-ਏ ਜਿਗਰ ਦੇ ਅਪਣਾ,
ਸਾਡੇ ਇਹ ਦਰਦ ਲਿਖਦੀ ਏ...
ਕਿਤੇ ਏ ਬਣ ਪੀੜ ਮੁਹੱਬਤਾਂ ਦੀ,
ਹੰਝੂਆਂ ਦੇ ਨਾਲ ਵਹਿ ਤੁਰਦੀ ਏ...

ਕਦੇ ਬਣ ਵਸਲ ਦੀ ਰਾਗਨੀ,
ਰਾਗ ਮਲ੍ਹਾਰ ਗਾ ਤੁਰਦੀ ਏ...
ਕਦੇ ਜਦ ਵੈਰਾਗੀ ਹੋ ਜਾਵੇ,
ਤਾਂ ਵੈਣ ਪਾਵੇ ਪਿੱਟ ਛਾਤੀ ਤੁਰਦੀ ਏ..

ਕਦੇ ਸਿਫਤਾਂ ਦੇ ਬੰਨਦੀ ਪੁੱਲ,
ਕਦੇ ਬੁਰਾਈਆਂ ਦੀਆਂ ਪਰਤਾਂ ਖੋਲਦੀ ਏ..
ਜਦੋ ਇਹ ਬੋਲਣ ਤੇ ਆਵੇਂ ਤਾਂ,
ਕਿੰਨਾ ਸੱਚ ਇਹ ਬੋਲਦੀ ਏ...

ਲਿਆਉਦੀ ਇਨਕਲਾਬ ਇਹ ਦੁਨੀਆ ਤੇ,
ਜਦੋ ਜੁਝਾਰੂ ਹੱਥਾਂ ਵਿੱਚ ਆਉਂਦੀ ਏ ..
ਫੇਰ ਇਹ ਨਰਮ ਨਾਜ਼ੁਕ ਨਾਂ ਰਹਿੰਦੀ,
ਖ਼ੁੱਦ ਨੂੰ ਤਲਵਾਰ ਕਹਾਉਂਦੀ ਏ...

ਕਰ ਏ ਸਤਿਆ ਨਾਸ ਦਿੰਦੀ ਏ,
ਜਦੋ ਹੋ ਗੁਲਾਮ ਇਹ ਲਿਖਦੀ ਏ,
ਫ਼ਿਰ ਰੋਲ ਦਿੰਦੀ ਦੁਨੀਆ ਨੂੰ,
ਜਦ ਚੰਦ ਠੀਕਰਾ ਪਿੱਛੇ ਇਹ ਵਿਕਦੀ ਏ..

ਕਲਮਾਂ ਵਾਲਿਓ ਯੋਧਿਓ ਸੁਣੋ,
ਅੱਜ ਹੱਥ ਜੋੜ ਕਰਾਂ ਅਰਜੋਈ,
ਲਿਖੋ ਇਸ਼ਕ ਕੋਈ ਇਲਾਹੀ "ਪ੍ਰੀਤ " ,
ਰੂਹਾਂ ਨੂੰ ਸਕੂਨ ਸੱਚੇ ਦਰ ਦੀ ਢੋਈ...

ਲਿਖੋ ਕੋਈ ਗੀਤ ਸੱਭਿਆਚਾਰਾਂ ਲਈ,
ਕਰੋ ਕੁਝ ਟੁੱਟਦੇ ਜਾਂਦੇ ਪਰਿਵਾਰਾਂ ਲਈ...
ਜਿਸਮਾਂ ਦੀ ਮਿਣਤੀ ਗਿਣਤੀ ਛੱਡ ਕੇ,
ਲਿਖੋ ਕੁਝ ਬਹਾਦੁਰ ਸ਼ੇਰ ਨਾਰਾ ਲਈ....

ਛੱਡੋ ਲਿਖਣਾ ਬੰਦੂਕਾਂ ਅਸਲੇ ਲੈ ਕੇ ,
ਧੀਆਂ,ਭੈਣਾਂ, ਔਰਤਾਂ ਉੱਤੇ ਲਿਖਣਾ...
ਲਿਖੋ ਸੂਰਮੇ ਯੋਧਿਆਂ ਦੀਆਂ ਵਾਰਾਂ,
ਨਹੀਂ ਤਾਂ ਆਉਂਦੇ ਸਮੇ ਚ ਕੋਈ ਮਰਦ ਨਹੀਂ ਦਿਖਣਾ...

**ਡਾ. ਲਵਪ੍ਰੀਤ ਕੌਰ "ਜਵੰਦਾ"**
9814203357

## ਗ਼ਜ਼ਲ

ਲੋਕ ਬਦਨਾਮ ਕਰਨ ਲਈ ਬੜੇ ਨੇ
ਪਰ ਆਪਾਂ ਇੱਕ ਰੱਬ ਦੇ ਪੱਲੇ ਫੜੇ ਨੇ
ਦੂੱਕੀ ਤਿੱਕੀ ਗੱਲਾਂ ਕਰਦੀ ਮੋੜਾਂ 'ਤੇ
ਮੂੰਹ ਦੇ ਮਿੱਠੇ ਬੁੱਕਲ ਖੰਜਰ ਫੜੇ ਨੇ
ਰੋਕਾਂ ਟੋਕਾਂ ਕਰਦੇ ਦੱਲੇ ਰਾਹਾਂ 'ਚ
ਘੜੀਸ ਕੇ ਲੈ ਜਾਣੇ ਦਰਿਆ ਵਗੇ ਨੇ
ਪਿੱਠ 'ਤੇ ਜਿਹੜੇ ਕੁੱਤਿਆਂ ਵਾਂਗੂੰ ਭੌਂਕਦੇ
ਵਿੱਚ ਪਿਛਵਾੜੇ ਪੂਛਾਂ ਦੇ ਕੇ ਡਰੇ ਨੇ
ਜੋ ਸਕੀਮਾਂ ਲਾਉਂਦੇ ਥੱਲੇ ਸੁੱਟਣ ਦੀਆਂ
ਸਾਹਮਣੇ ਕਿੱਥੇ ਵੜਦੇ ਮੈਦਾਨ ਰੜੇ ਨੇ
'ਕਲੇਰ' ਇੱਕ ਰੱਬ ਦੀ ਮਿਹਰ ਚਾਹੀਦੀ
ਦੰਦ ਖੱਟੇ ਕਰ ਦੇਣੇ ਜੋ ਗਿੱਦੜ ਖੜੇ ਨੇ।

**ਹੰਸ ਕਲੇਰ 'ਦੁਗਾਲ'**
98789-46038

## ਖਾਨਦਾਨੀ ਬੋਲਦੀ

ਧੀ ਜੋ ਘਰਾਣੇ ਦੀ, ਉਹ ਘੱਟ ਬੋਲਦੀ
ਬੋਲੇ ਵੀ ਉਹ ਜਦੋਂ, ਉਹੋ ਸੱਚ ਬੋਲਦੀ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।

ਜਿੰਨਾ ਨੰਗ ਬੰਦਾ, ਓਨੇ ਨਖਰੇ ਵਿਖਾਵੇ
ਕੋਈ ਹੁੰਦੇ ਸੁੰਦਿਆਂ ਵੀ, ਮੂ ਮੂ ਕਰੀ ਜਾਵੇ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।

ਵੋਟਾਂ ਤੋਂ ਤਾਂ ਪਹਿਲਾਂ ਨੇਤਾ, ਪੈਰੀ ਹੱਥ ਤੱਕ ਲਾਉਂਦੇ
ਵੋਟਾਂ ਪਿੱਛੋਂ ਕਦੇ ਨਾਂ ਉਹ, ਮੂੰਹ ਵੀ ਦਿਖਾਉਂਦੇ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।

ਜੀਹਦੀ ਗੱਲ ਕਰਦੇ ਦੀ, ਅੱਖ ਘੁੰਮੀ ਜਾਵੇ
ਨਾਂ ਉਹ ਬੰਦਾ ਕਦੇ ਤੋੜ, ਦੋਸਤੀ ਨਿਭਾਵੇ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।

ਹਰ ਗੱਲ ਉੱਤੇ ਸਭ ਦਾ ਨਜ਼ਰੀਆ ਵੱਖ ਹੁੰਦਾ ਏ
ਪ੍ਰੀਤ ਹੋਵੇ ਜਿੱਥੇ ਗਲਤ ਜੀਭਾ ਨਹੀਓਂ ਬੋਲਦੀ
ਜਿੱਥੇ ਹੋਵੇ ਅਰਸ਼ ਠੀਕ ਚੁੱਪ ਨਹੀਂਓਂ ਠਹਿਰਦੀ
ਇਸ ਗੱਲ ਦੀ ਮੈਂ ਇਕ ਹੀ ਨਿਸ਼ਾਨੀ ਖੋਲਦੀ
ਇਸ ਸਭ ਪਿੱਛੇ ਬੰਦੇ ਦੀ ਖਾਨਦਾਨੀ ਬੋਲਦੀ।

**ਅਰਸ਼ਪ੍ਰੀਤ ਕੌਰ ਸਰੋਆ**
99151 41645

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# Newspaper Classifieds

MATRIMONIAL
PROPERTY
RECRUITMENT
NAME OF CHANGE
BUSINESS

It's time to
Grow your Business
Advertise with us...

## 24 ਘੰਟੇ ਆਨਲਾਈਨ ਪੜ੍ਹੋ

## www.preetnama.com

ਲੇਖ, ਰਚਨਾਵਾਂ, ਕਾਵਿ ਕਿਆਰੀ, ਅਤੇ ਹੋਰ ਚਲੰਤ ਮਸਲੇ

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

preetnamausa@gmail.com

Contact : +1 201-312-4180